INTERNATIONAL MAGAZINE
Postal Regd. No. CHD/0081/2024-26
RNI No. 61816/95
Date of Publishing : 13/10/2025
Page No. from 1 to 68
Date of posting
Last Date of Every Month
Posted by MBU
30/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਨਵੰਬਰ
(November)
2025

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣ ਹੋਆ।





ਮਹਾਨ ਗੁਰਮਤਿ ਰੂਹਾਨੀ ਸਮਾਗਮ
ਰਤਵਾੜਾ ਸਾਹਿਬ
ਨਿਊ ਚੰਡੀਗੜ੍ਹ
30-31 ਅਕਤੂਬਰ 1-2 ਨਵੰਬਰ
ਪ੍ਰਾਰਥਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨਾ ਦੀਆ॥

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

# ਪ੍ਰੋਗਰਾਮ

## 30-31 ਅਕਤੂਬਰ, 1-2 ਨਵੰਬਰ 2025

| | |
|---|---|
| ਨਾਮ ਸਿਮਰਨ | ਅੰਮ੍ਰਿਤ ਵੇਲੇ 3.00 ਤੋਂ 3.45 |
| ਨਿੱਤਨੇਮ, ਆਸਾ ਕੀ ਵਾਰ | 3.45 ਤੋਂ 4.30, 4.30 ਤੋਂ 6.00 |
| ਗੁਰਸ਼ਬਦ ਵਿਚਾਰ– | |
| ਬਾਬਾ ਲਖਬੀਰ ਸਿੰਘ ਜੀ | 6.00 ਤੋਂ 7.00 |
| ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸਵੇਰੇ 9.00 ਤੋਂ ਸ਼ਾਮ 3.30 |
| ਰਹਿਰਾਸ, ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ | ਸ਼ਾਮ 5.45 ਤੋਂ 10.00 |

ਨੋਟ:– 1) 1 ਨਵੰਬਰ ਨੂੰ ਰਾਤ ਦੇ ਸਮਾਗਮ 11.30 ਵਜੇ ਤੱਕ ਚੱਲਣਗੇ।
2) 2 ਨਵੰਬਰ ਨੂੰ ਸਮਾਗਮ ਦੀ ਸਮੁੱਚੀ ਸੰਪੂਰਨਤਾ ਸ਼ਾਮ 3.30 ਵਜੇ ਹੋਵੇਗੀ।

## ਚਾਰ ਰੋਜ਼ਾ ਸਮਾਗਮ ਦੇ ਮੁੱਖ ਵਿਸ਼ੇ

**30 ਅਕਤੂਬਰ**– ਸਮੂਹ ਸ਼ਹੀਦਾਂ ਦੀ ਯਾਦ

**31 ਅਕਤੂਬਰ**– ਸੰਪਰਦਾ ਦੇ ਸਮੂਹ ਮਹਾਂਪੁਰਸ਼ਾਂ ਅਤੇ ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ

**1 ਨਵੰਬਰ**– ਸਿੱਖ ਧਰਮ ਵਿੱਚ ਬੀਬੀਆਂ ਦੀਆਂ ਕੁਰਬਾਨੀਆਂ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ

**2 ਨਵੰਬਰ**– ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ
ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ

## ਸਮਾਗਮ ਦੌਰਾਨ ਵਿਚਾਰੇ ਜਾਣ ਵਾਲੇ ਹੋਰ ਸਿਧਾਂਤਕ ਵਿਸ਼ੇ

1. ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥
2. ਕਾਹੇ ਰੇ ਬਨ ਖੋਜਨ ਜਾਈ॥.
3. ਮਨ ਰੇ ਕਉਨੁ ਕੁਮਤਿ ਤੈ ਲੀਨੀ॥
4. ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
5. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਪ੍ਰਭਾਵ।
6. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਭਾਵ ਜਾਂ ਵਿਚਾਰਧਾਰਕ ਪ੍ਰਸੰਗ।
7. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦਰਸਾਏ ਗਏ ਪਹਿਲੂ।
8. ਭਰੂਣ ਹੱਤਿਆ ਵਰਗੇ ਘਿਨੌਣੇ ਪਾਪ ਬਾਰੇ ਵਿਚਾਰ।
9. ਨਸ਼ਿਆਂ ਵੱਲ ਰੁਝਾਨ ਕਿਉਂ ਤੇ ਛੁਟਕਾਰਾ ਕਿਵੇਂ?
10. ਵਾਤਾਵਰਣ ਦੀ ਸ਼ੁੱਧਤਾ ਲਈ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥"
11. ਅਜੋਕੇ ਸਮੇਂ ਅੰਦਰ ਬੱਚਿਆਂ ਨੂੰ ਗੁਰਮੁਖੀ, ਗੁਰ-ਇਤਿਹਾਸ, ਗੁਰਬਾਣੀ ਸੰਥਿਆ ਅਤੇ ਕੀਰਤਨ ਦੇ ਮਹਾਨ ਵਿਰਸੇ ਨਾਲ ਜੋੜਨਾ।
12. ਗੁਰਮਤਿ ਵਿੱਚ ਮੀਰੀ-ਪੀਰੀ ਸਿਧਾਂਤ।
13. ਅੰਮ੍ਰਿਤ ਛਕਣ ਤੋਂ ਲੈ ਕੇ ਖਾਲਸਾ ਪਦ ਤੱਕ ਪਹੁੰਚਣ ਦਾ ਆਤਮ ਮਾਰਗ।
14. ਬਲੀਦਾਨ ਅਤੇ ਸ਼ਹਾਦਤ।
15. ਜੀਵਨ ਮੁਕਤ ਪੁਰਸ਼ ਦੇ ਲੱਛਣ।
16. ਪੰਜ ਤਰ੍ਹਾਂ ਦੀ ਸਿੱਖੀ।
17. ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ।

## ਮੈਡੀਕਲ ਕੈਂਪ ਹਰ ਰੋਜ਼

**ਅੱਖਾਂ ਦੇ ਫਰੀ ਅਪ੍ਰੇਸ਼ਨ ਕੈਂਪ – 27, 28, 29 ਅਕਤੂਬਰ**

ਅਪ੍ਰੇਸ਼ਨ ਕਰਵਾਉਣ ਵਾਲੇ ਅਧਾਰ ਕਾਰਡ ਜਰੂਰ ਨਾਲ ਲੈ ਕੇ ਆਉਣ।

ਸੰਪਰਕ : 94172-14382, 95015-14382

**ਅੰਮ੍ਰਿਤ ਸੰਚਾਰ: 1 ਨਵੰਬਰ ਸਵੇਰੇ 11.00 ਵਜੇ**

**ਦਸਤਾਰ ਸਿਖਲਾਈ ਹਰ ਰੋਜ਼ ਅਤੇ ਮੁਕਾਬਲੇ : 1 ਨਵੰਬਰ ਨੂੰ**

**ਗੁਰੂ ਕੇ ਲੰਗਰ ਅਤੁੱਟ ਵਰਤਣਗੇ।**

ਰਤਵਾੜਾ ਸਾਹਿਬ

ਲਾਈਵ ਟੈਲੀਕਾਸਟ
YouTube:- https://www.youtube.com/ratwarasahib
Facebook:- https://www.facebook.com/IsherParkashRatwaraSahib
Instagram:- https://www.instagram.com/ratwarasahib
Spotify:- https://open.spotify.com/show/7FD8K1dLIdSyL8JJbH015W

# ਆਤਮ ਮਾਰਗ

ਸਾਲ-ਇਕੱਤੀਵਾਂ, ਮਹੀਨਾ-ਨਵੰਬਰ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

**Email :atammarg1@yahoo.co.in**



Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

**Please visit us on internet at :-**

**For Atam Marg Email : atammarg1@yahoo.co.in,**

**Website & Live video -**

www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ

ਫਰੀ ਸੇਵਾ - ਸੰਪਰਕ ਨੰਬਰ -

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 9

*ਡਾ. ਭਾਈ ਵੀਰ ਸਿੰਘ ਜੀ*

3. ਪਿਆਰੇ ਦੀ ਤਾਂਘ 10
ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 20
ਸ੍ਰੀ ਗੁਰੂ ਤੇਗ ਬਹਾਦਰ ਜੀ

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5 ਸਜਣ ਮੇਰੇ ਰੰਗੁਲੇ..........॥ 30

*ਸੰਤ ਬਾਬਾ ਲਖਬੀਰ ਸਿੰਘ ਜੀ*

6. ਚਉਥੈ ਪਹਰਿ ਸਬਾਹ ਕੈ....................॥ 42

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

7. ਸ੍ਰੀ ਗੁਰੂ ਨਾਨਕ ਦੇਵ ਜੀ 44

*ਸੰਤ ਬਾਬਾ ਹਰਪਾਲ ਸਿੰਘ ਜੀ*

8. ਗੁਰਬਾਣੀ ਅਰਥ ਭੰਡਾਰ 49

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਪ੍ਰਭਾਵ 51

*ਡਾ. ਸਰਬਜਿੰਦਰ ਸਿੰਘ (ਵਾਇਸ ਚਾਂਸਲਰ)*

10. ਜਨ ਪਰਉਪਕਾਰੀ ਆਏ - ਭਾਗ 4 58

*ਪ੍ਰੋ. ਗੁਰਦੇਵ ਸਿੰਘ*

11. ਗਾਥਾ ਨੌਵੇਂ ਗੁਰੂ ਦੀ, ਦ੍ਰਿੜ੍ਹਤਾ ਵਾਲੇ ਸਤਿਗੁਰੂ 61

*ਗਿਆਨੀ ਜਸਵੰਤ ਸਿੰਘ ਪ੍ਰਵਾਨਾ*

12. ਸਮਾਗਮ ਸਮੇਂ ਸਵਾਰੀਆਂ ਲਈ 63
ਜ਼ਿੰਮੇਵਾਰ ਪ੍ਰੇਮੀਆਂ ਦੇ ਨਾਮ ਅਤੇ ਸੰਪਰਕ ਨੰਬਰ

13. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 65
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

## ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
### ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
### ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥


*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*


ਪਿਆਰੇ ਪਾਠਕ ਜਨਾਂ ਨੂੰ ਗਿਆਤ ਹੈ ਕਿ ਪਿਛਲੇ ਅੰਕਾਂ ਵਿਚ ਸੁਰਤਿ ਸਬਦਿ ਦੇ ਮਾਰਗ ਦੀ ਵੀਚਾਰ ਚਲ ਰਹੀ ਹੈ। ਸੁਰਤਿ ਸਬਦਿ ਦੇ ਮਾਰਗ ਰਾਹੀਂ ਹੀ ਅਸਲੀ ਮੁਕਤੀ ਦਾ ਦਰਵਾਜ਼ਾ ਖੁਲ੍ਹਦਾ ਹੈ। ਕਈਂ ਮੱਤਾਂ ਦੇ ਧਾਰਮਿਕ ਸਿਧਾਂਤਾਂ ਅਨੁਸਾਰ ਮਰਨ ਤੋਂ ਬਾਅਦ ਮੁਕਤੀ ਮਿਲਣ ਦਾ ਪ੍ਰਗਟਾਵਾ ਹੈ ਪਰ ਗੁਰਮਤਿ ਵਿਚ ਮੁਕਤੀ ਜਿਉਂਦੇ ਜੀਅ ਹੀ ਪ੍ਰਾਪਤ ਹੁੰਦੀ ਹੈ। ਇਥੇ 'ਜੀਵਨ ਮੁਕਤਿ' ਦੇ ਸਿਧਾਂਤ ਦੀ ਪੂਰਤੀ ਹੈ। ਕਈਆਂ ਨੇ ਸਰੀਰ ਦੇ ਛੱਡਣ ਭਾਵ ਮੌਤ ਹੋ ਜਾਣ ਨੂੰ ਹੀ ਮੁਕਤੀ ਸਮਝ ਲਿਆ ਹੈ। ਪਰ ਗੁਰਮਤਿ ਇਸ ਦੀ ਹਾਮੀ ਨਹੀਂ ਭਰਦੀ। ਜੋ ਵੀ ਪ੍ਰਾਣੀ ਆਪਣੇ ਇਰਾਦੇ (ਸੰਕਲਪ, ਵਿਕਲਪ) ਤਿਆਗ ਕੇ ਦੈਵੀ ਹੁਕਮ ਦੀ ਸੋਝੀ ਵਿਚ ਜਿਉਂਦਾ ਹੈ ਉਹੀ ਪ੍ਰਾਣੀ ਜੀਵਨ-ਮੁਕਤ ਹੁੰਦਾ ਹੈ। ਉਸ ਅਵਸਥਾ ਵਿਚ ਜੀਵਨ ਬਸਰ ਕਰਨ ਵਾਲੇ ਦੀਆਂ ਨਿਸ਼ਾਨੀਆਂ ਦੂਜਿਆਂ ਨਾਲੋਂ ਅਲੱਗ ਹੁੰਦੀਆਂ ਹਨ। ਸਭ ਤੋਂ ਪਹਿਲਾਂ ਉਸ ਦੀ ਅੰਦਰੋਂ ਬਾਹਰੋਂ ਸ਼ੁੱਧਤਾ ਹੋ ਜਾਂਦੀ ਹੈ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਭਾਵ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਇਸ ਤੋਂ ਵਿਪਰੀਤ ਜੋ ਅੰਦਰੋਂ ਬਾਹਰੋਂ ਇਕ ਸੁਰ ਨਹੀਂ ਹੁੰਦੇ ਭਾਵ ਸ਼ੁੱਧਤਾ ਨਹੀਂ ਹੁੰਦੀ, ਉਨ੍ਹਾਂ ਬਾਰੇ ਫੁਰਮਾਨ ਹੈ -

*ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥*
*ਅੰਗ - ੪੮੮*

ਫਿਰ ਉਨ੍ਹਾਂ ਤੋਂ ਦੂਰੀ ਹੀ ਚੰਗੀ ਹੈ।

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ - ੧੧੦੨*

ਇਹੋ ਜਿਹੀ ਬਿਰਤੀ ਵਾਲਿਆਂ ਨਾਲੋਂ ਟੁੱਟੀ ਚੰਗੀ ਹੈ ਪਰ ਨਾਲ ਇਹ ਵੀ ਤਾਗੀਦ ਹੈ ਕਿ ਪੁੱਗ ਚੁੱਕਿਆਂ ਦੀ ਤਲਾਸ਼ ਕਰ ਅਤੇ ਸਮਰੱਥ ਗੁਰੂ ਦੇ ਲੜ ਲੱਗ।

ਸੋ ਸਭ ਤੋਂ ਪਹਿਲਾਂ ਉਹ ਸ਼ੁੱਧ ਆਤਮਾ ਦਾ ਧਾਰਨੀ ਹੁੰਦਾ ਹੈ। ਇਸ ਕਰਕੇ ਉਸ ਵਿਚੋਂ ਸਾਰੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਉਸ ਵਲੋਂ ਸਰੀਰ ਨੂੰ ਇਕ ਸਾਧਨ (Tool) ਦੇ ਤੌਰ 'ਤੇ ਹੀ ਵਰਤਿਆ ਜਾਂਦਾ ਹੈ। ਅੰਦਰੋਂ ਉਨ੍ਹਾਂ ਦੀ ਅਵਸਥਾ, ਉਨ੍ਹਾਂ ਦੀ ਅਸਥਿਤੀ ਆਤਮਾ ਪ੍ਰਮਾਤਮਾ ਨਾਲ ਅਭੇਦ ਹੁੰਦੀ ਹੈ-

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ - ੪੪੧*

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - ੬੬੧*

ਸੰਸਾਰ ਨਾਲ ਉਨ੍ਹਾਂ ਦੀ ਪਕੜ ਬਿਲਕੁਲ ਨਹੀਂ ਹੁੰਦੀ। ਸੰਸਾਰ ਵਿਚ ਰਹਿੰਦਿਆਂ ਸੰਸਾਰੀ ਨਹੀਂ ਬਣਦੇ। ਭਾਵ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ - ੯੩੮*

ਸੰਸਾਰ ਦੀ ਪਰਾਲਬਧ ਹਿਤ ਉਹ ਪ੍ਰਮੇਸ਼ਰ ਦੇ ਹੁਕਮ ਵਿਚ ਵਿਚਰਦੇ ਹਨ -

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥ ਅੰਗ - ੨੬੩*

ਉਹ ਆਪ ਕੁਝ ਨਹੀਂ ਕਰਦੇ, ਉਨ੍ਹਾਂ ਤੋਂ ਕਰਵਾਇਆ ਜਾਂਦਾ ਹੈ। ਉਹ ਅਲਿਪਤ ਹੋ ਕੇ ਵਿਚਰਦੇ ਹਨ। ਉਨ੍ਹਾਂ ਵਾਸਤੇ ਸੁਖ-ਦੁਖ, ਹਰਖ-ਸੋਗ, ਸੋਨਾ-ਮਿੱਟੀ, ਅੰਮ੍ਰਿਤ-ਜ਼ਹਿਰ, ਮਾਨ-ਅਪਮਾਨ, ਆਪਣੇ-ਪਰਾਏ ਸਭ ਇਕ ਹੋ ਜਾਂਦੇ ਹਨ। ਉਹ ਹਰ ਤਰਾਂ ਦੀਆਂ ਧਾਰਮਿਕ ਵਲਗਣਾਂ ਤੋਂ ਉਪਰ ਉੱਠ

ਸਾਰਿਆਂ ਵਿਚ ਰੱਬੀ ਜੋਤਿ ਦੇਖਦੇ ਹਨ -

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ - ੬੧੦*

ਨਾਮ ਬਾਣੀ ਦੀ ਕਮਾਈ ਦੇ ਸਦਕੇ ਐਸੀ ਅਵਸਥਾ ਦੇ ਉਹ ਧਾਰਨੀ ਬਣ ਜਾਂਦੇ ਹਨ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ ॥ ਅੰਗ - ੧੩੭੫*

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਐਸੇ ਸੰਤ ਜਨਾਂ ਦੇ ਲੱਛਣ ਇਸ ਪ੍ਰਕਾਰ ਦਸਦੇ ਹਨ-

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*
*ਅੰਗ - ੨੭੫*

ਐਸੀ ਅਵਸਥਾ ਦੇ ਧਾਰਨੀ ਹੋ, ਸਾਖੀ ਹੋ ਕੇ ਵਿਚਰਦੇ ਹਨ, ਕੇਵਲ ਦ੍ਰਿਸ਼ਟਾ ਭਾਵ ਨਾਲ। ਆਪ ਕੁਝ ਨਹੀਂ ਕਰਦੇ ਪਰ ਅਕਰਮ ਵੀ ਨਹੀਂ ਹੁੰਦੇ। ਆਪਣੇ ਆਪ ਨੂੰ ਕਰਤਾ ਭਾਵ ਤੋਂ ਮੁਕਤ ਕਰ ਲੈਂਦੇ ਹਨ। ਉਨ੍ਹਾਂ ਲਈ ਕਰਤਾ ਕੇਵਲ ਕਰਤਾਰ ਹੀ ਹੈ-

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਅੰਗ - ੪੬੯*

ਮੂਲਮੰਤ੍ਰ ਦਾ ਜਾਪ ਕਰਕੇ ਉਹ ਆਪ ਨਿਰਭਉ ਅਤੇ ਨਿਰਵੈਰ ਸ਼ਕਤੀਆਂ ਦੇ ਮਾਲਕ ਬਣ ਜਾਂਦੇ ਹਨ। ਆਤਮਿਕ ਉਚਤਾਈ ਦੇ ਬਾਵਜੂਦ ਵੀ ਉਹ ਆਪਣੇ ਆਪ ਨੂੰ ਕਠਪੁਤਲੀ ਹੀ ਸਮਝਦੇ ਹਨ ਕਿ ਕਰਨ ਕਰਾਉਣ ਵਾਲੀ ਅਦਿੱਖ ਸ਼ਕਤੀ ਹੋਰ ਹੈ -

*ਕਰਨ ਕਰਾਵਨ ਆਪੇ ਆਪਿ॥ ਅੰਗ - ੨੭੮*

*ਮਾਨੁਖ ਕੈ ਕਿਛੁ ਨਾਹੀ ਹਾਥਿ॥ ਅੰਗ - ੨੮੧*

ਚਾਰ ਪ੍ਰਕਾਰ ਦੇ ਸੰਸਾਰ ਮੰਨੇ ਗਏ ਹਨ। ਪਹਿਲਾ ਬਾਹਰ ਦਾ ਸੰਸਾਰ ਹੈ, ਦੂਜਾ ਵਿਚਾਰਾਂ ਦਾ ਸੰਸਾਰ, ਤੀਜਾ ਭਾਵਾਂ ਦਾ ਤੇ ਚੌਥਾ ਆਤਮਾ ਦਾ ਸੰਸਾਰ ਹੈ। ਜੀਵਨ ਮੁਕਤ, ਰੱਬ ਦੇ ਪਿਆਰੇ ਸੰਤ ਜਨ, ਪਹਿਲੇ ਤਿੰਨਾਂ ਸੰਸਾਰਾਂ ਨੂੰ ਹੰਢਾਉਂਦੇ ਹਨ ਪਰ ਉਹਨਾਂ ਵਿਚ ਸੰਸਾਰੀਆਂ ਵਾਂਗੂੰ ਹੰਢਦੇ ਨਹੀਂ ਹਨ। ਉਨ੍ਹਾਂ ਦੀ ਅਸਥਿਤੀ ਚੌਥੇ ਜਗਤ ਵਿਚ ਹੁੰਦੀ ਹੈ। ਇਹੋ ਹੀ ਸਾਖੀ ਭਾਵ ਹੋਣ ਦੀ ਜੁਗਤਿ ਹੈ।

ਸਭ ਕੁਝ ਪਰਮ ਸ਼ਕਤੀ ਦੇ ਹੁਕਮ ਵਿਚ ਹੋਣ ਕਰਕੇ ਆਪ ਵੀ ਉਸੇ ਹੁਕਮ ਵਿਚ ਢਲ ਜਾਂਦੇ ਹਨ।

*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥*
*ਅੰਗ - ੧*

ਐਸੇ ਲੱਛਣ ਗੁਰਬਾਨੀ ਵਿਚ ਜੀਵਨ ਮੁਕਤ ਸਤਿਪੁਰਸ਼ ਦੇ ਦਰਸਾਏ ਹਨ। ਜਦੋਂ ਇਸ ਪਵਿੱਤਰ ਬਾਨੀ ਦੀ ਰੋਸ਼ਨੀ ਵਿਚ ਪਿਆਰੇ ਮਹਾਂਪੁਰਸ਼ਾਂ ਦੇ ਜੀਵਨ ਵਲ ਝਾਤੀ ਮਾਰੀਏ ਤਾਂ ਪ੍ਰਤੱਖ ਪ੍ਰਤੀਤ ਹੁੰਦਾ ਹੈ ਕਿ ਉਹ ਪੁੱਗੀ ਹੋਈ ਰੂਹ, ਚੰਦ ਮੁਬਾਰਕ ਈਦ ਤਕ ਦੀ ਅਵਸਥਾ ਧਾਰਨ ਕਰ ਚੁੱਕੇ ਸਨ। ਭਾਵ-

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ। ਭਾਈ ਗੁਰਦਾਸ ਜੀ,*

ਆਪਣੇ ਪਿਆਰੇ ਦੇ ਪਿਆਰ ਵਿਚ ਦਿਨ ਰਾਤ ਗੁਰਮਤਿ ਪ੍ਰਚਾਰ ਤੇ ਮਾਨਵਤਾ ਦੇ ਪਰਉਪਕਾਰ ਲਈ ਤੱਤਪਰ ਰਹੇ। ਉਨ੍ਹਾਂ ਦੇ ਜੀਵਨ ਨੂੰ ਨੇੜੇ ਹੋ ਕੇ ਤਕਦਿਆਂ ਪਤਾ ਲਗਦਾ ਹੈ ਕਿ ਉਹ ਡਾ. ਭਾਈ ਵੀਰ ਸਿੰਘ ਵਲੋਂ ਕੀਤੇ ਫੁਰਮਾਨ ਅਨੁਸਾਰ ਕਿ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਵਾਂਗ ਹੀ ਵਿਚਰਦੇ ਰਹੇ। ਆਪ ਜੀ ਰਾੜਾ ਸਾਹਿਬ ਦੀ ਇਸ ਸੰਪਰਦਾ, ਜਿਸ ਨੂੰ ਹੋਤੀ ਮਰਦਾਨ ਵਾਲੀ ਸੰਪਰਦਾ ਕਿਹਾ ਜਾਂਦਾ ਹੈ, ਦੇ ਮਹਾਨ ਹੀਰੇ ਹਨ। ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਆਪ ਜੀ ਤੇ ਅਨੇਕਾਂ ਬਖਸ਼ਿਸ਼ਾਂ ਕੀਤੀਆਂ। ਬਖਸ਼ਿਸ਼ ਸਾਰੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸੀ ਪਰ ਨਾਮ

ਬਾਣੀ ਦੀਆਂ, ਜੀਵਨ ਜੁਗਤਾਂ ਦੀ ਬਖਸ਼ਿਸ਼, ਉਨ੍ਹਾਂ ਰਾਹੀਂ ਸੱਚੇ ਪਾਤਸ਼ਾਹ ਨੇ ਕੀਤੀ। ਉਹ ਅਕਸਰ ਬਚਨ ਕਰਦੇ ਕਿ ਅਸੀਂ ਆਪ ਕੁਝ ਨਹੀਂ ਕਰ ਰਹੇ, ਸਭ ਕੁਝ ਉਸ ਪ੍ਰਮੇਸ਼ਰ ਦੇ ਹੁਕਮ ਵਿਚ ਹੋ ਰਿਹਾ ਹੈ। ਉਹ ਆਪਣੇ ਆਪ ਨੂੰ ਕੇਵਲ ਸਾਧਨ ਜਾਂ ਵਸੀਲਾ ਹੀ ਸਮਝਦੇ ਸਨ। ਅਨੇਕਾਂ ਕਾਰਜ ਵਾਹਿਗੁਰੂ ਨੇ ਉਨ੍ਹਾਂ ਤੋਂ ਕਰਵਾਏ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵਰਦਾਨ ਸਿੱਧ ਹੋ ਰਹੇ ਹਨ। ਉਨ੍ਹਾਂ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਦੇ ਵਿਸਥਾਰ ਵਿਚ ਨਾ ਜਾਂਦੇ ਹੋਏ ਪੰਛੀ ਝਾਤ ਪਾਉਣੀ ਜ਼ਰੂਰੀ ਸਮਝਦੇ ਹਾਂ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪ ਨਾਮ ਜਪਿਆ। 22-22 ਘੰਟੇ ਬਚਪਨ ਤੋਂ ਹੀ ਸਮਾਧੀ ਸਥਿਤ ਹੋ ਕੇ ਅਭੇਦ ਅਵਸਥਾ ਪ੍ਰਾਪਤੀ ਕੀਤੀ। ਤਾਂ ਹੀ ਪਹਿਲੀ ਮਿਲਣੀ 'ਤੇ ਹੀ ਬ੍ਰਹਮ ਗਿਆਨੀ ਮਹਾਂਪੁਰਸ਼ ਰਾੜਾ ਸਾਹਿਬ ਵਾਲਿਆਂ ਨੇ ਬਚਨ ਕੀਤਾ ਕਿ **ਅੱਜ ਸੋਹਾਗਣ ਨੂੰ ਸੋਹਾਗਣ ਮਿਲੀ ਹੈ।** ਬਹੁਤ ਵੱਡਾ ਤੇ ਅਗੰਮੀ ਬਚਨ ਹੈ। ਜ਼ਿੰਦਗੀ ਦਾ ਸਾਰਾ ਸਾਰ ਇਸ ਬਚਨ ਵਿਚ ਸੁਭਾਇਮਾਨ ਹੈ। ਭਾਵ -

*ਜਿਨ੍ਾ ਨਾਉ ਸੁਹਾਗਣੀ ਤਿਨ੍ਾ ਝਾਕ ਨ ਹੋਰ ॥*

*ਅੰਗ - ੧੩੮੪*

ਸਾਰੀ ਜ਼ਿੰਦਗੀ ਇਕ ਵਾਹਿਗੁਰੁ ਤੇ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 'ਤੇ ਭਰੋਸਾ ਰੱਖਿਆ। ਆਪ ਨਾਮ-ਬਾਣੀ ਨਾਲ ਜੁੜੇ ਤੇ ਲੱਖਾਂ ਟੁੱਟਿਆਂ ਹੋਇਆਂ ਨੂੰ ਜੋੜਿਆ।

*ਆਪਿ ਜਪਹੁ ਅਵਰਹ ਨਾਮੁ ਜਪਾਵਹੁ॥ ਅੰਗ - ੨੯੦*

ਦੇ ਸਿਧਾਂਤ 'ਤੇ ਤਮਾਮ ਜੀਵਨ ਪਹਿਰਾ ਦਿਤਾ। ਆਪ ਜੀ ਨੂੰ ਕੀਰਤਨ ਕਰਨ ਦੀ ਬਚਪਨ ਤੋਂ ਹੀ ਲਗਨ ਸੀ। ਅਕਸਰ ਕਹਿਣਾ ਕਿ ਅਸੀਂ ਆਖਰੀ ਦਮ ਤਕ ਸੰਗਤਾਂ ਦੀ ਸੇਵਾ ਤੇ ਕੀਰਤਨ ਕਰਦੇ ਰਹਿਣਾ ਹੈ, ਇਸੇ ਤਰ੍ਹਾਂ ਹੋਇਆ। ਉਨ੍ਹਾਂ ਰਾਹੀਂ ਵਾਹਿਗੁਰੂ ਵਲੋਂ ਕਰਵਾਏ ਪਰਉਪਕਾਰੀ ਕਾਰਜਾਂ ਦੀ ਲੜੀ ਬਹੁਤ ਲੰਮੀ ਹੈ। ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ, ਧਾਰਮਿਕ ਦੀਵਾਨਾਂ ਰਾਹੀਂ ਦੇਸ਼-ਵਿਦੇਸ਼ ਵਿਚ ਗੁਰਮਤਿ ਦਾ ਪ੍ਰਚਾਰ ਤੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨਾ। ਤਕਨੀਕ ਦੇ ਆਉਣ ਵਾਲੇ ਸਮੇਂ ਵਿਚ ਪ੍ਰਭਾਵ ਨੂੰ ਪਹਿਲਾਂ ਦੀ ਦੇਖਦਿਆਂ ਕੀਰਤਨ/ਦੀਵਾਨਾਂ ਦੀਆਂ ਆਡੀਓ ਤੇ ਵੀਡੀਓ ਕੈਸਟਾਂ ਤਿਆਰ ਕਰਵਾਈਆਂ। (ਜੋ ਕਿ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਰਾੜਾ ਸਾਹਿਬ ਵਾਲਿਆਂ ਭਵਿੱਖਤ ਦੇ ਬਚਨ ਸੀ।)

ਅੱਜ ਦੇ ਇੰਟਰਨੈੱਟ ਦੇ ਯੁੱਗ ਵਿਚ ਇਹ ਕੀਰਤਨ ਦੀਵਾਨ, ਫੇਸ ਬੁੱਕ, ਯੂ-ਟਿਊਬ, ਇੰਸਟਾਗ੍ਰਾਮ ਆਦਿ 'ਤੇ ਦੇਖੇ ਅਤੇ ਸੁਣੇ ਜਾ ਸਕਦੇ ਹਨ। ਉਸ ਤੋਂ ਬਾਅਦ ਸੰਨ 1986 ਈ. ਵਿਚ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਸਥਾਪਨਾ ਹੋਈ। ਭਾਵ ਇਕ ਗੁਰਮਤਿ ਦੇ ਪ੍ਰਚਾਰ ਤੇ ਪਸਾਰ ਦਾ ਕੇਂਦਰ ਸਥਾਪਿਤ ਹੋਇਆ। ਇਸ ਕੇਂਦਰ ਰਾਹੀਂ ਦੇਸਾਂ-ਵਿਦੇਸ਼ਾਂ ਵਿਚ ਗੁਰਮਤਿ ਦੇ ਪ੍ਰਚਾਰ ਦੀ ਖੁਸ਼ਬੂ ਫੈਲੀ।

ਸੰਨ 1995 ਈ. ਵਿਚ 'ਆਤਮ ਮਾਰਗ' ਮੈਗਜ਼ੀਨ ਅਤੇ 100 ਦੇ ਕਰੀਬ ਸਿੱਖ ਇਤਿਹਾਸ ਅਤੇ ਨਾਮ ਬਾਣੀ ਦੀ ਜੁਗਤਾਂ ਨਾਲ ਭਰਪੂਰ ਪੁਸਤਕਾਂ ਹੋਂਦ ਵਿਚ ਆਈਆਂ। ਫਿਰ ਸਕੂਲ/ਕਾਲਜ ਹਸਪਤਾਲ ਤੇ ਕੁਦਰਤੀ ਆਫ਼ਤਾਂ ਵੇਲੇ ਲੋੜਵੰਦਾਂ ਦੀ ਸਹਾਇਤਾ ਇਤਿਆਦਿਕ ਕਾਰਜ ਆਪ ਜੀ ਰਾਹੀਂ ਹੋਏ। ਇਸ ਤੋਂ ਇਲਾਵਾ ਵੱਡੇ ਸਮਾਗਮ ਹੋਏ, ਜੋ ਕੇ ਬੁਲਾਰਿਆਂ ਲਈ ਗੁਰਮਤਿ ਦੇ ਗੂੜ੍ਹ ਵਿਸ਼ਿਆਂ ਤੇ ਅਧਾਰਿਤ ਹੁੰਦੇ।

ਟਰੱਸਟ ਰਤਵਾੜਾ ਸਾਹਿਬ, ਉਨ੍ਹਾਂ ਵਲੋਂ ਆਰੰਭੇ ਕਾਰਜਾਂ ਨੂੰ ਸਤਿਕਾਰਯੋਗ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਰਹਿਨੁਮਾਈ ਹੇਠ, ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਅੱਗੇ ਵਧਾ ਰਿਹਾ ਹੈ। ਭਾਵ -

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥*

*ਅੰਗ - ੯੫੧*

ਇਸ ਵਕਤ ਉਪਰੋਕਤ ਕਾਰਜਾਂ ਤੋਂ ਇਲਾਵਾ ਫਰੀ ਹਸਪਤਾਲ, ਫਰੀ ਬਿਰਧ ਆਸ਼ਰਮ, ਸਕੂਲ/ਕਾਲਜ ਫਰੀ ਸਿਲਾਈ ਸੈਂਟਰ, ਗੁਰ ਸ਼ਬਦ ਲੰਗਰ ਦੇ ਤੌਰ 'ਤੇ ਆਤਮ ਮਾਰਗ ਮੈਗਜ਼ੀਨ ਅਤੇ ਹੋਰ ਅਨੇਕਾਂ ਕਾਰਜ ਟਰੱਸਟ ਵਲੋਂ ਲੋਕ ਭਲਾਈ ਲਈ ਜਾਰੀ ਹਨ। ਗੁਰੂ ਕ੍ਰਿਪਾ ਕਰੇ ਇਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਕਾਰਜ ਹੁੰਦੇ ਰਹਿਣ ਅਤੇ ਸੰਗਤਾਂ ਲਾਹੇ ਪ੍ਰਾਪਤ ਕਰਦੀਆਂ ਰਹਿਣ।

ਆਉ! ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪਿਆਰੇ ਦੀ ਪਿਆਰੀ ਯਾਦ ਵਿਚ 30-31 ਅਕਤੂਬਰ, 1-2 ਨਵੰਬਰ ਨੂੰ ਰਤਵਾੜਾ ਸਾਹਿਬ ਵਿਖੇ ਹੋ ਰਹੇ ਚਾਰ ਰੋਜ਼ਾ ਗੁਰਮਤਿ ਸਮਾਗਮਾਂ ਵਿਚ ਸਮੂਹਿਕ ਰੂਪ ਵਿਚ ਜੁੜੀਏ। ਸਮਾਗਮ ਦੇ ਪ੍ਰੋਗਰਾਮਾਂ ਦੀ ਡਿਟੇਲ ਅਲੱਗ ਪੰਨੇ 'ਤੇ ਦਿਤੀ ਜਾ ਰਹੀ ਹੈ। ਸਾਰੇ ਪ੍ਰਬੰਧ ਮੁਕੰਮਲ ਹੋ ਚੁਕੇ ਹਨ।

*ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥*

*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥*

ਸ੍ਰੀ ਗੁਰੂ ਨਾਨਕ ਨਾਮ ਲੇਵਾ ਸਮੂੰਹ ਸੰਗਤਾਂ ਨੂੰ ਭਲੀ ਪ੍ਰਕਾਰ ਵਿਦਿਤ ਹੈ ਕਿ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿਚ ਸੰਗਤਾਂ ਵਲੋਂ ਬੜੇ ਪਿਆਰ ਤੇ ਸ਼ਰਧਾ ਨਾਲ ਮਨਾਈ ਜਾ ਰਹੀ ਹੈ। ***'ਤਿਲਕ ਜੰਞੂ ਦੇ ਰਾਖੇ'*** ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਕੁਰਬਾਨੀ ਨੂੰ ਨਮਸ਼ਕਾਰ ਕਰਦਿਆਂ ਹਰ ਇਕ ਰੱਬੀ ਰੂਹ ਨੂੰ ਅਹਿਸਾਸ ਹੁੰਦਾ ਹੈ ਕਿ ਆਪ ਜੀ ਦੀ ਸ਼ਹਾਦਤ ਜਿਥੇ ਧਰਮ ਨਾਲ ਸਬੰਧਿਤ ਹੋਰ ਬਹੁਤ ਸਾਰੇ ਪੱਖਾਂ ਨੂੰ ਰੂਪਮਾਨ ਕਰਦੀ ਹੈ ਉਥੇ ਆਪ ਜੀ ਮਨੁੱਖੀ ਅਧਿਕਾਰਾਂ ਦੇ ਰੱਖਿਅਕ ਦੇ ਤੌਰ 'ਤੇ ਮਹਾਨ ਰਹਿਬਰ ਹੋਏ। ਅੱਜ ਸੰਸਾਰ ਭਰ ਵਿਚ ਘੱਟ ਗਿਣਤੀਆਂ (ਕੌਮਾਂ) ਦੇ ਮਨੁੱਖੀ ਅਧਿਕਾਰਾਂ ਦੀ ਅਵਾਜ਼ ਉਠਦੀ ਹੈ। ਅਜੋਕੇ ਸਮੇਂ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਦੀ ਸਮੱਸਿਆ ਵਿਸ਼ਵ ਭਰ ਵਿਚ ਚਣੌਤੀ ਬਣ ਕੇ ਉੱਭਰ ਰਹੀ ਹੈ। ਅਸਲ ਵਿਚ ਮਨੁੱਖੀ ਅਧਿਕਾਰਾਂ ਦੀ ਅਵਾਜ਼ ਅੱਜ ਤੋਂ 556 ਸਾਲ ਪਹਿਲਾਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਬੁਲੰਦ ਕੀਤੀ –

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ*
*ਵਡਿਆ ਸਿਉ ਕਿਆ ਰੀਸ ॥* *ਅੰਗ- ੧੫*

ਜਿਹਨਾਂ ਬੰਦਿਆਂ ਨੂੰ ਸਮਾਜ ਨੇ ਦਰਕਿਨਾਰ ਕਰ ਦਿਤਾ ਸੀ। ਸੱਚੇ ਪਾਤਸ਼ਾਹ ਉਹਨਾਂ ਨਾਲ ਖੜ੍ਹੇ ਹੋਏ। ਵੱਡਿਆਂ ਦੇ ਪੱਖ ਵਿਚ ਨਹੀਂ ਖੜ੍ਹੇ ਸਗੋਂ ਭਾਈ ਲਾਲੋ ਦੇ ਹੱਕ ਵਿਚ ਨਿਤਰੇ।

ਅੱਜ ਤੋਂ 350 ਸਾਲ ਪਹਿਲਾਂ ਸੰਨ 1675 ਈ. ਨੂੰ ਤਿਲਕ ਜੰਞੂ ਦੇ ਰਾਖੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਨੇ, ਆਪਣੀ ਕੁਰਬਾਨੀ ਦੇ ਕੇ ਦੂਸਰੇ ਧਰਮ ਦੇ ਰੱਖਿਅਕ ਬਣ ਉਨ੍ਹਾਂ ਦੇ ਧਾਰਮਿਕ ਅਕੀਦਿਆਂ ਦੀ ਰਾਖੀ ਕੀਤੀ। ਦਰਸਾ ਦਿਤਾ ਕਿ ਧਰਮ ਯੂਨੀਵਰਸਲ ਕਰੈਕਟਰ ਹੈ। ਭਾਵ ***'ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥'*** ਭਾਵੇਂ ਧਰਮ ਦੀਆਂ, ਇਕ ਨਹੀਂ ਅਨੇਕਾਂ ਪ੍ਰਭਿਾਸ਼ਾਵਾਂ ਅੰਕਿਤ ਹਨ ਪਰ ਸਦਗੁਣਾਂ ਦੇ ਅਧਾਰ 'ਤੇ ਧਰਮ ਦੇ ਦਸ ਪਿੱਲਰ (ਸਤੰਭ) ਮੰਨੇ ਗਏ ਹਨ ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਸਤ, ਸੰਤੋਖ, ਧੀਰਜ, ਖਿਮਾ, ਦਿਆ, ਸੀਲ, ਸੌਚ, ਮਿੱਠਾ ਬੋਲਣਾ, ਪਰਉਪਕਾਰੀ ਤੇ ਨਿਮਰਤਾ ਆਦਿ ਗੁਣ ਹਨ। ਧਰਮ ਸਾਰਿਆਂ ਦਾ ਸਾਂਝਾ ਇਕੋ ਹੀ ਹੈ। ਭਾਵ ***'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥' (ਅੰਗ-488)*** ਸਰਬ ਸਾਂਝੇ ਰਹਿਬਰ, ਗੁਰੂ ਹੀ ਦੂਸਰੇ ਦੇ ਧਰਮ ਦੀ ਰੱਖਿਆ ਵਾਸਤੇ ਆਪਣੇ ਸਰੀਰ ਦੀ ਅਹੂਤੀ ਦੇ ਸਕਦੇ ਹਨ। ਇਹ ਸਾਕਾ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਸਦੀਵੀ ਤੌਰ 'ਤੇ ਸਥਾਈ ਰੂਪ ਦੇਣ ਲਈ ਭਾਵ ਬਚਾਉਣ ਵਾਸਤੇ ਸੀ –

*ਧਰਮ ਹੇਤ ਸਾਕਾ ਜਿਨਿ ਕੀਆ॥*
*ਸੀਸੁ ਦੀਆ ਪਰੁ ਸਿਰਰੁ ਨ ਦੀਆ॥*

ਉਨ੍ਹਾਂ ਵਲੋਂ ਸਰਬ ਸਾਂਝੇ ਰਹਿਬਰ ਦੇ ਤੌਰ 'ਤੇ ਸ਼ਹੀਦੀ ਦੇ ਦਿਤੀ ਗਈ ਹੈ। ਹਰ ਇਕ ਨੂੰ ਅਣਖ, ਆਬਰੂ, ਸਵੈਮਾਣ ਨਾਲ ਜੀਵਨ ਬਸਰ ਕਰਨ ਦੀ ਅਜ਼ਾਦੀ ਹੈ ਪਰ ਜਦੋਂ ਇਨ੍ਹਾਂ ਕਦਰਾਂ ਕੀਮਤਾਂ 'ਚ ਜਬਰੀ ਘਾਣ ਹੋਵੇ ਭਾਵ ਧਾਰਮਿਕ ਸੁਤੰਤਰਤਾ ਨੂੰ ਖਤਰਾ ਪੈਦਾ ਹੋ ਜਾਵੇ ਤਾਂ ਪੂਰਨ ਸਤਿਪੁਰਸ਼ ਹੀ ਆਪਣੇ ਸਰੀਰ ਦੀ ਅਹੂਤੀ ਦੇ ਕੇ ਇਨ੍ਹਾਂ ਕਦਰਾਂ ਕੀਮਤਾਂ ਦੇ ਰਖਵਾਲੇ ਬਣ ਸਕਦੇ ਹਨ। ਅੱਜ ਸੱਚੇ ਪਾਤਸ਼ਾਹ ਦੀ ਸ਼ਹੀਦੀ ਨੂੰ 350 ਸਾਲ ਹੋ ਗਏ ਹਨ ਪਰ ਜਦੋਂ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਾਤਾਵਰਣ ਦੇ ਨਜ਼ਰਸਾਨੀ ਕਰੀਏ ਤਾਂ ਸਾਰੇ ਪੱਖਾਂ ਦੀ ਵੀਚਾਰ ਕਰਨ ਤੋਂ ਬਾਅਦ ਇਹ ਭਾਸ ਰਿਹਾ ਹੈ ਕਿ ਜਿਨ੍ਹਾਂ ਵਾਸਤੇ ਇਹ ਸ਼ਹੀਦੀ ਦਿਤੀ ਗਈ ਸੀ ਅੱਜ ਉਹ ਹੀ ਇਸ ਸ਼ਹੀਦੀ ਦੇ ਸਿਧਾਂਤ ਨੂੰ ਜਾਣਦੇ ਹੋਏ ਵੀ ਅਣਜਾਣ ਬਣ ਰਹੇ ਹਨ। ਜੇਕਰ ਉਨ੍ਹਾਂ ਵਲੋਂ ਧਾਰਮਿਕ ਕਦਰਾਂ ਕੀਮਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਰਖਿਅਕ ਦੇ ਤੌਰ ਤੇ ਕੁਰਬਾਨੀ ਦਿਤੀ ਗਈ ਹੈ ਤਾਂ ਸਭਨਾਂ ਦਾ ਫਰਜ਼ ਬਣਦਾ ਕਿ ਉਨ੍ਹਾਂ ਦੀ ਕੁਰਬਾਨੀ ਦੀ ਕਦਰਦਾਨੀ ਕਰੀਏ। ਉਨ੍ਹਾਂ ਨਾਲ ਸਬੰਧਿਤ ਕੌਮ ਨੂੰ ਬਣਦਾ ਮਾਣ ਸਤਿਕਾਰ ਦਿਤਾ ਜਾਵੇ। ਜੇਕਰ ਇਸ ਤਰ੍ਹਾਂ ਦੀ ਮਾਨਸਿਕਤਾ ਬਣ ਜਾਂਦੀ ਹੈ ਤਾਂ 350ਵੀਂ ਸ਼ਹੀਦੀ ਸ਼ਤਾਬਦੀ ਤੇ ਉਨ੍ਹਾਂ ਵਲੋਂ ਦਿਤੀ ਸ਼ਰਧਾਂਜਲੀ ਪੂਰਨ ਰੂਪ ਵਿਚ ਸਾਰਥਕ ਹੋਏਗੀ। ਟਰੱਸਟ ਰਤਵਾੜਾ ਸਾਹਿਬ ਵਲੋਂ, ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਵਿਚ ਇਹ ਸ਼ਤਾਬਦੀ 30-31 ਅਕਤੂਬਰ 1-2 ਨਵੰਬਰ ਨੂੰ ਵਿਸ਼ਾਲ ਸਮਾਗਮ ਦੇ ਰੂਪ ਵਿਚ ਮਨਾਈ ਜਾ ਰਹੀ ਹੈ। 2 ਨਵੰਬਰ ਦੇ ਸਮਾਗਮ ਇਸ ਸ਼ਤਾਬਦੀ ਦੇ ਸਬੰਧ ਵਿਚ ਸਜਾਏ ਜਾਣਗੇ। ਸੰਗਤਾਂ ਸ਼ਰਧਾ ਤੇ ਸਤਿਕਾਰ ਭੇਟ ਕਰਨ ਹਿਤ ਵੱਡੀ ਤਦਾਦ ਵਿਚ ਸ਼ਿਰਕਤ ਕਰ ਰਹੀਆਂ ਹਨ।

**ਸਭਨਾਂ ਦੀ ਆਮਦ 'ਤੇ 'ਜੀ ਆਇਆਂ'**

ਆਉ! ਦੀਦਾਰੇ ਬਖਸ਼ੋ ਜੀ।

# ਮੰਘਿਰਿ

**(ਮੱਘਰ ਮਹੀਨੇ ਦੀ ਸੰਗਰਾਂਦ : 16 ਨਵੰਬਰ, ਦਿਨ ਐਤਵਾਰ)**

*ਡਾ. ਭਾਈ ਵੀਰ ਸਿੰਘ ਜੀ*

**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥**
**ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥**
**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥**
**ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥**
**ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥**
**ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥**
**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥**
**ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥ ੧੦ ॥**

*ਅੰਗ - ੧੩੫*

ਮੱਘਰ ਮਹੀਨੇ ਦੁਆਰਾ (ਉਪਦੇਸ਼ ਹੈ ਕਿ ਜਗਿਆਸੂ ਰੂਪ ਯਾ ਜੀਵ ਰੂਪ ਇਸਤ੍ਰੀਆਂ ਓਹ) ਸੁਹਣੀਆਂ ਲਗ ਰਹੀਆਂ ਹਨ ਜੋ ਹਰੀ ਰੂਪ ਪਤੀ ਦੇ ਪਾਸ ਬੈਠੀਆਂ ਹੋਈਆਂ ਹਨ। ਉਨ੍ਹਾਂ ਦੀ ਸ਼ੋਭਾ ਕੀਹ ਵਰਣਨ ਕਰਾਂ ਜੋ ਮਾਲਕ ਨੇ ਆਪ (ਆਪਣੇ ਨਾਲ) ਮੇਲ ਲਈਆਂ ਹਨ। (ਐਸੀਆਂ) ਸੰਤ (ਰੂਪ) ਸਹੇਲੀਆਂ (ਦੇ) ਸੰਗ ਵਿਚ (ਜੋ ਆਈਆਂ ਓਹ ਰਾਮ ਨੂੰ ਮਿਲ ਪਈਆਂ ਤੇ) ਰਾਮ ਨਾਲ (ਮਿਲ ਕੇ ਉਨ੍ਹਾਂ ਦਾ) ਤਨ ਤੇ ਮਨ ਪ੍ਰਫੁੱਲਤ ਹੋ ਗਿਆ। (ਪਰ ਜੋ ਐਸੇ) ਸਾਧੂ ਜਨਾਂ ਤੋਂ ਵਾਂਝੀਆਂ ਰਹੀਆਂ ਉਹ ਇਕੱਲੀਆਂ ਰਹਿ ਜਾਣਗੀਆਂ। (ਨਾ ਸਤਿਸੰਗ ਤੇ ਨਾ ਹਰੀ ਦੇ ਮਿਲਣ ਕਰਕੇ) ਉਨ੍ਹਾਂ ਦਾ ਦੁਖ ਕਦੇ ਦੂਰ ਨਹੀਂ ਹੋਣਾ (ਕਿਉਂਕਿ) ਉਹ ਜਮਾਂ ਦੇ ਵਸ (ਜੋ) ਪੈ ਗਈਆਂ ਹਨ। (ਪਰ) ਜਿਨ੍ਹਾਂ ਨੇ ਆਪਣੇ ਪ੍ਰਭੂ ਨੂੰ (ਸਿਮਰਿਆ ਯਾ) ਮਾਣਿਆ ਹੈ ਉਹ ਸਦਾ (ਹਰੀ ਸੇਵਾ ਵਿਚ ਉਸ ਦੀ ਹਜ਼ੂਰੀ ਵਿਚ) ਖੜ੍ਹੀਆਂ ਦਿਸਦੀਆਂ ਹਨ। ਉਨ੍ਹਾਂ ਦੇ ਕੰਠ ਵਿਚ ਰਤਨ ਜਵਾਹਰ, ਲਾਲ ਰੂਪ ਹਰੀ (ਦਾ ਨਾਮ) ਜੜਿਆ ਹੋਇਆ ਹੈ, (ਇਉਂ ਜੋ) ਪ੍ਰਭੂ ਦੇ ਦਰਵਾਜ਼ੇ ਅੱਗੇ (ਉਸ ਦੀ) ਸ਼ਰਣ ਵਿਚ ਜਾ ਪਈਆਂ ਹਨ; ਨਾਨਕ ਉਨ੍ਹਾਂ ਦੀ (ਚਰਨ) ਧੂੜੀ ਨੂੰ (ਬਾਂਛੈ) ਲੋਚਦਾ ਹੈ। ਮੱਘਰ ਵਿਚ (ਜਿਨ੍ਹਾਂ ਨੇ) ਪ੍ਰਭੂ ਨੂੰ ਆਰਾਧਣਾ ਹੈ (ਉਨ੍ਹਾਂ ਲਈ) ਦੁਬਾਰਾ ਜਨਮ ਨਹੀਂ ਹੈ।

ਵਿਆਖਿਆ - ਇਸ ਵਿਚ ਸੁਹਾਗਣ ਵਤ ਪ੍ਰਭੂ ਨੂੰ ਮਿਲੇ ਸੰਤਾਂ ਦਾ ਰੂਪਕ ਤੇ ਉਹਨਾਂ ਦੇ ਸੁਖ ਦਾ ਵਰਣਨ ਹੈ ਤੇ ਮਿਲਾਪ ਦਾ ਕਾਰਣ ਸਾਧੂ ਜਨ ਦਾ ਸਤਿਸੰਗ ਦੱਸਿਆ ਹੈ। ਫਿਰ ਸਤਿਸੰਗ ਤੋਂ ਵਿਰਵੇ ਰਹੇ ਜਗਿਆਸੂ ਦਾ ਜ਼ਿਕਰ ਹੈ। ਅੰਤ ਵਿਚ ਵਿਛੁੜੇ ਜੀਵ ਨੂੰ ਦੱਸਿਆ ਹੈ ਕਿ ਮਿਲ ਰਹੇ ਸ਼ਰਣ ਪ੍ਰਾਪਤ ਸਾਧੂ ਜਨਾਂ ਦੀ ਸੰਗਤ ਕਰ ਜੋ ਤੇਰਾ ਜਨਮ ਮਰਨ ਮਿਟ ਜਾਵੇ।

ਨਿਰੁੱਕਤ - ਸੁਗਮੰ।

# ਪਿਆਰੇ ਦੀ ਤਾਂਘ
# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲ੍ਹਾ ਰਾਮ ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥*
*ਮਿਟੇ ਅੰਧਾਰੇ ਤਜੇ ਬਿਕਾਰੇ*
*ਠਾਕੁਰ ਸਿਉ ਮਨੁ ਮਾਨਾ ॥*
*ਪ੍ਰਭ ਜੀ ਭਾਣੀ ਭਈ ਨਿਕਾਣੀ*
*ਸਫਲ ਜਨਮੁ ਪਰਵਾਨਾ ॥*
*ਭਈ ਅਮੋਲੀ ਭਾਰਾ ਤੋਲੀ*
*ਮੁਕਤਿ ਜੁਗਤਿ ਦਰੁ ਖੋਲ੍ਹਾ ॥*
*ਕਹੁ ਨਾਨਕ ਹਉ ਨਿਰਭਉ ਹੋਈ*
*ਸੋ ਪ੍ਰਭੁ ਮੇਰਾ ਓਲ੍ਹਾ ॥* *ਅੰਗ - ੭੮੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ ਤੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਵੀਚਾਰਾਂ ਸਰਵਣ ਕਰੋ। ਬੁੱਧੀ ਦਾ ਪ੍ਰਯੋਗ ਕਰਕੇ ਵਿਚਾਰਾਂ ਨੂੰ ਤੋਲ ਕੇ ਹਿਰਦੇ ਵਿਚ ਵਸਾਉਣ ਦਾ ਯਤਨ ਕਰੋ। ਵਾਰੀ ਆਈ ਤੇ ਸ਼ਬਦ ਵਿਚ ਗੱਜ ਵੱਜ ਕੇ ਬੋਲੋ, ਜਦੋਂ ਇਸ ਤਰ੍ਹਾਂ ਕਰੋਂਗੇ ਤਾਂ ਫਲ ਕਿੰਨਾ ਹੋਏਗਾ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕਈ ਕਰੋੜ ਜੱਗਾਂ ਦਾ ਫਲ ਪ੍ਰਾਪਤ ਹੋ ਜਾਏਗਾ। ਕਈ ਵਾਰੀ ਮੈਂ ਬੇਨਤੀ ਕਰੀ ਹੈ ਕਿ ਕੋਈ ਬੰਦਾ ਵੀ ਸੰਸਾਰ ਵਿਚ ਐਸਾ ਨਹੀਂ ਹੈ ਜਿਹੜਾ ਕਈ ਕਰੋੜ ਜੱਗ ਕਰ ਲਵੇ ਕਿਉਂਕਿ ਜੇ ਇਹ ਪੈਦਾ ਹੋਣ ਤੋਂ ਲੈ ਕੇ ਸੌ ਸਾਲ ਦੀ ਉਮਰ ਹੋਵੇ, ਹਰ ਰੋਜ਼ ਇਕ ਯੱਗ ਕਰੇ, ਤਾਂ ਸਾਰੀ ਜ਼ਿੰਦਗੀ ਦੇ ਅੰਦਰ 36 ਹਜ਼ਾਰ ਪੰਜ ਸੌ ਯੱਗ ਹੁੰਦਾ ਹੈ, ਜੇ ਹਜ਼ਾਰ ਸਾਲ ਦੀ ਉਮਰ ਹੋਵੇ ਤਾਂ ਤਿੰਨ ਲੱਖ ਕੋਈ ਤਕਰੀਬਨ 65 ਹਜ਼ਾਰ ਦੇ ਕਰੀਬ ਯੱਗ ਹੁੰਦਾ ਹੈ। ਜੇ ਦੱਸ ਹਜ਼ਾਰ ਸਾਲ ਦੀ ਹੋਵੇ ਤਾਂ 33 ਲੱਖ ਸਮਝ ਲਓ। ਕਈ ਕਰੋੜ ਯੱਗ ਤਾਂ ਹੋਏ ਨਾ। ਇਹ ਕਲਜੁਗ ਅੰਦਰ, ਮੈਂ ਪਹਿਲਾਂ ਵੀ ਕਈ ਵਾਰੀ ਬੇਨਤੀ ਕਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ, ਜੋ ਅਕਾਲਪੁਰਖ ਦਾ ਸਰਗੁਣ ਸਰੂਪ ਸਨ ਕਿਉਂਕਿ ਵਾਹਿਗੁਰੂ ਦਾ ਇਕ ਨਿਰਗੁਣ ਸਰੂਪ ਹੁੰਦਾ ਹੈ ਤੇ ਇਕ ਸਰਗੁਣ ਸਰੂਪ ਹੁੰਦਾ ਹੈ। ਨਿਰਗੁਣ ਸਰੂਪ ਤਾਂ ਉਹ ਹੈ ਜਿਹਨੂੰ ਕੋਈ ਨਹੀਂ ਜਾਣਦਾ। ਨਾ ਵੇਦ ਜਾਣਦੇ ਨੇ, ਨਾ ਬ੍ਰਹਮਾ ਜਾਣਦਾ ਹੈ, ਨਾ ਸ਼ਿਵਜੀ, ਨਾ ਦੇਵੀਆਂ ਜਾਣਦੀਆਂ ਨੇ। ਉਹ ਇਸ ਕਰਕੇ ਨਹੀਂ ਜਾਣਦੀਆਂ ਕਿਉਂਕਿ ਉਹ ਆਪੇ ਆਪ ਹੁੰਦਾ ਹੈ, ਆਪਣੀ ਮਹਿਮਾ ਦੇ ਵਿਚ ਆਪ ਸਥਿਤ ਹੋਣ ਕਰਕੇ ਆਪਣੇ ਆਪ ਨੂੰ ਆਪ ਜਾਣਦਾ ਹੈ।

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥* *ਅੰਗ - ੮੯੪*

ਉਹਨੂੰ ਕੋਈ ਨਹੀਂ ਜਾਣਦਾ ਕਿਉਂਕਿ ਆਪੇ ਆਪ ਹੁੰਦਾ ਹੈ। ਜਦੋਂ ਆਪਣੇ ਆਪ ਤੋਂ ਆਪੇ ਪਸਾਰਾ ਕਰਦਾ ਹੈ, ਪਸਾਰੇ ਦੇ ਵਿਚ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਹੈ, ਸਰਗੁਣ ਦਾ, ਜਿਸਨੂੰ ਏਕੰਕਾਰ ਕਹਿੰਦੇ ਨੇ। ਧਿਆਨ ਦਿਓ ਬਚਨ ਦੇ ਵਿਚ ਕਿਉਂਕਿ ਇਹ ਗੱਲਾਂ ਬਹੁਤ ਘੱਟ ਪ੍ਰਾਪਤ ਹੁੰਦੀਆਂ ਨੇ, ਫਿਲੋਸਫੀ ਦੀ ਗੱਲ ਹੈ। ਵਾਹਿਗੁਰੂ ਜਦੋਂ ਇਕ ਤੋਂ ਅਨੇਕ ਹੋਇਆ ਪਹਿਲਾ ਸਰੂਪ ਉਸਨੇ –

***ਨਿਰੰਕਾਰ ਆਕਾਰ ਹੋਏ***
***ਏਕੰਕਾਰ ਅਪਾਰ ਸਦਾਇਆ।***

ਏਕੰਕਾਰ ਹੋਇਆ, ਸਰਗੁਣ ਸਰੂਪ ਹੋਇਆ। ਕਿਰਿਆਸ਼ੀਲ ਹੋਇਆ। ਜਿਸ ਤਰ੍ਹਾਂ ਇਕ ਰਾਜਾ ਹੈ। ਜਿੰਨੀ ਦੇਰ ਤੱਕ ਉਹ ਆਪਣੇ ਮਹੱਲ ਵਿਚ ਹੈ, ਜਦੋਂ ਉਹ ਕੋਰਟ ਵਿਚ ਆ ਗਿਆ ਤਾਂ ਉਥੇ ਆ ਕੇ constitution (ਸੰਵਿਧਾਨ) ਦੇ ਮੁਤਾਬਿਕ ਰਾਜ ਕਰਦਾ ਹੈ। ਸਰੂਪ ਪਹਿਲਾ ਵੀ ਓਹਦਾ ਹੀ ਹੈ, ਲੇਕਿਨ ਦੂਸਰਾ ਜਿਹੜਾ ਹੈ ਕਿਰਿਆਸ਼ੀਲ ਹੁੰਦਾ ਹੈ, ਜਿਵੇਂ ਦਫਤਰ ਵਿਚ ਜਾਂਦਾ ਹੈ ਬੰਦਾ, ਘਰ ਵਿਚ ਉਹਦੀ ਗੱਲ ਵਿਚ ਕੋਈ ਜ਼ੋਰ ਨਹੀਂ ਹੁੰਦਾ, ਜਦੋਂ ਦਫਤਰ 'ਚ ਜਾ ਕੇ ਸੀਟ ਤੇ ਬੈਠਦਾ ਹੈ, ਉਥੇ ਲਿਖਦਾ ਹੈ, ਉਹਦੇ ਵਿਚ ਜ਼ੋਰ ਹੋਇਆ

ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਜਦੋਂ ਆਕਾਰ ਦੇ ਵਿਚ ਕਰਦਾ ਹੈ ਵਾਹਿਗੁਰੂ, ਓਸ ਵੇਲੇ ਸਭ ਤੋਂ ਪਹਿਲਾ ਸਰੂਪ ਜੋ ਉਹਦਾ ਬਣਦਾ ਹੈ ਉਹਨੂੰ ੧ਓ ਕਹਿੰਦੇ ਨੇ। ਆਪੇ ਹੀ ਆਪਣੇ ਆਪ ਤੋਂ ਏਕੰਕਾਰ ਹੋ ਜਾਂਦਾ ਹੈ -

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਏਕੰਕਾਰ ਤੋਂ ਸ਼ਬਦ ਧੁਨ ਹੁੰਦੀ ਹੈ, ਉਹ ਜਿਹੜੀ ਸ਼ਬਦ ਧੁਨ ਹੈ ਉਹਦਾ ਨਾਮ ਓਅੰਕਾਰ ਦੀ ਧੁਨ ਕਹਿੰਦੇ ਨੇ। ਉਹ ਸ਼ਬਦ ਹੀ ਓਅੰਕਾਰ ਹੋਇਆ।

*ਪ੍ਰਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ।*

ਉਹ ਜਿਹੜੀ ਧੁਨ ਹੈ ਸ਼ਬਦ ਦੀ, ਉਹ ਖਤਮ ਨਹੀਂ ਹੋਈ, ਓਸ ਸ਼ਬਦ ਦੇ ਵਿਚੋਂ ਸਾਰੀ ਰਚਨਾ ਹੋਈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥*
*ਓਅੰਕਾਰਿ ਸੈਲ ਜੁਗ ਭਏ ॥*
*ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦*

Time & Space (ਸਮਾਂ ਅਤੇ ਸੀਮਾ) ਓਅੰਕਾਰ 'ਚੋਂ, ਸ਼ਬਦ 'ਚੋਂ ਹੋਏ। ਸ਼ਬਦ 'ਚੋਂ ਗਿਆਨ ਪੈਦਾ ਹੋਇਆ, ਵੇਦ, ਬ੍ਰਹਮਾ ਸ਼ਕਤੀ ਜੋ ਸੰਸਾਰ ਨੂੰ ਬਣਾ ਰਹੀ ਹੈ ਉਹ ਪੈਦਾ ਹੋਈ। ਸ਼ਬਦ ਦੇ ਵਿਚੋਂ ਸ਼ਿਵਜੀ ਦੀ ਸ਼ਕਤੀ ਪੈਦਾ ਹੋਈ। ਸ਼ਬਦ ਦੇ ਵਿਚੋਂ ਵਿਸ਼ਨੂੰ ਜੀ ਦੀ ਸ਼ਕਤੀ ਪੈਦਾ ਹੋਈ, ਅਨੇਕਾਂ ਦੇਵੀ ਦੇਵ, ਅਵਤਾਰ ਆਹ ਸਾਰਾ ਸੰਸਾਰ, ਜਿੰਨਾ ਤੁਸੀਂ ਦੇਖਦੇ ਹੋ, ਇਹ ਸਾਰਾ ਸ਼ਬਦ ਦੇ ਵਿਚੋਂ ਹੋਇਆ। ਸੋ ਏਸ ਤਰ੍ਹਾਂ ਦੇ ਨਾਲ ਜਿਹੜਾ ਸਭ ਤੋਂ ਸ੍ਰੇਸ਼ਟ ਸਰੂਪ ਪ੍ਰਮੇਸ਼ਰ ਦਾ ਹੈ, ਏਕੰਕਾਰ ਦਾ, ਉਹ ਜਦੋਂ ਸੰਸਾਰ ਦੇ ਵਿਚ ਉਧਾਰ ਕਰਨ ਵਾਸਤੇ ਪ੍ਰਗਟ ਹੁੰਦਾ ਹੈ, ਫੇਰ ਉਹ ਗੁਰੂ ਸਰੂਪ ਹੋਇਆ ਕਰਦਾ ਹੈ। ਏਕੰਕਾਰ ਨੂੰ ਅਸੀਂ ਨਹੀਂ ਜਾਣ ਸਕਦੇ ਕਿਉਂਕਿ ਉਹਦਾ ਕੋਈ ਰੂਪ ਨਹੀਂ, ਰੰਗ ਨਹੀਂ, ਰੇਖ ਨਹੀਂ, ਭੇਖ ਨਹੀਂ, ਚੱਕਰ ਨਹੀਂ, ਚਿਹਨ ਨਹੀਂ, ਜਾਤ ਨਹੀਂ ਪਾਤ ਨਹੀਂ, ਕੋਈ ਰਹਿਣ ਦਾ ਥਾਂ ਨਹੀਂ, ਕੋਈ ਉਹਦੀ ਕੁਆਲਿਟੀ ਅਸੀਂ ਜਾਣਦੇ ਨਹੀਂ ਹਾਂ। ਸੋ ਸਾਡੇ ਤਰਨ ਵਾਸਤੇ ਪ੍ਰਮੇਸ਼ਰ ਨੇ ਐਸਾ ਕੌਤਕ ਕਰ ਦਿਤਾ ਕਿ ਗੁਰੂ ਨੂੰ ਆਪਣਾ ਸਰੂਪ ਬਣਾ ਕੇ ਸੰਸਾਰ ਤੇ ਭੇਜ ਦਿਤਾ। ਗੁਰੂ ਨਾਨਕ ਪਾਤਸ਼ਾਹ ਦਸਾਂ ਪਾਤਸ਼ਾਹੀਆਂ ਦੇ ਵਿਚ ਗੁਰੂ ਪ੍ਰਮੇਸ਼ਰ ਹਨ। ਗੁਰੂਆਂ ਦਾ ਘਾਟਾ ਨਹੀਂ ਸੰਸਾਰ ਦੇ ਉਤੇ ਲੇਕਿਨ ਗੁਰੂ ਪ੍ਰਮੇਸ਼ਰ ਇਹੀ ਹੋਏ ਨੇ। ਬਾਕੀ ਤਾਂ ਗੁਰੂ ਨੇ ਸਾਰੇ। ਟੀਚਰ ਨੇ, ਮਾਸਟਰ ਨੇ ਲੇਕਿਨ ਜੋ ਗੁਰੂ ਹੈ ਅਕਾਲ ਪੁਰਖ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਉਹ ਗੁਰੂ ਪ੍ਰਮੇਸ਼ਰ ਜੋ ਹੈ ਉਹ ਗੁਰੂ ਹੋਇਆ ਕਰਦਾ ਹੈ। ਸੋ ਉਨ੍ਹਾਂ ਨੇ ਸਾਡੇ ਉਧਾਰ ਵਾਸਤੇ, ਕਲਜੁਗ ਦੇ ਅੰਦਰ ਕਿੰਨਾ concession (ਰਿਆਇਤ) ਦੇ ਦਿਤਾ। ਸਮਾਂ ਚਲਦਾ ਹੈ, ਚਲਦਾ ਸਮਾਂ ਇਕ ਰਸ ਨਹੀਂ ਰਹਿੰਦਾ। ਵਾਤਾਵਰਣ ਦੇ ਨਾਲ ਮਿਲ ਕੇ ਲੋਕਾਂ ਦੇ ਖਿਆਲ ਬਦਲ ਜਾਂਦੇ ਨੇ, ਜਿਉਂ-ਜਿਉਂ ਖਿਆਲਾਂ ਦੀ ਗਿਰਾਵਟ ਹੁੰਦੀ ਹੈ ਤਿਉਂ-ਤਿਉਂ ਆਚਾਰੀਆ, ਸੰਤ ਲੋਕ, ਸਾਧੂ ਮਹਾਂਪੁਰਸ਼ ਜੀਵਾਂ ਦੇ ਤਰਨ ਵਾਸਤੇ ਨਵੇਂ ਤੋਂ ਨਵੇਂ ਰਾਹ ਕੱਢਦੇ ਨੇ, ਨਵੀਂ ਤੋਂ ਨਵੀਂ ਟੈਕਨੋਲੋਜੀ ਲਿਆਉਂਦੇ ਨੇ ਕਿ ਐਸ ਤਰ੍ਹਾਂ ਇਨ੍ਹਾਂ ਦਾ ਉਧਾਰ ਹੋ ਜਾਏਗਾ। ਹੁਣ ਕਲਜੁਗ ਦਾ ਸਮਾਂ ਹੈ ਸਾਡੇ ਭਾਰਤੀ ਮਤ ਦੇ ਹਿਸਾਬ ਨਾਲ 17 ਲੱਖ 28 ਹਜ਼ਾਰ ਸਾਲ ਦੇ ਸਮੇਂ ਨੂੰ ਜਦੋਂ ਲੋਕਾਂ ਦੇ ਖਿਆਲ ਬਿਲਕੁਲ ਟਿਕੇ ਹੋਏ ਸਨ, ਸਤਿ ਬੋਲਦੇ ਸਨ ਉਹਨੂੰ ਸਤਿਜੁਗ ਕਹਿੰਦੇ ਸੀ। ਸਤਿ ਦਾ ਜੀਵਨ ਧਾਰ ਕੇ ਆਦਮੀ ਤਰ ਜਾਇਆ ਕਰਦਾ ਸੀ, ਤਪਸਿਆ ਬਹੁਤ ਕਰਦੇ ਸੀ -

*ਲਖ ਵਰ੍ਹਿਆਂ ਦੀ ਆਰਜਾ*
*ਵਕਤ ਗੁਜਾਰਨ ਪਿੰਨੀ ਸਾਗੇ।*

ਉਮਰਾਂ ਬਹੁਤ ਵੱਡੀਆਂ ਸਨ, ਲੇਕਿਨ ਹਿਰਸ ਨਹੀਂ ਸੀ, ਆਹ ਜਿਹੜੀ ਅੱਜ ਹੈ ਉਮਰ ਛੋਟੀ ਜਿਹੀ ਹੈ -

*ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥*
*ਅੰਗ - ੬੯੨*

ਵੱਡੇ-ਵੱਡੇ ਮਕਾਨ, ਵੱਡੀਆਂ-ਵੱਡੀਆਂ ਗਹਿਰੀਆਂ ਨੀਹਾਂ ਪੁੱਟਦੇ ਨੇ, ਵੱਡੇ-ਵੱਡੇ ਬੰਦੋਬਸਤ ਕਰਦਾ ਹੈ ਕਿ ਵੱਡੀਆਂ ਬਿਲਡਿੰਗਾਂ ਬਣਾਉਣੀਆਂ ਨੇ, ਕੋਈ ਮੁਨਿਆਦ ਪੱਕੀ ਚਾਹੀਦੀ ਹੈ, ਭੁਚਾਲ ਨਾਲ ਨਾ ਹਿੱਲੇ। ਪਹਿਲਿਆਂ ਜ਼ਮਾਨਿਆਂ 'ਚ ਕੀ ਸੀ, ਉਹ ਕਹਿੰਦੇ ਸੀ ਕਾਲ ਦਾ ਕੋਈ ਭਰੋਸਾ ਨਹੀਂ। ਇਥੇ ਰਹਿਣਾ ਤਾਂ ਹੈ ਨਹੀਂ। ਰਹਿਣ ਸਹਿਣ ਸਾਦਾ ਸੀ, ਜਿਹੋ ਜਿਹਾ ਥਾਂ ਮਿਲ ਗਿਆ, ਓਹੋ ਜਿਹੇ ਥਾਂ ਦਿਨ ਕੱਟ ਲਏ। ਮਾਰਕੰਡੇ ਦੀ ਉਮਰ ਬਹੁਤ ਵੱਡੀ ਸੀ, ਜੇ ਕਿਸੇ ਨੇ ਕਿਹਾ ਕਿ ਮਾਰਕੰਡਾ ਜੀ! ਤੁਸੀਂ ਮਕਾਨ ਤਾਂ ਬਣਾ ਲਓ। ਉਹ ਕਹਿੰਦੇ ਕਿਸ ਲਈ? ਚਾਰ ਦਿਨ ਦੀ ਜਿੰਦਗਾਨੀ ਹੈ -

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ - ੬੯੨*

ਛੱਪਰ ਪਾ ਲੈਂਦਾ ਸੀ ਤੇ ਉਹਦੇ ਵਿਚ ਹੀ ਦਿਨ

ਕੱਟ ਲਿਆ ਕਰਦਾ ਸੀ। ਸਮਾਂ ਬਦਲ ਗਿਆ, 12 ਲੱਖ 96 ਹਜ਼ਾਰ ਸਾਲ ਆਦਮੀਆਂ ਦਾ ਖਿਆਲ ਬਰੈਕਟ ਕੀਤਾ ਗਿਆ, ਏਸ ਨੂੰ ਤ੍ਰੇਤਾ ਯੁੱਗ ਕਹਿੰਦੇ ਨੇ। 8 ਲੱਖ 64 ਹਜ਼ਾਰ ਸਾਲ ਦੇ ਵਿਚ ਆਦਮੀਆਂ ਦਾ ਖਿਆਲ ਫੇਰ ਬਰੈਕਟ ਕੀਤਾ ਗਿਆ ਤੇ ਉਹਨੂੰ ਦੁਆਪਰ ਯੁੱਗ ਕਹਿੰਦੇ ਨੇ। ਹੁਣ ਵਾਰੀ ਆ ਗਈ ਕਲਜੁਗ ਦੀ, ਇਹਦੀ ਉਮਰ 4 ਲੱਖ 32 ਹਜ਼ਾਰ ਸਾਲ ਦੀ ਹੈ। ਲੇਕਿਨ ਮਹਾਂਪੁਰਸ਼ਾਂ ਦਾ ਇਹ ਅਨੁਭਵ ਹੈ ਕਿ ਇਹ 4 ਲੱਖ 32 ਹਜ਼ਾਰ ਸਾਲ ਆਬਾਦੀ ਨਹੀਂ ਰਹਿਣੀ। ਲੋਕਾਂ ਦੇ ਖਿਆਲ ਐਨੇ ਦੂਸ਼ਿਤ ਹੋ ਜਾਣੇ ਨੇ, ਵਾਤਾਵਰਣ ਨੇ ਐਨਾ ਅਸ਼ੁੱਧ ਹੋ ਜਾਣਾ ਹੈ ਤੇ ਹਵਾ ਦੇ ਵਿਚ ਮਿਲਾਵਟ, ਗੈਸਾਂ ਐਨੀਆਂ ਆ ਜਾਣੀਆਂ ਨੇ ਕਿ ਮਨੁੱਖ ਦੀ ਜੋ ਹੋਂਦ ਹੈ, ਉਹ ਬਹੁਤ ਥੋੜ੍ਹੀ ਰਹੇਗੀ। ਐਨੀ ਨਹੀਂ ਰਹਿੰਦੀ 4 ਲੱਖ 32 ਹਜ਼ਾਰ ਸਾਲ ਦੀ ਕਿਉਂਕਿ ਇਹ ਜੁੱਗ ਦੇ ਵਿਚ ਪਾਪ ਬਹੁਤੇ ਹੋਣ ਕਰਕੇ ਇਹਦੀ ਉਮਰ ਘਟ ਜਾਣੀ ਹੈ, ਸੌ ਸਾਲ ਦੀ ਉਮਰ ਮਨੁੱਖ ਦੀ ਕਲਜੁਗ 'ਚ ਰੱਖੀ ਹੈ ਲੇਕਿਨ ਸੌ ਸਾਲ ਦੀ ਕਿਸੇ ਵਿਰਲੇ ਦੀ ਹੁੰਦੀ ਹੈ। 60 ਤੋਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਨੇ। ਪਹਿਲਾਂ ਬੱਚੇ ਹੀ ਚਲੇ ਜਾਂਦੇ ਨੇ ਕਈ ਵਾਰੀ। ਪਹਿਲੇ ਜੁਗਾਂ 'ਚ ਬੱਚੇ ਨਹੀਂ ਸੀ ਜਾਇਆ ਕਰਦੇ ਮਾਂ ਬਾਪ ਦੇ ਹੁੰਦੇ। ਐਸਾ ਤਪ ਕੀਤਾ ਹੋਇਆ ਸੀ ਉਨ੍ਹਾਂ ਨੇ। ਸੋ ਇਹ ਜੋ ਕਲਜੁਗ ਹੈ ਇਹਦੇ ਵਿਚ ਅਸੀਂ ਤਰੀਏ ਕਿਵੇਂ? ਸਾਡਾ ਕੋਈ ਉਧਾਰ ਹੋਵੇ, ਅਸੀਂ ਆ ਤਾਂ ਗਏ ਕਲਜੁਗ 'ਚ। ਅਸੀਂ ਆਪਣੇ ਆਪ ਤਾਂ ਆਏ ਨਹੀਂ, ਸਾਨੂੰ ਭੇਜਿਆ ਗਿਆ ਹੈ। ਸਾਡੀ ਵਾਰੀ ਆਈ ਹੈ ਤੇ ਵਾਰੀ ਦੇ ਵਿਚ ਆ ਕੇ ਸਾਨੂੰ ਕਲਜੁਗ ਦੇ ਵਿਚ ਜਨਮ ਮਿਲ ਗਿਆ। ਮਹਾਰਾਜ ਕਹਿੰਦੇ ਘਬਰਾਓ ਨਾ, ਸਾਧਨ ਐਨਾ ਸੁਖਾਲਾ ਕਰ ਦਿਤਾ ਹੈ ਕਿ ਇਕ ਵਾਰੀ ਵੀ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਕਿੱਡੀ ਰਿਆਇਤ ਦੇ ਦਿਤੀ ਕਿ ਜੇ ਇਕ ਵਾਰੀ ਵੀ ਧਿਆਨ ਆ ਜਾਏ ਵਾਹਿਗੁਰੂ ਦਾ, ਉਹਦੀ ਕਾਲ ਦੀ ਫਾਸੀ ਕਟ ਜਾਂਦੀ ਹੈ, ਥੋੜ੍ਹੀ ਜਿਹੀ ਸੇਵਾ ਕਰ ਲਵੇ ਬਹੁਤ ਵੱਡਾ ਫਲ ਮਿਲਦਾ ਹੈ। ਪਹਿਲਾਂ ਫਲ ਐਨਾ ਨਹੀਂ ਸੀ ਮਿਲਦਾ, ਨਾਮ ਜਪਣ ਦਾ ਫਲ ਬੇਅੰਤ ਮਿਲਦਾ ਹੈ। ਕਹਿੰਦੇ ਨਾਮ ਦਾ ਜੁਗ ਆ ਗਿਆ –

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥* *ਅੰਗ – ੧੧੮੫*

ਸੋ ਇਹ ਬਚਨ ਯਾਦ ਕਰ ਲਓ, ਬੜੇ ਕੰਮ ਆਉਣਗੇ। ਕਲਜੁਗ ਦਾ ਸਮਾਂ, ਨਾਮ ਦੀ ਖੇਤੀ ਤੇ ਨਾਮ ਦੀ ਖੇਤੀ ਐਨੀ ਭਰਪੂਰ ਹੈ ਕਿ ਜਿਹਦੇ ਪੱਲੇ ਪੈ ਜਾਵੇ, ਕਹਿੰਦੇ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਅੰਗ – ੮੧*

ਜੱਗਾਂ ਦੀ ਕੀਮਤ ਸੀ, ਪੁੰਨਾਂ ਦੀ ਕੀਮਤ ਸੀ, ਇਕ ਪੁੰਨ ਇਥੇ ਕਰਿਆ ਜਾਵੇ, ਬ੍ਰਹਮਗਿਆਨੀ ਦੇ ਰਾਹੀਂ ਕੋਈ ਪੁੰਨ ਕਰ ਦਿਤਾ, ਪੂਰਨ ਮਹਾਤਮਾ ਦੇ ਰਾਹੀਂ ਪੁੰਨ ਕਰ ਦਿਤਾ, ਲੱਖ ਗੁਣਾਂ ਫੈਲ ਜਾਇਆ ਕਰਦਾ ਸੀ, ਲੇਕਿਨ ਕੀਮਤ ਤਾਂ ਸੀ ਨਾ। ਕਲਜੁਗ ਦੇ ਵਿਚ ਜਿਹੜਾ ਪੁੰਨ ਹੈ, ਹਰੀ ਦਾ ਜਸ ਤੇ ਨਾਮ ਜਪਣਾ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥*
*ਅੰਗ – ੯੬੨*

ਸੱਚੇ ਪਾਤਸ਼ਾਹ! ਕਲਜੁਗ ਦਾ ਆਦਮੀ ਮੈਂ-ਮੈਂ ਕਰਦਾ ਹੈ, ਆਪਣੇ ਥੋੜ੍ਹੇ ਜਿਹੇ ਪੁੰਨ ਕਰਨ ਦੇ ਨਾਲ, ਥੋੜ੍ਹੀ ਜਿਹੀ ਸੇਵਾ ਕਰਨ ਦੇ ਨਾਲ ਬਹੁਤ ਵੱਡੀ ਮਹਿਮਾ ਚਾਹੁੰਦਾ ਹੈ, ਬਹੁਤ ਵੱਡਾ ਉਹਦਾ ਫਲ ਚਾਹੁੰਦਾ ਹੈ। ਕੀ ਪੁੰਨ ਲਗ ਜਾਣਗੇ? ਮਹਾਰਾਜ ਕਹਿੰਦੇ ਨਹੀਂ ਭਾਈ, ਪੁੰਨ ਦੇ ਵਿਚ ਜੇ ਬਹੁਤ ਧਿਆਨ ਵਾਲਾ ਹੋਏਗਾ ਤਾਂ, ਤਾਂ ਲੱਗ ਜਾਏਗਾ ਨਹੀਂ ਤਾਂ ਪੁੰਨ ਜਾਂਦਾ ਰਹੇਗਾ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਅੰਗ – ੧੪੨੮***

ਗੁਮਾਨ ਇਹਨੂੰ ਕੁਦਰਤੀ ਤੌਰ ਤੇ ਆਉਣਾ ਹੈ, ਗੁਰਦੁਆਰਾ ਬਣਾ ਕੇ ਗੁਮਾਨ ਆਏਗਾ ਕਿ ਮੈਂ ਬਣਾਇਆ ਹੈ। ਪ੍ਰੈਜੀਡੈਂਟਸ਼ਿਪ ਤੋਂ ਉਹਨੂੰ ਲਾਹ ਦਿਓ, ਨਿਰਾਸ ਹੋ ਜਾਏਗਾ ਕਿ ਮੇਰੀ ਕਦਰ ਹੀ ਨਹੀਂ ਕਰੀ ਇਨ੍ਹਾਂ ਲੋਕਾਂ ਨੇ। ਇਹ ਹੁਣ ਆ ਕੇ ਚੌਧਰੀ ਬਣ ਗਏ। ਮੈਂ ਜਦੋਂ ਬਣਾਉਂਦਾ ਸੀ ਉਦੋਂ ਕੋਈ ਨੇੜੇ ਨਹੀਂ ਸੀ ਆਉਂਦਾ। ਇਹਨੂੰ ਕਹਿੰਦੇ ਨੇ ਕਿ ਅਭਿਮਾਨ ਹੋ ਗਿਆ। ਮਹਾਰਾਜ ਕਹਿੰਦੇ ਨਿਹਫਲ ਹੋ ਗਿਆ। ਇਕ ਪੁੰਨ ਹੈ ਸੰਸਾਰ ਦੇ ਵਿਚ, ਜਿਸ ਪੁੰਨ ਦੇ ਵਿਚ ਬੈਠੇ ਹੁਣ ਤੁਸੀਂ ਕਰ ਰਹੇ ਓਂ। ਕਲਜੁਗ ਦੇ ਵਿਚ ਵੱਡਾ ਪੁੰਨ ਗੋਬਿੰਦ ਦੇ ਗੁਣ ਗਾਉਣਾ ਹੈ। ਜਿਸਦੀ ਕੀਮਤ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਕੋਈ ਪਾ ਨਹੀਂ ਸਕਿਆ, ਨਾ ਨਾਮ ਦੀ ਕੀਮਤ ਨਾ ਪ੍ਰਮੇਸ਼ਰ ਦੇ ਗੁਣਾਂ ਦੀ ਕੀਮਤ। ਆਪੇ ਹੀ ਛੁਟਕਾਰਾ ਹੋ ਗਿਆ ਸਾਡਾ। ਸੇਵਾ ਕਰੀ ਕਿੰਨਾ ਫਲ ਦਿੰਦੀ ਹੈ? ਮੈਂ ਥੋੜ੍ਹੇ ਜਿਹੇ ਦਿਨ ਹੋਏ

ਸੰਗਤ ਦੇ ਵਿਚ ਦੱਸਿਆ। ਇਥੇ ਕਹਿੰਦੇ ਅਸੀਂ ਰਾੜਾ ਸਾਹਿਬ ਗਏ, ਉਥੇ ਇਕ ਭੂਤ ਬੋਲੇ। ਉਹ ਭੂਤ ਕਹਿਣ ਲੱਗਿਆ ਕਿ ਦੇਖੋ ਤੁਹਾਨੂੰ ਮੈਂ ਇਕ ਗੱਲ ਦੱਸਾਂ। ਭੂਤ ਤਾਂ ਮੈਂ ਗਿਆ ਬਣ, ਮੇਰੇ ਕਰਮ ਮਾੜੇ ਸੀਗੇ ਪਰ ਮੈਂ ਇਕ ਗੱਲ ਦੱਸਦਾ ਹਾਂ, ਮੈਂ ਸਿਰਫ ਐਨਾ ਹੀ ਪੁੰਨ ਕਰਿਆ ਸੀ ਜ਼ਿੰਦਗੀ ਦੇ ਅੰਦਰ, ਮਹਾਤਮਾ ਪਹੁੰਚੇ ਸਾਡੇ ਪਿੰਡ ਆਏ, ਭੀੜ ਜ਼ਿਆਦਾ ਹੋ ਗਈ ਤੇ ਮੈਂ ਅੱਗੇ ਹੋ ਕੇ ਉਨ੍ਹਾਂ ਨੂੰ ਰਸਤਾ ਦਿਵਾ ਦਿਤਾ। ਲੋਕਾਂ ਨੂੰ ਪਰ੍ਹੇ ਹਟਾ ਦਿਤਾ, ਸੰਗਤਾਂ ਨੂੰ, ਕਿ ਲੰਘ ਜਾਣ ਦਿਓ ਤੁਸੀਂ। ਕਹਿੰਦਾ, ਉਹਦਾ ਇਹ ਪੁੰਨ ਹੋਇਆ ਕਿ ਜਮਦੂਤ ਜਦੋਂ ਮੈਨੂੰ ਲੈਣ ਆਏ ਤਾਂ ਕਹਿੰਦੇ ਇਹਨੂੰ ਮਾਰਨਾ ਨਹੀਂ ਹੈ। ਉਹ ਕਹਿਣ ਲੱਗੇ ਕਿਉਂ ਨਹੀਂ ਮਾਰਨਾ? ਕਹਿੰਦੇ ਇਹਨੇ ਮਹਾਤਮਾ ਨੂੰ ਰਸਤਾ ਦਿਖਾ ਕੇ ਲੰਘਾਇਆ ਸੀਗਾ ਭੀੜ ਦੇ ਵਿਚੋਂ। ਕਹਿੰਦਾ, ਉਹਦਾ ਪੁੰਨ ਮੈਨੂੰ ਇਹ ਮਿਲਿਆ ਕਿ ਮੈਨੂੰ ਜਮਾਂ ਦੀ ਮਾਰ ਨਹੀਂ ਪਈ। ਕਿਉਂਕਿ ਮਹਾਰਾਜ ਕਹਿੰਦੇ ਨੇ ਇਹ ਗੱਲ-

***ਜੇ ਕੋ ਜੀਉ ਕਹੈ ਓਨਾ ਕਉ***
***ਜਮ ਕੀ ਤਲਬ ਨ ਹੋਈ ॥ ਅੰਗ - ੧੩੨੮***

ਜੇ ਕੋਈ ਮਹਾਂਪੁਰਸ਼ਾਂ ਨੂੰ ਕੇਵਲ ਆਦਰ ਤੇ ਸਤਿਕਾਰ ਨਾਲ ਜੀ ਕਹਿ ਕੇ ਵੀ ਬੁਲਾ ਲੈਂਦਾ ਹੈ ਤਾਂ ਕਹਿੰਦੇ ਜਮਦੂਤ ਨਹੀਂ ਉਹਨੂੰ ਕੁੱਟਦੇ। ਕਿੱਡਾ ਵੱਡਾ ਪੁੰਨ ਹੋ ਗਿਆ। ਸੋ ਐਸਾ ਹੀ ਪੁੰਨ ਜੋ ਹੈ ਨਾਮ ਦਾ ਹੈ -

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਜਦੋਂ ਅਸੀਂ ਸੇਵਾ ਕਰਦੇ ਹਾਂ, ਕਹਿੰਦੇ ਉਹਦਾ ਪੁੰਨ ਦਰਗਾਹ ਦੇ ਵਿਚ ਇਹ ਮਿਲਦਾ ਹੈ ਕਿ ਥਾਂ ਮਿਲ ਜਾਂਦਾ ਹੈ। ਕੱਲ੍ਹ ਹੀ ਮੈਂ ਕਹਿ ਰਿਹਾ ਸੀ ਇਥੇ ਸੇਵਾ ਚੱਲ ਰਹੀ ਸੀ ਤੇ ਮੇਰੇ ਮਨ 'ਚ ਆਇਆ, ਹਿਸਾਬ-ਕਿਤਾਬ ਜਿਹਾ ਮੈਂ ਲਾ ਲੈਂਦਾ ਹੁੰਦਾ ਹਾਂ। ਮੈਂ ਕਿਹਾ ਕਿ 8 ਵਜੇ ਤੋਂ ਆਏ ਨੇ ਪ੍ਰੇਮੀ ਸਾਰੇ, ਬੀਬੀਆਂ ਆਈਆਂ ਨੇ, ਇਨ੍ਹਾਂ ਨੇ, ਨਾ ਇਕ ਸਕਿੰਟ ਵਾਸਤੇ ਦਮ ਲਿਆ, ਨਾ ਇਹ ਠਹਿਰੀਆਂ ਨੇ ਤੇ ਨਾ ਹੀ ਇਨ੍ਹਾਂ ਦੀ ਚਾਲ ਮੱਠੀ ਪਈ, ਓਨੀਓਂ ਤੇਜ਼ੀ ਹੈ, ਜਿੰਨੀ ਸਵੇਰ ਵੇਲੇ ਸੀ, ਓਸ ਵੇਲੇ ਦੋ ਵੱਜ ਗਏ ਸੀ। ਛੇ ਘੰਟੇ ਸੇਵਾ ਕਰਦਿਆਂ ਨੂੰ ਹੋ ਗਏ ਸੀ। ਛੋਟੀਆਂ-ਛੋਟੀਆਂ ਬੱਚੀਆਂ ਇਕ ਵੀ ਨਾ ਥੱਕੀ। ਮੈਂ ਹੈਰਾਨ ਹੋ ਰਿਹਾ ਸੀ ਤੇ ਮੈਂ ਅੰਦਾਜ਼ਾ ਲਾਇਆ ਕਿ ਛੇ ਘੰਟੇ 'ਚ ਐਵਰੇਜ ਜੇ ਆਹੀ ਮੰਨ ਲਓ ਕਿ ਦੋ ਕਿਲੋਮੀਟਰ ਇਹ ਇਕ ਘੰਟੇ 'ਚ ਤੁਰੀਆਂ ਨੇ, ਬੀਬੀਆਂ ਤੇ ਭਾਈ ਤੁਰੇ ਨੇ ਕਿ ਇਹ ਅੱਠ ਘੰਟਿਆਂ ਦੇ ਅੰਦਰ ਕਿੰਨਾ ਚੱਲ ਗਏ। ਛੇ ਘੰਟਿਆਂ ਦੇ ਅੰਦਰ 12 ਕਿਲੋਮੀਟਰ ਚੱਲ ਗਏ। ਸਿਰ ਦੇ ਉਤੇ ਵਜ਼ਨ ਲੈ-ਲੈ ਕੇ। ਸਹਿਜ ਦੇ ਵਿਚ ਸੇਵਾ ਹੋਈ ਹੈ, ਮੈਂ ਕਿਹਾ ਬੇਟਾ! ਥੱਕ ਤਾਂ ਨਹੀਂ ਗਈਆਂ। ਕਹਿੰਦੀਆਂ ਨਹੀਂ ਪਿਤਾ ਜੀ ਅਸੀਂ ਨਹੀਂ ਥੱਕੀਆਂ। ਮੈਂ ਕਿਹਾ ਅੱਜ 12 ਕਿਲੋਮੀਟਰ ਤੁਸੀਂ ਤੁਰੀਆਂ ਓਂ, ਗੁਰੂ ਦੀ ਸੇਵਾ ਦੇ ਵਿਚ ਵਜ਼ਨ ਚੁੱਕ-ਚੁੱਕ ਕੇ। ਤੁਹਾਡਾ ਘੱਟ ਤੋਂ ਘੱਟ ਵੀ ਮੈਂ ਅਨੁਮਾਨ ਲਾਵਾਂ, 12 ਲੱਖ ਕਿਲੋਮੀਟਰ ਤੁਹਾਡਾ ਦਰਗਾਹ ਦਾ ਰਸਤਾ ਸਾਫ ਹੋ ਗਿਆ। ਇਹ ਜੋ ਸੜਕ ਦੀ ਸੇਵਾ ਕਰੀ ਹੈ, ਪਤਾ ਨਹੀਂ ਕਿਹੜੇ ਬ੍ਰਹਮਗਿਆਨੀ ਦੇ ਚਰਨ ਇਥੇ ਪੈ ਜਾਣੇ ਨੇ ਤੇ ਜਿਨ੍ਹਾਂ ਨੇ ਸਿਰਾਂ ਤੇ ਚੁੱਕ ਕੇ ਪੱਥਰ ਪਾਏ ਨੇ, ਸੜਕਾਂ ਬਣਾਈਆਂ ਨੇ, ਮਿੱਟੀਆਂ ਢੋਈਆਂ ਨੇ, ਕਿੰਨੀ ਧੁੱਪ ਹੋਇਆ ਕਰਦੀ ਸੀ, ਉਨ੍ਹਾਂ ਦੇ ਪੁੰਨ ਕਿੰਨੇ ਹੋ ਗਏ ਹੋਣੇ ਨੇ। ਮੈਂ ਕਿਹਾ ੧੨ ਕਰੋੜ ਮੀਲ ਤੋਂ ਜ਼ਿਆਦਾ ਤੁਹਾਡਾ ਰਸਤਾ ਉਸ ਸੜਕ ਨੇ ਸਾਫ ਕਰ ਦਿਤਾ। ਸੋ ਇਹ ਸੇਵਾ ਦਰਗਾਹ 'ਚ ਜਾ ਕੇ ਫਲਦੀ ਹੈ ਬੇਅੰਤ ਹੀ। ਉਥੇ ਥਾਂ ਮਿਲ ਜਾਇਆ ਕਰਦਾ ਹੈ। ਸੋ ਇਸੇ ਤਰ੍ਹਾਂ ਦੇ ਨਾਲ ਤੁਸੀਂ ਸਤਿਸੰਗ 'ਚ ਬੈਠੇ ਓਂ। ਇਕ ਬਹੁਤ ਵੱਡੇ ਯੱਗ ਦੇ ਵਿਚ ਬੈਠੇ ਓਂ। ਮਹਾਰਾਜ ਕਹਿੰਦੇ-

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - ੫੪੬***

ਸੋ ਓਸ ਗੁਰੂ ਦਾ, ਜੋ ਗੁਰੂ ਪ੍ਰਮੇਸ਼ਰ ਹੈ, ਓਸ ਦਾ ਅਸੀਂ ਜਸ ਕਰ ਰਹੇ ਹਾਂ।

ਗੁਰੂ ਨਾਨਕ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਆਪ ਏਮਨਾਬਾਦ ਦੇ ਵਿਚ ਭਾਈ ਲਾਲੋ ਦੇ ਪਾਸ ਰਹਿ ਰਹੇ ਨੇ। ਆਪ ਨੇ ਐਸੀ ਬਿਰਤੀ ਧਾਰਨ ਕਰ ਲਈ ਕਿ ਰੋੜਾਂ ਦੀ ਸੇਜ ਵਿਛਾ ਲਈ, ਉਹਦੇ ਉਤੇ ਬਹਿ ਜਾਇਆ ਕਰਦੇ ਨੇ ਜਾ ਕੇ। ਸਾਰਾ ਦਿਨ ਬੈਠੇ ਰਹਿੰਦੇ ਨੇ ਤੇ ਭਾਈ ਬਾਲਾ ਜੀ ਨੂੰ ਤਾਂ ਪਹਿਲਾਂ ਹੀ ਭੇਜ ਦਿਤਾ। ਭਾਈ ਮਰਦਾਨੇ ਨੂੰ ਕਿਹਾ ਕਿ ਤੂੰ ਤਲਵੰਡੀ ਜਾਇ ਆ। ਘਰਵਾਲਿਆਂ ਦੀ ਖਬਰ ਸਾਰ ਲੈ ਆ ਤੇ ਜਲਦੀ ਆ ਜਾਈਂ ਵਾਪਸ, ਫੇਰ ਆਪਾਂ ਅੱਗੇ ਜਾਣਾ ਹੈ। ਭਾਈ ਮਰਦਾਨਾ ਜੀ, ਭਾਈ ਬਾਲਾ ਜੀ ਤਲਵੰਡੀ ਆ ਜਾਂਦੇ ਨੇ ਤੇ ਮਹਿਤਾ ਕਾਲੂ ਜੀ ਨੂੰ ਪਤਾ ਲੱਗਿਆ ਕਿ ਗੁਰੂ ਨਾਨਕ ਦੇ ਪਾਸੋਂ ਆਏ ਨੇ। ਓਸ ਵੇਲੇ ਭਾਈ ਬਾਲਾ ਜੀ ਪਹਿਲਾਂ ਪਹੁੰਚੇ ਸੀ ਤੇ ਭਾਈ ਬਾਲਾ ਜੀ ਨੂੰ ਬੁਲਾਇਆ ਤੇ ਬੁਲਾ ਕੇ ਕਹਿਣ ਲੱਗੇ ਕਿ ਬਾਲਾ! ਤੈਨੂੰ ਨਾਨਕ ਦੇ ਨਾਲ ਭੇਜਿਆ ਸੀ, ਉਹ ਮੋਦੀਖਾਨੇ ਦੀ

ਸੇਵਾ ਕਰਦੇ ਸੀ, ਤੂੰ ਉਨ੍ਹਾਂ ਦਾ ਹੱਥ ਵਟਾਉਂਦਾ ਸੀ, ਦੇਹ ਖਬਰ ਨਾਨਕ ਦੀ ਕੀ ਹਾਲ ਚਾਲ ਹੈ?

ਭਾਈ ਬਾਲਾ ਕਹਿਣ ਲੱਗਿਆ, ਮਹਿਤਾ ਜੀ ਗੁਰੂ ਨਾਨਕ ਦੀ ਮਹਿਮਾ ਤਾਂ ਕਥਨ ਤੋਂ ਬਾਹਰ ਹੈ। ਅਗਾਧ ਬੋਧ ਹੈ, ਓਹਦੀ ਲੀਲਾ। ਓਹਦੀ ਕ੍ਰਿਆ ਅਗੰਮ ਹੈ, ਜਿਹੜੀ ਮੇਰੇ ਤੋਂ ਦੱਸੀ ਨਹੀਂ ਜਾਂਦੀ। ਏਸ ਤਰ੍ਹਾਂ ਦੇ ਨਾਲ ਫੁਰਮਾਨ ਹੈ –

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮੁ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ। ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥***
***ਭਾਈ ਗੁਰਦਾਸ ਜੀ, ਵਾਰ 34/1***

ਤੁਸੀਂ ਨਾਨਕ ਜੀ ਦਾ ਹਾਲ ਪੁੱਛਦੇ ਓਂ, ਉਨ੍ਹਾਂ ਦਾ ਹਾਲ ਤਾਂ ਕਹਿਣ ਸੁਣਨ ਤੋਂ ਬਾਹਰ ਹੈ। ਕਹਿਣ ਲੱਗੇ, ਬਾਲਾ! ਅਨਜਾਣਾਂ ਵਾਲੀਆਂ ਗੱਲਾਂ ਨਾ ਮੇਰੇ ਨਾਲ ਕਰ, ਮੈਂ ਤੇਰੇ ਤੋਂ ਪੁੱਛਦਾ ਹਾਂ ਕਿ ਨਾਨਕ ਦਾ ਕੀ ਹਾਲ ਹੈ? ਤੂੰ ਮੈਨੂੰ ਹੋਰ ਹੀ ਕਹਾਣੀਆਂ ਪਾਉਣ ਲੱਗ ਗਿਆ। ਬਾਲੇ ਨੇ ਕਿਹਾ ਜੀ ਉਹ ਤਾਂ ਕੁਲਾਂ ਤਾਰਨ ਆਇਆ ਹੋਇਆ ਹੈ। ਮਹਿਤਾ ਕਾਲੂ ਜੀ ਕਹਿੰਦੇ, ਮੂਰਖ ਜੱਟ, ਗੱਲ ਤੇ ਆਉਂਦਾ ਹੀ ਨਹੀਂ ਹੈ। ਬਾਲੇ ਨੇ ਕਿਹਾ ਕਿ ਜੇ ਤੂੰ ਪੁੱਛਣਾ ਹੀ ਹੈ ਤਾਂ ਆਪਣੀ ਲੜਕੀ ਤੇ ਜਵਾਈ ਨੂੰ ਪੁੱਛ ਲੈ ਮੇਰੇ ਨਾਲ ਕਿਉਂ ਖਹਿਬੜਦੈਂ? ਮੈਂ ਕੁੱਛ ਲਿਤਾ ਹੈ, ਮੈਂ ਤਾਂ ਗੁਰੂ ਨਾਨਕ ਦੇ ਨਾਲ ਹਾਂ, ਮੈਂ ਆਪਣੀ ਖੇਤੀਬਾੜੀ ਵੀ ਛੱਡੀ ਹੋਈ ਹੈ। ਕਿੰਨੇ ਸਾਲ ਤੋਂ ਮੈਂ ਉਥੇ ਰਹਿ ਰਿਹਾ ਹਾਂ, ਸੇਵਾ ਕਰ ਰਿਹਾ ਹਾਂ ਤੇ ਤੂੰ ਮੈਨੂੰ ਉਲਟਾ ਤਾੜਨ ਲਗ ਗਿਆ। ਐਨਾ ਕਹਿ ਕੇ ਬਾਲਾ ਜੀ ਤਾਂ ਚੁੱਪ ਕਰਕੇ ਆਪਣੇ ਘਰ ਚਲੇ ਗਏ ਤੇ ਇਹ ਆਪਣੇ ਘਰ ਚਲਿਆ ਗਿਆ। ਥੋੜ੍ਹੇ ਦਿਨਾਂ ਤੋਂ ਬਾਅਦ, ਕੁਝ ਸਮਾਂ ਲੰਘਣ ਤੋਂ ਬਾਅਦ, ਭਾਈ ਮਰਦਾਨਾ ਜੀ ਨੂੰ ਗੁਰੂ ਮਹਾਰਾਜ ਨੇ ਭੇਜਿਆ ਕਿ ਭਾਈ ਮਰਦਾਨਾ ਤੂੰ ਜਾਹ। ਤੇਰੇ ਨਾਲ ਮਹਿਤਾ ਜੀ ਲੜਨਗੇ, ਗੁੱਸੇ ਨਾ ਹੋਈਂ। ਸਹੀ-ਸਹੀ ਗੱਲ ਦੱਸ ਦੇਈਂ ਜੋ ਹੋਈ ਹੈ ਕਿਉਂਕਿ ਉਹਨਾਂ ਦਾ ਸੁਭਾਅ ਲੜਾਈ ਦਾ ਹੀ ਹੈ, ਬਚਪਨ ਤੋਂ ਹੀ ਗੱਲ ਸਮਝਦੇ ਨਹੀਂ ਹਨ, ਤੇਜ਼ ਹੋ ਜਾਂਦੇ ਨੇ, ਬਹੁਤ ਉਲਟੀਆਂ ਪੁਲਟੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿੰਦੇ ਨੇ। ਸੁਣਨਗੇ, ਦੱਸ ਦੇਈਂ, ਨਹੀਂ ਸੁਣਨਗੇ, ਚੁੱਪ ਕਰ ਜਾਈਂ।

ਸੋ ਭਾਈ ਮਰਦਾਨੇ ਦਾ ਜਦੋਂ ਪਤਾ ਲੱਗਿਆ ਤਾਂ ਉਹਨੇ ਕੁਦਰਤੀ ਜਾਣਾ ਹੀ ਸੀ। ਜਾ ਕੇ ਦੁਆ ਸਲਾਮ ਕਰੀ, ਨਮਸਕਾਰ ਕਰੀ। ਪੁੱਛਿਆ ਮਹਿਤਾ ਜੀ ਨੇ ਕਿ ਨਾਨਕ ਜੀ ਦਾ ਕੀ ਹਾਲ ਹੈ? ਉਹ ਕਹਿੰਦਾ, ਮਹਿਤਾ ਜੀ! ਉਹ ਤਾਂ ਅੱਲਾ ਦੀ ਜਾਤ ਆਈ ਹੋਈ ਹੈ। ਉਹ ਸੰਸਾਰ ਦਾ ਉਧਾਰ ਕਰਨ ਵਾਲਾ ਆਪ ਅੱਲਾਹ, ਮਨੁੱਖ ਰੂਪ ਵਿਚ ਆਇਆ ਹੈ। ਕਹਿੰਦਾ, ਮੈਂ ਤੈਨੂੰ ਹਾਲ ਪੁੱਛਦਾ ਹਾਂ ਤੂੰ ਹੋਰ ਹੀ ਗੱਲਾਂ ਕਰਨ ਲੱਗ ਗਿਆ? ਪਹਿਲਾਂ ਬਾਲੇ ਨੂੰ ਪੁਛਿਆ ਹਾਲ ਉਹ ਵੀ ਆਹੀ ਗੱਲਾਂ ਸੁਣਾ ਕੇ ਗਿਆ। ਮਰਦਾਨੇ ਨੇ ਕਿਹਾ ਕਿ ਤੁਸੀਂ ਮੰਨੋ, ਚਾਹੇ ਨਾ ਮੰਨੋ ਜੋ ਕੁਛ ਗੁਰੂ ਨਾਨਕ ਨੇ, ਅਸੀਂ ਕਹਿ ਨਹੀਂ ਸਕਦੇ। ਸਾਡੀ ਸਮਝ ਤਾਂ ਇਕ ਪਾਸੇ, ਫਰਿਸ਼ਤਿਆਂ ਦੀ ਸਮਝ 'ਚ ਨਹੀਂ ਆ ਰਹੇ ਉਹ। ਮੈਂ ਤੈਨੂੰ ਇਕੋ ਗੱਲ ਮੁਕਾ ਦਿਤੀ ਕਿ ਉਹ ਤਾਂ ਆਪ ਸ਼ਾਖਸਾਤ ਮਨੁੱਖ ਜਾਮੇ 'ਚ ਪ੍ਰਮੇਸ਼ਰ ਪ੍ਰਗਟ ਹੋਏ। ਉਨ੍ਹਾਂ ਦੇ ਕੌਤਕ ਨਿਰਾਲੇ ਨੇ ਸਾਰੇ। ਗੁੱਸੇ ਹੋ ਗਏ ਮਹਿਤਾ ਕਾਲੂ ਜੀ। ਕਹਿਣ ਲੱਗੇ ਕਿ ਉਹ ਤਾਂ ਵਿਗੜਿਆ ਹੀ ਹੈ, ਇਹ ਵੀ ਨਾਲ ਹੀ ਵਿਗੜ ਗਏ। ਮੈਨੂੰ ਆ ਕੇ ਕਹਿੰਦੇ ਨੇ ਕੁਲਾਂ ਦੇ ਤਾਰਨ ਆਇਆ ਹੈ, ਐਂ ਨਹੀਂ ਕਹਿੰਦੇ ਕਿ ਪੈਸਾ ਕਮਾ ਕੇ ਦਏਗਾ। ਕਹਿੰਦਾ, ਪੈਸਾ ਕੋਈ ਕਮਾਇਆ ਹੈ ਉਸਨੇ? ਭਾਈ ਮਰਦਾਨੇ ਨੇ ਕਿਹਾ ਕਿ ਪੈਸਾ, ਪੈਸਾ ਤਾਂ ਉਹਦੇ ਅੱਗੇ ਪਿਛੇ ਘੁੰਮਦਾ ਹੈ। ਉਹ ਤਾਂ ਸਾਰੀ ਦੁਨੀਆਂ ਨੂੰ ਰਿਜਕ ਦੇ ਰਿਹਾ ਹੈ। ਸਾਰੀ ਦੁਨੀਆਂ ਦਾ ਰਾਜ਼ਕ ਹੈ, ਮਹਿਤਾ ਜੀ! ਤੁਸੀਂ ਸਮਝੋ, ਪੁੱਤਰ ਕਰਕੇ ਨਾ ਜਾਣੋ। ਨਰਾਜ਼ ਹੋ ਗਿਆ, ਉਸ ਤੋਂ ਬਾਅਦ ਰਾਏ ਬੁਲਾਰ ਜੀ ਨੂੰ ਪਤਾ ਲੱਗਿਆ ਕਿ ਮਰਦਾਨਾ ਤੇ ਭਾਈ ਬਾਲਾ ਆਏ ਹੋਏ ਨੇ। ਮਨ ਵਿਚ ਬੜਾ ਹੀ ਚਾਓ ਜਾਗਿਆ ਕਿਉਂਕਿ ਸਭ ਤੋਂ ਜ਼ਿਆਦਾ ਜੇ ਪਿਆਰ ਗੁਰੂ ਨਾਨਕ ਪਾਤਸ਼ਾਹ ਨੂੰ ਕੀਤਾ ਹੈ ਉਹ ਦੋ ਜਣਿਆ ਨੇ ਕੀਤਾ ਹੈ ਜਿਨ੍ਹਾਂ ਨੇ ਸਹੀ ਸਮਝਿਆ ਗੁਰੂ ਨਾਨਕ ਨੂੰ। ਪਹਿਲੀ ਹੈ ਬੇਬੇ ਨਾਨਕੀ, ਉਹਨੂੰ ਜਨਮ ਤੋਂ ਗਿਆਨ ਸੀ ਕਿ ਮੇਰਾ ਵੀਰ ਪਾਰਬ੍ਰਹਮ ਪ੍ਰਮੇਸ਼ਰ, ਸੰਸਾਰ ਦਾ ਉਧਾਰ ਕਰਨ ਆਇਆ ਹੈ, ਉਹਦੇ ਅੰਦਰ ਐਨੀ ਸ਼ਕਤੀ ਸੀ ਉਹ ਸਭ ਕੁਛ ਜਾਣਦੀ ਸੀ ਲੇਕਿਨ ਉਤੋਂ ਚੁੱਪ ਸੀ, ਇਸੇ ਕਰਕੇ ਜਦੋਂ ਰੌਲਾ ਪਿਆ ਕਿ ਵੇਈਂ 'ਚ ਡੁੱਬ ਗਏ ਗੁਰੂ ਨਾਨਕ। ਤਾਂ ਕਹਿਣ ਲੱਗੀ ਕਿ ਮੇਰਾ ਵੀਰ ਵੇਈਂ ਵਿਚ ਡੁਬੇਗਾ? ਉਹ ਤਾਂ ਸਾਰੇ ਡੁੱਬੇ ਹੋਏ ਸੰਸਾਰ ਨੂੰ ਤਾਰਨ 'ਚ ਸਮਰੱਥ ਹੈ। ਤੁਸੀਂ ਕਿਹੜੀਆਂ ਕੱਚੀਆਂ ਗੱਲਾਂ ਕਰਦੇ ਓਂ? ਸਭ ਰੋਂਦੇ ਸੀ, ਕੇਵਲ ਬੇਬੇ ਨਾਨਕੀ ਨਹੀਂ ਸੀ ਰੋਈ। ਸਭ ਨੂੰ ਹੌਂਸਲਾ ਤੇ ਧੀਰਜ ਦਿੰਦੀ ਸੀ। ਦੂਸਰਾ ਸੀ – ਰਾਇ

ਬੁਲਾਰ। ਰਾਇ ਬੁਲਾਰ ਨੇ ਗੁਰੂ ਨਾਨਕ ਨੂੰ ਬਚਪਨ 'ਚੋਂ ਹੀ ਪਛਾਣ ਲਿਆ ਸੀ, ਓਸ ਵੇਲੇ ਤੋਂ ਹੀ ਬੜੀ ਭਾਰੀ ਸ਼ਰਧਾ ਉਹਦੇ ਮਨ ਵਿਚ ਪੈਦਾ ਹੋਈ। ਉਸ ਨੇ ਬੜੀ ਵਾਰੀ ਮਹਿਤਾ ਕਾਲੂ ਨੂੰ ਕਿਹਾ ਕਿ ਤੂੰ ਐਵੇਂ ਹੀ ਕਲੇਸ ਕਰਦੈਂ ਆਪਣੇ ਬੱਚੇ ਦੀ ਮਹਿਮਾ ਨੂੰ ਸਮਝ। ਜਿੰਨੇ ਤੈਨੂੰ ਪੈਸੇ ਚਾਹੀਦੇ ਨੇ, ਮੇਰੇ ਤੋਂ ਲੈ ਜਾਇਆ ਕਰ। ਗੁਰੂ ਨਾਨਕ ਨੂੰ ਤੰਗ ਨਾ ਕਰ। ਇਹ ਤਾਂ ਅੱਲਾਹ ਦੀ ਜ਼ਾਤ ਹੈ, ਮੇਰਾ ਮੁਰਸ਼ਦ ਹੈ। ਜਿਵੇਂ ਪੀਰ ਤੇ ਮੁਰਸ਼ਦ ਦਾ ਪਿਆਰ ਹੁੰਦਾ ਹੈ, ਮੁਰੀਦ ਦਾ ਪਿਆਰ ਹੁੰਦਾ ਹੈ, ਐਨਾ ਪਿਆਰ ਇਹਦੇ ਹਿਰਦੇ 'ਚ ਸੀ। ਭੇਜ ਤਾਂ ਦਿਤਾ ਇਹਨੇ ਸੁਲਤਾਨਪੁਰ ਪਰ ਕੋਈ ਦਿਨ ਨਹੀਂ ਸੀ ਜਾਂਦਾ ਕਿ ਜਿਸ ਦਿਨ ਇਹ ਗੁਰੂ ਨਾਨਕ ਨੂੰ ਯਾਦ ਕਰਕੇ ਅੱਖਾਂ 'ਚੋਂ ਹੰਝੂ ਨਹੀਂ ਸੀ ਸਿੱਟਿਆ ਕਰਦਾ, ਮਨ ਵਿਚ ਬੜੀ ਖਿੱਚ ਰਹਿੰਦੀ ਸੀ। ਹਰ ਵਕਤ ਲੋਚਦਾ ਸੀ ਕਿ ਗੁਰੂ ਨਾਨਕ ਆਵੇ ਤੇ ਮੈਨੂੰ ਦੀਦਾਰ ਦੇਵੇ।

ਅੱਜ ਜਦੋਂ ਪਤਾ ਲੱਗਿਆ ਕਿ ਭਾਈ ਮਰਦਾਨਾ ਆਏ ਨੇ ਤੇ ਭਾਈ ਬਾਲਾ ਜੀ ਵੀ ਆਏ ਹੋਏ ਨੇ। ਕਹਿਣ ਲੱਗੇ, ਭਾਈ ਮਰਦਾਨੇ ਨੂੰ ਬੁਲਾਓ ਭਾਈ। ਬਾਲਾ ਜੀ ਨੂੰ ਬੁਲਾਓ। ਦੋਹਾਂ ਨੂੰ ਬੁਲਾਇਆ, ਕਹਿਣ ਲੱਗੇ ਤੁਸੀਂ ਮੈਨੂੰ ਖਬਰ ਦਿਓ, ਮੇਰੇ ਪਿਆਰੇ ਗੁਰੂ ਨਾਨਕ ਪਾਤਸ਼ਾਹ ਕਿਸ ਹਾਲ 'ਚ ਨੇ? ਕਿੱਥੇ ਛੱਡ ਕੇ ਆਏ ਓਂ ਤੁਸੀਂ? ਕਹਿਣ ਲੱਗੇ, ਰਾਇ ਬੁਲਾਰ ਜੀ! ਗੁਰੂ ਨਾਨਕ ਪਾਤਸ਼ਾਹ ਜਦੋਂ ਤੁਹਾਡੇ ਪਾਸੋਂ ਗਏ ਨੇ, ਉਨ੍ਹਾਂ ਨੇ ਜਾ ਕੇ ਜਦੋਂ ਨਵਾਬ ਨਾਲ ਮੁਲਾਕਾਤ ਕੀਤੀ, ਦੌਲਤ ਖਾਂ ਲੋਧੀ ਨਾਲ। ਦੌਲਤ ਖਾਂ ਲੋਧੀ ਨੇ ਇਕ ਗੱਲ ਕਹੀ ਕਿ ਐਸਾ ਜ਼ਹੀਨ ਮੈਂ ਨਹੀਂ ਕੋਈ ਬੰਦਾ ਦੇਖਿਆ। ਇਹ ਬੰਦਾ ਨਹੀਂ ਹੈ ਤਾਂ ਕੋਈ ਅਗੰਮੀ ਚੀਜ਼ ਹੈ। ਐਨਾ ਜ਼ਹੀਨ, ਇਹ ਤਾਂ ਮੇਰਾ ਪਰਾਈਮ ਮਨਿਸਟਰ ਬਣਨ ਦੇ ਕਾਬਿਲ ਹੈ।

ਗੁਰੂ ਨਾਨਕ ਨੂੰ ਕਿਹਾ ਕਿ ਮੈਂ ਤੈਨੂੰ ਸਭ ਤੋਂ ਵੱਡਾ ਵਜ਼ੀਰ ਬਣਾਉਣਾ ਚਾਹੁੰਦਾ ਹਾਂ, ਮਹਾਰਾਜ ਕਹਿੰਦੇ ਨਹੀਂ ਅਸੀਂ ਸੇਵਾ ਕਰਨ ਵਾਲਾ ਕੰਮ ਲੈਣਾ ਹੈ। ਸੋ ਉਸ ਵੇਲੇ ਅੱਠ ਵਜ਼ੀਰ ਹੋਇਆ ਕਰਦੇ ਸੀ, ਜਿਹਦੇ ਵਿਚੋਂ ਮੋਦੀ ਇਕ ਵਜ਼ੀਰ ਹੋਇਆ ਕਰਦਾ ਸੀ, ਜਿਹੜਾ ਹਰ ਥਾਂ ਦੇ ਉਤੇ ਰਾਸ਼ਨ ਪਹੁੰਚਾਉਂਦਾ ਸੀ। ਖਾਨਾ-ਏ-ਖਾਨਾ ਹੋਇਆ ਕਰਦਾ ਸੀ, ਹੋਮ ਮਨਿਸਟਰ। ਵਜ਼ੀਰ-ਏ-ਆਜ਼ਮ ਹੋਇਆ ਕਰਦਾ ਸੀ, ਜਿਹਨੂੰ ਪਰਾਈਮ ਮਨਿਸਟਰ ਅੱਜਕਲ੍ਹ ਕਹਿੰਦੇ ਨੇ। ਦੀਵਾਨ ਹੋਇਆ ਕਰਦਾ ਸੀ, ਜਿਹੜਾ ਫਾਇਨੈਂਸ ਮਨਿਸਟਰ ਹੁੰਦਾ, ਬਖਸ਼ੀ ਹੋਇਆ ਕਰਦਾ ਸੀ ਫੌਜਾਂ ਦਾ ਮਨਿਸਟਰ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਬਹੁਤ ਅਹੁਦੇ ਵਾਲੀ ਜਗ੍ਹਾ ਮਿਲੀ। ਲੇਕਿਨ ਗੁਰੂ ਨਾਨਕ ਪਾਤਸ਼ਾਹ ਆਪ ਆ ਕੇ ਹੱਥੀਂ ਕੰਮ ਕਰਦੇ ਰਹਿੰਦੇ। ਬੜੀ ਮਾਨਤਾ ਹੋਈ ਬਹੁਤ ਬੰਦੇ ਆਉਣੇ ਸ਼ੁਰੂ ਹੋ ਗਏ, ਸਾਧੂ ਮਹਾਤਮਾ, ਪੀਰ ਫਕੀਰ ਜਿੰਨੇ ਸੀ, ਖੁਸ਼ ਹੋ ਗਏ। ਸਭ ਨੂੰ ਰਾਸ਼ਨ, ਸਭ ਡੇਰਿਆਂ 'ਚ ਰਾਸ਼ਨ, ਸਭ ਮੁਕਾਮਾਂ ਤੇ ਰਾਸ਼ਨ, ਸਭ ਟਿਕਾਣਿਆਂ ਤੇ ਰਾਸ਼ਨ ਸਹੀ ਜਾਣ ਲੱਗ ਗਿਆ ਤੇ ਬੜੀ ਭਾਰੀ ਖੁਸ਼ੀ ਫੈਲ ਗਈ ਸਾਰਿਆਂ ਦੇ ਅੰਦਰ ਕਿ ਐਸਾ ਰੱਬ ਵਰਗਾ ਅਸੀਂ ਦੇਖਿਆ ਨਹੀਂ ਤੇ ਕਹਿਣ ਲੱਗੇ ਰਾਇ ਜੀ! ਕਦੇ ਘਾਟਾ ਨਹੀਂ ਸੀ ਪੈਂਦਾ।

ਅਖੀਰ ਗੁਰੂ ਨਾਨਕ ਪਾਤਸ਼ਾਹ ਨੇ ਪ੍ਰਮੇਸ਼ਰ ਦੇ ਹੁਕਮ ਦੇ ਵਿਚ ਵੇਈਂ ਨਦੀ 'ਚ ਚੁੱਭੀ ਮਾਰੀ ਤੇ ਤਿੰਨ ਦਿਨ ਰੌਲਾ ਪੈ ਗਿਆ, ਗੁਰੂ ਨਾਨਕ ਡੁੱਬ ਗਿਆ, ਗੁਰੂ ਨਾਨਕ ਡੁੱਬ ਗਿਆ। ਬੇਬੇ ਨਾਨਕੀ ਨੇ ਕਿਹਾ ਕਿ ਨਹੀਂ, ਮੇਰਾ ਵੀਰ ਡੁੱਬਿਆ ਨਹੀਂ ਇਹ ਤਾਂ ਕੌਤਕ ਹੈ ਉਹਦਾ, ਉਹ ਤਾਂ ਸੰਸਾਰ ਨੂੰ ਤਾਰਨ ਵਾਲਾ ਹੈ ਉਹਨੇ ਕੀ ਡੁੱਬਣਾ ਹੈ। ਉਹ ਤਾਂ ਡੁੱਬਿਆਂ ਨੂੰ ਕੱਢ ਲੈਂਦਾ ਹੈ। ਸੋ ਉਸ ਵੇਲੇ ਜਦੋਂ ਤਿੰਨ ਦਿਨ ਲੰਘ ਗਏ, ਨਵਾਬ ਜਾਲ ਪੁਆਉਂਦਾ ਹੈ, ਜਿਧਰਲੇ ਪਾਸੇ ਨੂੰ ਪਾਣੀ ਜਾ ਰਿਹਾ ਹੈ ਤੇ ਗੁਰੂ ਨਾਨਕ ਉਪਰਲੇ ਪਾਸੇ ਜਾ ਕੇ ਸ਼ਮਸ਼ਾਨ ਭੂਮੀ 'ਚ ਨਿਕਲ ਗਏ। ਇਕੋ ਗੱਲ ਕਹਿ ਰਹੇ ਨੇ ਕਿ 'ਨਾ ਕੋਈ ਹਿੰਦੂ ਨਾ ਮੁਸਲਮਾਨ' ਜਾਂ ਬੋਲਦੇ ਹੀ ਨਹੀਂ, ਸਮਾਧੀ ਲਾਈ ਬੈਠੇ ਨੇ। ਅਖੀਰ ਸ਼ੱਕ ਹੋਇਆ ਕਿ ਕਿਸੇ ਭੂਤ ਨੇ ਫੜ ਲਏ, ਮੁਲਾਂ ਭੇਜਿਆ ਗਿਆ ਉਹਨੇ ਬੇਅੰਤ ਮੰਤਰ ਕੀਤੇ। ਬੜਾ ਕਹਿੰਦਾ ਰਿਹਾ ਕਿ ਮੈਂ ਤੈਨੂੰ ਕੱਢ ਕੇ ਛੱਡਾਂਗਾ। ਕਹਿੰਦਾ, ਭੂਤ ਬੜਾ ਸਖਤ ਹੈ, ਬੋਲਦਾ ਨਹੀਂ, ਬੁਲਾ ਕੇ ਛੱਡਾਂਗਾ। ਉਹਨੇ ਇਕ ਬੱਤੀ, ਬੜੀਆਂ ਹੀ ਭੈੜੀਆਂ ਦਵਾਈਆਂ ਦੀ ਹੁੰਦੀ ਹੈ ਬਦਬੂਦਾਰ, ਉਹਨੂੰ ਅੱਗ ਲਾ ਕੇ ਧੂੰਆਂ ਜਿਹੜਾ ਸੀ ਉਹ ਗੁਰੂ ਨਾਨਕ ਪਾਤਸ਼ਾਹ ਦੇ ਨੱਕ ਵਿਚ ਦੇਣਾ ਸ਼ੁਰੂ ਕਰ ਦਿਤਾ। ਮਹਾਰਾਜ ਜੀ ਨੇ ਨੇਤਰ ਖੋਲ੍ਹੇ ਤੇ ਬਚਨ ਕੀਤੇ, ਥੋੜ੍ਹੇ ਜਿਹੇ। ਉਹਦੇ ਨਾਲ ਮੁੱਲਾ ਸਿਜਦੇ 'ਚ ਆ ਗਿਆ ਰਾਇ ਸਾਹਿਬ! ਤੇ ਮੁਰੀਦ ਬਣ ਕੇ ਗਿਆ ਤੇ ਜਾ ਕੇ ਉਸਨੇ ਕਿਹਾ ਕਿ ਗੁਰੂ ਨਾਨਕ ਨੂੰ ਕੋਈ ਭੂਤ ਪ੍ਰੇਤ ਨਹੀਂ, ਉਹ ਤਾਂ ਪ੍ਰਮੇਸ਼ਰ ਨਾਲ, ਅੱਲਾਹ ਤਾਲਾ ਨਾਲ ਜੁੜੇ ਹੋਏ ਨੇ। ਮੁਰੱਕਬੇ 'ਚ ਨੇ, ਸਮਾਧੀ ਦੇ ਵਿਚ। ਤਾਂ ਉਸ ਵੇਲੇ ਨਵਾਬ ਨੂੰ ਸ਼ਿਕਾਇਤਾਂ ਕੀਤੀਆਂ ਕਿ ਮਹਾਰਾਜ ਘਾਟਾ ਪਾ ਕੇ ਜਾ ਕੇ ਪਾਖੰਡ ਕਰਿਆ ਹੈ। ਨਵਾਬ ਨੇ ਕਮੇਟੀ ਬਿਠਾ ਦਿਤੀ ਤੇ ਗੁਰੂ ਨਾਨਕ

ਦਾ ਕਿੰਨਾ ਪੈਸਾ ਨਿਕਲਿਆ, 790 ਰੁਪਿਆ ਨਿਕਲਿਆ (ਕਈ ਇਤਿਹਾਸਕਾਰਾਂ ਨੇ ਵੱਧ ਵੀ ਲਿਖਿਆ)। ਓਸ ਵੇਲੇ ਜਦ ਇਕ ਰੁਪਈਏ ਦੇ ਚਾਰ ਕੁਇੰਟਲ ਛੋਲੇ ਆਇਆ ਕਰਦੇ ਸੀ ਤੇ ਹੁਣ ਦਾ ਜੇ ਰੁਪਈਏ ਦਾ, 1940-38-33 ਦਾ ਵੀ ਇਹ ਸੌ ਗੁਣਾਂ ਵੱਧ ਹੋ ਗਿਆ। ਮਤਲਬ 76000 ਰੁਪਿਆ ਉਨ੍ਹਾਂ ਦਾ ਵਾਧਾ ਨਿਕਲਿਆ। ਗੁਰੂ ਨਾਨਕ ਨੂੰ ਪੁਛਿਆ ਕਿ ਕੀ ਕਰੀਏ? ਉਨ੍ਹਾਂ ਨੇ ਕਿਹਾ ਕਿ ਸਾਧੂ ਸੰਤਾਂ ਨੂੰ ਵੰਡ ਦਿਓ, ਮੈਨੂੰ ਤਾਂ ਪੈਸੇ ਦੀ ਲੋੜ ਨਹੀਂ। ਓਸ ਵੇਲੇ ਸਹੁਰਾ ਪਿਤਾ ਮੂਲਾ ਜੀ ਆ ਗਿਆ, ਮੂਲੇ ਜੀ ਨੇ ਆ ਕੇ ਰੌਲਾ ਪਾਇਆ, ਮੁਕੱਦਮਾ ਕਰ ਦਿਤਾ ਕਿ ਏਸ ਪੈਸੇ ਦੇ ਉਤੇ ਗੁਰੂ ਨਾਨਕ ਦੇ ਬੱਚਿਆਂ ਦਾ ਹੱਕ ਹੈ। ਇਹ ਸਾਧੂ ਸੰਤਾਂ ਨੂੰ ਨਹੀਂ ਵੰਡਣੇ ਚਾਹੀਦੇ। ਨਵਾਬ ਨੇ ਆਪਣੇ ਵਲੋਂ ਫੈਸਲਾ ਕਰ ਦਿਤਾ ਕਿ ਅੱਧਾ ਬੱਚਿਆਂ ਨੂੰ ਦੇ ਦਿਓ, ਅੱਧਾ ਸਾਧੂਆਂ ਨੂੰ ਦੇ ਦਿਓ। ਉਹ ਕਹਿਣ ਲੱਗੇ ਰਾਇ ਸਾਹਿਬ! ਏਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਟਿਕੇ ਨਹੀਂ ਹੈਗੇ ਤੇ ਉਥੋਂ ਭਾਈ ਬਾਲਾ ਕਹਿੰਦਾ ਮੈਂ ਤਾਂ ਆ ਗਿਆ। ਹੁਣ ਇਸ ਤੋਂ ਅੱਗੇ ਭਾਈ ਮਰਦਾਨੇ ਨੂੰ ਪਤਾ ਹੈ। ਮਰਦਾਨਾ ਕਹਿਣ ਲੱਗਿਆ ਕਿ ਨਵਾਬ ਸਾਹਿਬ! ਸਾਧੂਆਂ ਦਾ ਵੇਸ ਧਾਰ ਲਿਆ, ਫਕੀਰਾਂ ਵਾਲਾ ਗੁਰੂ ਨਾਨਕ ਨੇ। ਸਭ ਕੱਪੜੇ ਲੀੜੇ ਲਾਹ ਦਿਤੇ। ਦੋ ਚਾਦਰਾਂ ਲੈ ਲਈਆਂ ਦੋ ਪਟ ਦੀਆਂ ਤੇ ਇਕ ਦਸਤਾਰ ਸਿਰ ਤੇ ਛੋਟਾ ਪਰਨਾ ਬੰਨ੍ਹ ਲਿਆ, ਇਕ ਤੇੜ ਪਾ ਲਿਆ ਤੇ ਗਿਲਟੀ ਮਾਰ ਕੇ ਬੜਾ ਸਾਦਾ ਜਿਹਾ ਰੂਪ ਬਣਾ ਕੇ ਆਪ ਚੱਲ ਪਏ ਤੇ ਚਲਦੇ-ਚਲਦੇ ਭਾਈ ਲਾਲੋ ਕੋਲ ਏਮਨਾਬਾਦ ਪਹੁੰਚ ਗਏ। ਮੈਂ ਵੀ ਉਥੇ ਰਿਹਾ, ਕਾਫੀ ਸਾਨੂੰ ਤਕਲੀਫ ਰਹੀ ਤੇ ਗੁਰੂ ਨਾਨਕ ਪਾਤਸ਼ਾਹ ਇਕ ਥਾਂ ਰੋੜਾਂ ਦੀ ਸੇਜਾ 'ਤੇ ਬੈਠੇ ਰਹਿੰਦੇ ਸੀ। ਭਾਈ ਲਾਲੋ ਦੇ ਕੋਲ ਬੜੀ ਸ਼ਿਕਾਇਤ ਹੋਈ ਕਿ ਇਹ ਡੂੰਮ ਨੂੰ ਨਾਲ ਲਈ ਫਿਰਦਾ ਹੈ, ਗੁਰੂ ਨਾਨਕ ਦੀ ਬੜੀ ਨਿੰਦਿਆ ਹੋਈ ਉਥੇ। ਉਸ ਤੋਂ ਬਾਅਦ ਮਲਕ ਭਾਗੋ ਨੇ ਉਨ੍ਹਾਂ ਨੂੰ ਬੁਲਾਇਆ ਕਿ ਮੇਰੇ ਯੱਗ ਦੇ ਵਿਚ ਸ਼ਾਮਲ ਹੋਵੋ ਤੇ ਉਥੇ ਗੁਰੂ ਨਾਨਕ ਪਾਤਸ਼ਾਹ ਜਦੋਂ ਗਏ, ਉਹ ਕਹਿਣ ਲੱਗਿਆ ਕਿ ਪ੍ਰਸ਼ਾਦਾ ਛਕਾਉਣਾ ਹੈ ਅਸੀਂ ਤੁਹਾਨੂੰ। ਮਹਾਰਾਜ ਕਹਿੰਦੇ ਜੇ ਲੋੜ ਨਾ ਹੋਵੇ ਜ਼ਬਰਦਸਤੀ ਛਕਾਉਣਾ ਹੈ? ਕਹਿਣ ਲੱਗਿਆ, ਇਸ ਤਰ੍ਹਾਂ ਦੇ ਕੌਤਕ ਕੀਤੇ। ਇਸ ਤੋਂ ਪਹਿਲਾਂ ਨਵਾਬ ਐਨਾ ਕਾਇਲ ਹੋਇਆ ਦੌਲਤ ਖਾਂ ਕਿ ਗੁਰੂ ਨਾਨਕ ਨੂੰ ਲੈ ਕੇ ਨਮਾਜ਼ ਪੜ੍ਹਨ ਚਲਿਆ ਗਿਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਦੱਸ ਦਿਤਾ ਕਿ ਨਵਾਬ ਸਾਹਿਬ! ਨਮਾਜ਼ ਐਉਂ ਨਹੀਂ ਪੜ੍ਹੀਦੀ, ਚਾਹੇ ਪੂਜਾ ਕਰ ਲਓ, ਚਾਹੇ ਨਮਾਜ਼ ਪੜ੍ਹ ਲਓ, ਚਾਹੇ ਕੁੱਛ ਹੋਰ ਕਰ ਲਓ, ਜਦੋਂ ਤੱਕ ਤੁਹਾਡਾ ਮਨ ਸਾਥ ਨਹੀਂ ਦਿੰਦਾ, ਚਿੱਤ ਸਾਥ ਨਹੀਂ ਦਿੰਦਾ, ਕੋਈ ਲਾਭ ਨਹੀਂ ਹੋਇਆ ਕਰਦਾ। ਓਸ ਥਾਂ ਤੇ ਗੁਰੂ ਨਾਨਕ ਨੇ ਜੋ ਉਨ੍ਹਾਂ ਨੂੰ ਉਪਦੇਸ਼ ਦਿਤਾ-

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ - ੨੯੫*

ਰਾਇ ਬੁਲਾਰ ਕਹਿਣ ਲੱਗਿਆ ਕਿ ਭਾਈ ਮਰਦਾਨਾ ਇਹ ਕਿਸ ਤਰ੍ਹਾਂ ਹੋਈ? ਮੈਨੂੰ ਖੋਲ੍ਹ ਕੇ ਦੱਸੋ। ਕਹਿੰਦਾ ਰਾਇ ਜੀ! ਜਿਸ ਵਕਤ ਗੁਰੂ ਨਾਨਕ ਬਾਹਰ ਬੈਠੇ ਸੀ ਕਬਰਸਤਾਨ ਦੇ ਵਿਚ, ਮੜ੍ਹੀਆਂ 'ਚ ਉਸ ਵੇਲੇ ਇਕ ਬਚਨ ਕਹਿ ਰਹੇ ਸੀ-

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ - ੧੧੩੬*

ਨਵਾਬ ਦੇ ਨਾਲ ਬਚਨ ਹੋਏ, ਸ਼ਿਕਾਇਤ ਕੀਤੀ ਨਵਾਬ ਦੇ ਕੋਲ ਕਿ ਨਵਾਬ ਸਾਹਿਬ! ਗੁਰੂ ਨਾਨਕ ਸ਼ਰ੍ਹਾ ਦੀਆਂ ਧੱਜੀਆਂ ਉਡਾ ਰਿਹਾ ਹੈ। ਹਿੰਦੂ, ਹਿੰਦੂ ਨਹੀਂ ਹੋਣਗੇ ਪਰ ਮੋਮਨ ਤਾਂ ਮੋਮਨ ਨੇ, ਸ਼ਰ੍ਹਾ ਨੂੰ ਮੰਨਦੇ ਨੇ, ਰੋਜ਼ੇ ਰਖਦੇ ਨੇ, ਨਮਾਜ਼ਾਂ ਪੜ੍ਹਦੇ ਨੇ, ਮਸਜਿਦ ਜਾਂਦੇ ਨੇ, ਇਨ੍ਹਾਂ ਨੂੰ ਕੋਈ ਕਿਵੇਂ ਕਹਿ ਸਕਦਾ ਹੈ ਕੋਈ ਮੁਸਲਮਾਨ ਨਹੀਂ ਹੈ ਕਿਉਂਕਿ ਇਸਲਾਮ ਦਾ ਰਾਜ ਸੀ, ਇਸਲਾਮ ਦੇ ਕਾਨੂੰਨ ਸੀ। ਕੁਰਾਨ ਸ਼ਰੀਫ ਦੇ ਹਿਸਾਬ ਨਾਲ ਕਾਨੂੰਨ ਚਲਦੇ ਸੀ, ਸੋ ਕੁਦਰਤੀ ਸੀ ਕਿ ਗੁਰੂ ਨਾਨਕ ਦੀ ਪੇਸ਼ੀ ਹੋਣੀ ਸੀ। ਉਥੇ ਗੁਰੂ ਨਾਨਕ ਨੇ ਨਵਾਬ ਦੀ ਨਿਸ਼ਾ ਕਰਾ ਦਿਤੀ।

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥* *ਅੰਗ - ੧੪੧*

ਉਹ ਕਹਿਣ ਲੱਗੇ ਕਿ ਜੇ ਪੰਜ ਨਮਾਜ਼ਾਂ ਪੜ੍ਹਨੀਆਂ ਨੇ ਤਾਂ ਐਸ ਤਰ੍ਹਾਂ ਨਾਲ, ਆਹ ਭਾਵਨਾ ਰੱਖ ਕੇ ਪੜ੍ਹ। ਬਹੁਤ ਜ਼ਿਆਦਾ ਓਥੇ ਬਚਨ ਹੋਏ ਕੁਰਾਨ ਸ਼ਰੀਫ ਦੇ। ਗੁਰੂ ਨਾਨਕ ਨੇ ਸਾਰਿਆਂ ਨੂੰ ਨਿਰੁੱਤਰ ਕਰ ਦਿਤਾ ਤੇ ਨਵਾਬ ਦੌਲਤ ਖਾਂ ਐਨਾ ਕਾਇਲ ਹੋਇਆ ਕਿ ਉਹਨੇ ਕਿਹਾ ਕਿ ਗੁਰੂ ਨਾਨਕ ਨਾ ਹਿੰਦੂ ਹੈ, ਨਾ ਮੁਸਲਮਾਨ ਹੈ, ਇਹ ਤਾਂ ਅੱਲਾਹ ਦੀ ਜਾਤ ਹੈ।

ਹੇ ਨਾਨਕ! ਤੇਰੀ ਨਿਗ੍ਹਾ ਦੇ ਵਿਚ ਹਿੰਦੂ ਤੇ ਮੁਸਲਮਾਨ ਦੇ ਵਿਚੋਂ ਕੌਣ ਚੰਗਾ ਹੈ? ਗੁਰੂ ਨਾਨਕ

ਕਹਿੰਦੇ, ਨਵਾਬ ਸਾਹਿਬ! ਜਾਤ ਨਾਲ ਸਬੰਧ ਨਹੀਂ ਹੁੰਦਾ, ਅਮਲਾਂ ਨਾਲ ਸਬੰਧ ਹੁੰਦਾ ਹੈ, ਜਿਹਦੇ ਅਮਲ ਚੰਗੇ ਨੇ, ਉਹ ਚੰਗਾ ਹੈ। ਜਾਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*

*ਅੰਗ - ੪੬੯*

ਅੱਗੇ ਨਹੀਂ ਜਾਤ ਨੂੰ ਪੁਛਿਆ ਜਾਂਦਾ, ਉਥੇ ਤਾਂ ਕੀਤੇ ਹੋਏ ਕਰਮਾਂ ਦਾ ਫਲ ਹੋਣਾ ਹੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - ੯੫੩*

ਕਹਿੰਦੇ, ਨਵਾਬ ਸਾਹਿਬ! ਨਾ ਕੋਈ ਹਿੰਦੂ ਹੋ ਕੇ ਤਰ ਸਕਦਾ ਹੈ, ਨਾ ਮੁਸਲਮਾਨ ਹੋ ਕੇ ਤਰ ਸਕਦਾ ਹੈ, ਦਰਗਾਹ 'ਚ ਮਾਣ ਉਹਦਾ ਹੀ ਪੈਂਦਾ ਹੈ ਜਿਹਨੇ ਇਥੇ ਗੁਨਾਹਾਂ ਤੋਂ ਤੋਬਾ ਕਰੀ ਹੋਈ ਹੈ ਤੇ ਨੇਕ ਕੰਮ ਕਰਦੇ ਨੇ। ਅਮਲ ਜਿਹਦੇ ਸ਼ੁੱਧ ਨੇ, ਉਹ ਵੱਡਾ ਹੈ, ਜਿਹਦੇ ਅਮਲ ਗਲਤ ਨੇ, ਉਹਦੀ ਜਾਤ ਚਾਹੇ ਕੋਈ ਹੈ, ਉਹ ਛੋਟਾ ਹੈ, ਤੇ ਨਵਾਬ ਕਹਿਣ ਲੱਗਿਆ ਹੇ ਨਾਨਕ! ਮਸਜਿਦ ਤੇ ਮੰਦਰ ਦੇ ਵਿਚ ਕੀ ਫਰਕ ਹੈ? ਕਹਿੰਦੇ, ਦੋਵੇਂ ਪ੍ਰਮੇਸ਼ਰ ਦੇ ਨਾਮ ਲੈਣ ਵਾਲੇ ਥਾਂ ਨੇ। ਦੋਹਾਂ ਦਾ ਹੀ ਸਤਿਕਾਰ ਹੈ, ਦੋਵੇਂ ਪੂਜਣਯੋਗ ਨੇ।

ਕਹਿੰਦੇ, ਅੱਜ ਜੁਮਾ ਰਾਤ ਹੈ, ਅੱਜ ਨਮਾਜ਼ ਪੜ੍ਹਨੀ ਹੈ, ਤੁਸੀਂ ਸਾਡੇ ਨਾਲ ਚੱਲੋਂਗੇ? ਮਹਾਰਾਜ ਕਹਿੰਦੇ, ਹਾਂ ਅਸੀਂ ਚੱਲਾਂਗੇ। ਕਹਿਣ ਲੱਗੇ, ਰਾਇ ਸਾਹਿਬ! ਜਦੋਂ ਗੁਰੂ ਨਾਨਕ ਚਲੇ ਗਏ ਮਸਜਿਦ ਦੇ ਅੰਦਰ, ਸਾਰੇ ਸ਼ਹਿਰ 'ਚ ਰੌਲਾ ਪੈ ਗਿਆ ਕਿ ਗੁਰੂ ਨਾਨਕ ਦੇਵ ਜੀ ਨੇ ਇਸਲਾਮ ਧਾਰਨ ਕਰ ਲਿਆ ਤੇ ਮਸਜਿਦ 'ਚ ਨਮਾਜ਼ ਪੜ੍ਹਨ ਗਿਆ ਹੈ।

ਬੇਬੇ ਨਾਨਕੀ ਸੀ, ਉਹ ਕਹਿੰਦੀ ਕਿ ਮੇਰਾ ਵੀਰ ਤਾਂ ਮਜ਼ਹਬਾਂ ਤੋਂ ਉਤੇ ਹੈ। ਉਹ ਕਿਸੇ ਮਜ਼ਹਬ ਵਿਚ ਨਹੀਂ ਹੈ ਉਹ ਲਾ-ਮਜ਼ਹਬ ਹੈ। ਉਹਦਾ ਮਜ਼ਬ ਪ੍ਰਮੇਸ਼ਰ ਹੈ, ਵਾਹਿਗੁਰੂ ਹੈ ਹੋਰ ਕੋਈ ਦਿਖਾਵਾ ਨਹੀਂ ਹੈ, ਕੋਈ ਰੂਪ ਨਹੀਂ, ਭੇਖ ਨਹੀਂ ਹੈ ਉਹਦਾ। ਕਹਿੰਦੀ, ਤੁਸੀਂ ਦੇਖੋ, ਕੋਈ ਕੌਤਕ ਹੈ ਮੇਰੇ ਵੀਰ ਦਾ ਇਹ। ਉਹ ਨਹੀਂ ਡੋਲੀ। ਰਾਇ ਸਾਹਿਬ! ਬਾਕੀ ਸਾਰਾ ਸ਼ਹਿਰ, ਹਿੰਦੂ ਲੋਕ ਕਹਿੰਦੇ ਨੇ ਕਿ ਉਹ ਤਾਂ ਐਡਾ ਚੰਗਾ ਸੀ, ਇਸਲਾਮ ਵਿਚ ਚਲਿਆ ਗਿਆ। ਜਦੋਂ ਨਮਾਜ਼ ਸ਼ੁਰੂ ਹੋਈ, ਇਮਾਮ ਅੱਗੇ ਖੜ੍ਹਾ ਹੈ, ਗੁਰੂ ਨਾਨਕ ਇਮਾਮ ਦੇ ਪਿੱਛੇ ਨੇ, ਇਕ ਪਾਸੇ ਕਾਜ਼ੀ ਹੈ, ਇਕ ਪਾਸੇ ਨਵਾਬ ਹੈ। ਜਦੋਂ ਕਲਮਾ ਪੜ੍ਹਨਾ ਸ਼ੁਰੂ ਹੋਇਆ, ਗੁਰੂ ਨਾਨਕ ਖੜ੍ਹੇ ਨੇ, ਉਸ ਤੋਂ ਬਾਅਦ ਗੁਰੂ ਨਾਨਕ ਇਕ ਪਾਸੇ ਹੋ ਕੇ ਬੈਠ ਗਏ ਕਿਉਂਕਿ ਨਮਾਜ਼ ਸ਼ੁਰੂ ਹੋ ਚੁੱਕੀ ਸੀ, ਏਸ ਵਾਸਤੇ ਕਜ਼ਾ ਨਹੀਂ ਸੀ ਹੋ ਸਕਦੀ, ਖੰਡਤ ਨਹੀਂ ਸੀ ਹੋ ਸਕਦੀ। ਨਮਾਜ਼ ਪੜ੍ਹੀ ਜਾਣ ਤੋਂ ਪਿਛੋਂ ਕਾਜ਼ੀ ਨੇ ਕਿਹਾ, ਨਾਨਕ, ਨਮਾਜ਼ ਪੜ੍ਹਨ ਆਇਆ ਸੀ, ਪਰ ਇਹਨੇ ਨਮਾਜ਼ ਤਾਂ ਪੜ੍ਹੀ ਹੀ ਨਹੀਂ, ਉਥੇ ਜਾ ਕੇ ਬਹਿ ਗਿਆ। ਨਵਾਬ ਸਾਹਿਬ ਕਹਿਣ ਲੱਗੇ, ਨਾਨਕ ਜੀ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ? ਕਹਿੰਦੇ, ਹਾਂ ਅਸੀਂ ਤਾਂ ਪੜ੍ਹਦੇ ਹਾਂ, ਹੁਣ ਵੀ ਪੜ੍ਹਦੇ ਹਾਂ। ਅਸੀਂ ਤਾਂ ਹਰ ਵਕਤ ਨਮਾਜ਼ ਪੜ੍ਹਦੇ ਹਾਂ ਤੁਸੀਂ ਪੰਜ ਵਕਤ ਪੜ੍ਹਦੇ ਓਂ। ਉਹ ਵੀ ਪੜ੍ਹਦੇ ਨਹੀਂ। ਸਾਡੀ ਨਮਾਜ਼ 24 ਘੰਟੇ ਦੀ ਹੈ, ਅਖੰਡ ਨਮਾਜ਼ ਹੈ, ਅੱਜ ਵੀ 24 ਘੰਟੇ, ਕੱਲ੍ਹ ਨੂੰ ਵੀ 24 ਘੰਟੇ, ਅਖੰਡ ਨਮਾਜ਼ ਪੜ੍ਹਦੇ ਹਾਂ ਅਸੀਂ, ਖੰਡਤ ਨਹੀਂ ਹੁੰਦੀ। ਤੁਸੀਂ ਤਾਂ ਪੰਜ ਵਾਰੀ ਵੀ ਨਹੀਂ ਪੜ੍ਹਦੇ, ਮੈਂ ਕੀਹਦੇ ਨਾਲ ਪੜ੍ਹਦਾ। ਨਵਾਬ ਨੇ ਕਿਹਾ ਕਿ ਮੈਂ ਜੋ ਇਥੇ ਸੀ? ਗੁਰੂ ਨਾਨਕ ਨੇ ਕਿਹਾ ਕਿ ਨਵਾਬ ਸਾਹਿਬ! ਤੂੰ ਕੰਧਾਰ ਦੇ ਵਿਚ ਘੋੜੇ ਖਰੀਦ ਰਿਹਾ ਸੀ, ਦੱਸ ਰਿਹਾ ਸੀ ਉਨ੍ਹਾਂ ਨੂੰ ਕਿ ਇਹ ਰੰਗ ਦੇ ਘੋੜੇ ਐਨੇ ਲੈਣੇ ਨੇ, ਤੋਪਾਂ ਖਿੱਚਣ ਵਾਲੇ ਐਨੇ, ਸਵਾਰੀਆਂ ਵਾਲੇ ਐਨੇ, ਤੂੰ ਤਾਂ ਹੁਣੇ ਮੁੜ ਕੇ ਆਇਆ ਹੈਂ।

ਰਾਇ ਜੀ! ਉਸ ਵੇਲੇ ਉਹਨੇ ਉਂਗਲੀ ਮੂੰਹ ਵਿਚ ਲੈ ਲਈ। ਕਹਿਣ ਲੱਗਿਆ, ਸੁਬਾਨ ਅੱਲਾਹ! ਨਾਨਕ ਤਾਂ ਸਭ ਦੇ ਅੰਦਰ ਦੀ ਜਾਣਦਾ ਹੈ। ਕਾਜ਼ੀ ਕਹਿਣ ਲੱਗਿਆ ਕਿ ਫੇਰ ਮੇਰੇ ਨਾਲ ਪੜ੍ਹ ਲੈਂਦੇ। ਨਾਨਕ ਜੀ ਕਹਿਣ ਲੱਗੇ ਕਾਜ਼ੀ ਸਾਹਿਬ! ਤੂੰ ਤਾਂ ਹੁਣੇ ਆਇਆ ਹੈਂ, ਤੂੰ ਖੂਹੀ ਦੇ ਕੰਢੇ ਆਪਣੇ ਵਿਹੜੇ ਦੇ ਵਿਚ ਇਕ ਵਛੇਰੀ ਮੋੜੀ ਗਿਆ ਹੈਂ, ਘੋੜੀ ਨੇ ਵਛੇਰੀ ਦੇ ਦਿਤੀ ਸੀ, ਖੂਹੀ ਮੌਣ ਤੋਂ ਬਿਨਾਂ ਸੀ, ਮੰਜਾ ਦੇਣਾ ਉਤੇ ਭੁੱਲ ਆਇਆ ਤੇ ਉਥੇ ਹੀ ਸਮਾਂ ਬਤੀਤ ਕਰਿਆ ਹੈ, ਨਮਾਜ਼ ਵਿਚ ਤਾਂ ਤੂੰ ਆਇਆ ਹੀ ਨਹੀਂ। ਕਹਿੰਦੇ, ਕਾਜ਼ੀ ਬੜਾ ਸ਼ਰਮਿੰਦਾ ਹੋ ਗਿਆ।

ਸੋ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਕਿ ਜੇ ਤੁਸੀਂ ਪ੍ਰਮੇਸ਼ਰ ਦਾ ਨਾਮ ਲੈਣਾ ਹੈ, ਪਹਿਲਾਂ ਜ਼ਰੂਰੀ ਹੈ

ਕਿ ਚਿੱਤ ਨੂੰ ਇਕਾਗਰ ਕਰੋ। ਨਵਾਬ ਨੇ ਪੁਛਿਆ, ਹੇ ਨਾਨਕ! ਚਿੱਤ ਇਕਾਗਰ ਕਿਵੇਂ ਹੋਵੇ। ਸਾਨੂੰ ਤਾਂ ਇਸ ਗੱਲ ਦਾ ਗਿਆਨ ਨਹੀਂ। ਗੁਰੂ ਨਾਨਕ ਨੇ ਕਿਹਾ, ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ, ਓਨੀ ਦੇਰ ਤੱਕ ਚਿੱਤ ਦੀ ਇਕਾਗਰਤਾ ਨਹੀਂ ਹੋਇਆ ਕਰਦੀ। ਤੇ ਖੋਲ੍ਹ ਕੇ ਦੱਸਿਆ ਕਿ ਧਨ ਦੀ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਦਿਨ ਰਾਤ ਧਨ ਦੇ ਪਿੱਛੇ ਪਿਆ ਰਹਿੰਦਾ ਹੈ, ਰਾਤ ਨੂੰ ਵੀ ਧਨ ਦੀਆਂ ਗੱਲਾਂ ਸੋਚੇਗਾ, ਸੁਪਨੇ ਵੀ ਧਨ ਦੇ ਆਉਣਗੇ, ਦਿਨੇ ਵੀ ਧਨ ਦੇ, ਸੋਚੇਗਾ ਵੀ ਮਾੜੀਆਂ ਗੱਲਾਂ ਕਿ ਫਲਾਨੇ ਦਾ ਧਨ ਮੇਰੇ ਕਾਬੂ ਕਿਵੇਂ ਆ ਸਕਦੈ, ਮਿਤਰ ਨੂੰ ਧੋਖਾ ਕਿਵੇਂ ਦਿਤਾ ਜਾ ਸਕਦਾ ਹੈ। ਛਲ ਕਿਵੇਂ ਖੇਡਿਆ ਜਾ ਸਕਦਾ ਹੈ। ਸੋ ਧਨ ਦੇ ਵਾਸਤੇ ਆਦਮੀ ਬੇਅੰਤ ਪਾਪ ਕਰਦਾ ਹੈ। ਸੋ ਕਹਿੰਦੇ ਜਦੋਂ ਤੱਕ ਧਨ ਦੀ ਵਾਸ਼ਨਾ ਹੈ, ਓਨੀ ਦੇਰ ਤੱਕ ਨਹੀਂ ਮਨ ਟਿਕਿਆ ਕਰਦਾ। ਕਹਿੰਦੇ, ਜੀ, ਫੇਰ ਧਨ ਦੀ ਵਾਸ਼ਨਾ ਦੂਰ ਕਿਵੇਂ ਹੋਵੇ? ਮਹਾਰਾਜ ਕਹਿੰਦੇ, ਸੰਤੋਖ ਧਾਰਨ ਕੀਤਿਆਂ ਧਨ ਦੀ ਵਾਸ਼ਨਾ ਹਟਦੀ ਹੈ।

***ਯਥਾ ਲਾਭ ਤਥਾ ਸੰਤੁਸ਼ਟੇ।***

ਜੋ ਕੁਛ ਪ੍ਰਮੇਸ਼ਰ ਨੇ ਮੱਥੇ 'ਚ ਲਿਖ ਦਿਤਾ ਉਹ ਤਾਂ ਆਉਣਾ ਹੀ ਆਉਣਾ ਹੈ। ਵਾਧੂ ਆਉਂਦਾ ਨਹੀਂ।

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਦੂਸਰੀ ਵਾਸ਼ਨਾ ਪੁੱਤਰ ਦੀ ਹੋਇਆ ਕਰਦੀ ਹੈ। ਭਾਰਤੀ ਸਮਾਜ ਦੇ ਅੰਦਰ ਪੁੱਤਰ ਨੂੰ ਮਹਾਨਤਾ ਜ਼ਿਆਦਾ ਦਿਤੀ ਜਾਂਦੀ ਹੈ। ਜਿਹੜਾ ਅੰਗਰੇਜ਼ਾਂ ਦਾ ਸਮਾਜ ਹੈ ਉਹਦੇ ਵਿਚ ਪੁੱਤਰ ਦੀ ਮਹਾਨਤਾ ਕੋਈ ਹੈ ਹੀ ਨਹੀਂ, ਨਾ ਲੜਕੀ ਦੀ ਮਹਾਨਤਾ ਹੈ। ਲੜਕੀ ਨੂੰ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਮਾਂ-ਬਾਪ ਬੁੱਢੇ ਹੁੰਦੇ ਨੇ, ਲੜਕੇ ਕੋਲ ਨਹੀਂ ਰਿਹਾ ਕਰਦੇ, ਲੜਕੀ ਕੋਲ ਰਿਹਾ ਕਰਦੇ ਨੇ। ਸੋ ਇਹ ਵਾਸ਼ਨਾ ਭਾਰਤ ਵਰਸ਼ ਵਿਚ ਵੱਡੇ, ਉਲਟੇ ਕੰਮ ਕਰਾ ਦਿੰਦੀ ਹੈ।

ਇਹੋ ਜਿਹੇ ਕੰਮ ਦੇਖੇ ਨੇ ਮੈਂ ਕਿ ਦੱਸੇ ਹੀ ਨਹੀਂ ਜਾ ਸਕਦੇ ਕਿ ਪੁੱਤਰ ਪ੍ਰਾਪਤੀ ਵਾਸਤੇ। ਜੇ ਪ੍ਰਾਪਤ ਹੋ ਗਿਆ, ਬੀਮਾਰ ਹੋ ਗਿਆ, ਮਰ ਗਿਆ ਫੇਰ?

ਰਾਜਾ ਚਿਤ੍ਰਕੋਟੂ ਸੀ, ਉਹਦੇ ਪੁੱਤਰ ਨਹੀਂ ਸੀ ਹੁੰਦਾ, ਬੇਅੰਤ ਵਿਆਹ ਗਿਣਤੀ ਮਿਣਤੀ ਤੋਂ ਬਾਹਰ ਕਰਾ ਲਏ, ਰੋਜ਼ ਵਿਆਹ ਕਰਾਉਂਦਾ ਸੀ। ਪੁੱਤਰ ਨਾ ਹੋਇਆ, ਅਖੀਰ ਵਸ਼ਿਸ਼ਟ ਜੀ ਨੇ, ਵਿਸ਼ਵਾਮਿਤਰ, ਅੰਗਰਾ ਆਦਿ ਜਿਹੜੇ ਮੁਖੀ ਰਿਸ਼ੀ ਸੀਗੇ, ਉਨ੍ਹਾਂ ਨੇ ਮੰਤਰ ਬਲ ਦੇ ਨਾਲ ਇਕ ਪੁੱਤਰ ਉਹਨੂੰ ਦੇ ਦਿਤਾ। ਉਹ ਪੁੱਤਰ ਥੋੜ੍ਹੀ ਜਿਹੀ ਜ਼ਿੰਦਗੀ ਭੋਗ ਕੇ ਮਰ ਗਿਆ, ਫੇਰ ਉਹ ਉਸ ਤੋਂ ਵੀ ਜ਼ਿਆਦਾ ਦੁਖੀ ਹੋ ਗਿਆ। ਮਹਾਰਾਜ ਕਹਿੰਦੇ ਪੁੱਤਰ ਵਾਸ਼ਨਾ ਆਦਮੀ ਨੂੰ ਟਿਕਣ ਨਹੀਂ ਦਿੰਦੀ। ਉਹ ਦੇਖੀ ਜਾਂਦਾ ਹੈ ਕਿ ਮੇਰੀ ਜਾਇਦਾਦ ਐਵੇਂ ਹੀ ਜਾਏਗੀ, ਪਤਾ ਨਹੀਂ ਕੀਹਦੇ ਹੱਥ 'ਚ ਆਵੇ। ਅੰਗਰੇਜ਼ ਨਹੀਂ ਐਉਂ ਦੇਖਦੇ। ਉਹ ਪਹਿਲਾਂ ਹੀ ਧਾਰ ਲੈਂਦੇ ਨੇ, ਪੁੱਤਰ ਹੁੰਦੇ ਵੀ ਨੇ ਤੇ ਉਨ੍ਹਾਂ ਦੀ ਵਸੀਅਤ ਇਹ ਹੁੰਦੀ ਹੈ ਕਿ ਮੈਂ ਜੋ ਕਮਾਈ ਜ਼ਿੰਦਗੀ ਭਰ ਕੀਤੀ ਹੈ, ਉਹ ਵੰਡੀ ਜਾਵੇ, ਐਨੀ ਤਾਂ ਹਸਪਤਾਲ ਨੂੰ ਜਾਵੇ, ਐਨੀ ਜਾਵੇ ਜਿਥੇ ਭੁੱਖੇ ਨੰਗਿਆਂ ਨੂੰ ਸੰਭਾਲਿਆ ਜਾਂਦਾ ਹੈ, ਐਨੀ ਜਾਨਵਰਾਂ ਦੀ ਰਾਖੀ ਵਾਸਤੇ ਜਾਵੇ, ਅਖੀਰ ਪੁੱਤਰਾਂ ਨੂੰ ਕੀ ਹੁੰਦਾ ਹੈ ਕਿ ਬੱਚਿਆਂ ਵਾਸਤੇ ਮੇਰੀ 'ਗੁਡ ਵਿੱਲ'। ਉਹ ਕਰੀ ਜਾਣਗੇ ਥੈਂਕਸ ਡੈਡੀ-ਥੈਂਕਸ ਡੈਡੀ। ਕੋਰਟ ਵਿਚ ਪੜ੍ਹ ਕੇ ਸੁਣਾਉਂਦੇ ਨੇ। ਇਥੇ ਇਹ ਹੁੰਦਾ ਹੈ ਕਿ ਮੇਰੀ ਜਾਇਦਾਦ ਕੌਣ ਸਾਂਭੇਗਾ? ਸਰੀਕ ਸਾਂਭਣਗੇ? ਇਹ ਤਾਂ ਮੇਰੇ ਨਾਲ ਲੜਦੇ ਨੇ। ਉਹ ਵੀ ਕਹਿਣਗੇ, ਇਹਨੂੰ ਛੇਤੀ ਤੋਰੀਏ, ਜਾਇਦਾਦ ਸਾਨੂੰ ਮਿਲ ਜਾਏ। ਸੋ ਇਸ ਕਰਕੇ ਪੁੱਤਰ ਵਾਸ਼ਨਾ ਆਦਮੀ ਨੂੰ ਭਜਨ ਨਹੀਂ ਕਰਨ ਦਿੰਦੀ। ਤੀਸਰੀ ਹੋਇਆ ਕਰਦੀ ਹੈ ਲੋਕ ਲਾਜ। ਲੋਕ ਨਾ ਮੈਨੂੰ ਮਾੜਾ ਕਹਿ ਦੇਣ। ਤਾਕਤ ਹੁੰਦੀ ਨਹੀਂ, ਵਿਆਹ ਕਰ ਨਹੀਂ ਸਕਦਾ, ਕਰਜ਼ਾ ਲੈ ਕੇ ਕਰਦਾ ਹੈ, ਫੇਰ ਕਰਜ਼ਾ ਮੁੜਦਾ ਨਹੀਂ, ਜ਼ਮੀਨ ਜਾਇਦਾਦ ਸਭ ਵਿਕ ਜਾਂਦੀ ਹੈ। ਲੋੜ ਤੋਂ ਵੱਧ ਆਪਣੇ ਆਪ ਦਾ ਵਿਖਾਵਾ ਕਰਦਾ ਹੈ ਕਿ ਲੋਕ ਮੈਨੂੰ ਅਮੀਰ ਕਹਿਣ। ਲੋਕਾਂ ਨੂੰ ਖੁਸ਼ ਕਰਦਾ ਹੈ। ਅੱਜ ਤੱਕ ਤਾਂ ਸੰਸਾਰ 'ਚ ਕੋਈ ਐਸਾ ਨਹੀਂ ਆਇਆ ਜਿਹੜਾ ਲੋਕਾਂ ਨੂੰ ਖੁਸ਼ ਕਰ ਦੇਵੇ। ਸ੍ਰੀ ਰਾਮ ਚੰਦਰ ਜੀ ਮਹਾਰਾਜ ਜਦੋਂ ਅਯੁੱਧਿਆ ਪਹੁੰਚੇ ਨੇ, ਲੰਕਾ ਤੋਂ ਵਾਪਸ ਤਾਂ ਉਥੇ ਲੰਕਾ ਦੇ ਵਿਚ ਸੀਤਾ ਜੀ ਦੀ ਅਗਨ ਪ੍ਰੀਕਸ਼ਾ ਲਈ, ਅੱਗ ਜਾਲ ਦਿਤੀ ਤੇ ਉਹਦੇ ਵਿਚੀਂ ਲੰਘਾਈ ਕਿ ਜੇ ਤਾਂ ਲੰਘ ਜਾਏਗੀ ਤਾਂ ਇਹ ਸੱਚੀ, ਜੇ ਇਹ ਜਲ ਗਈ ਤਾਂ ਇਹ ਝੂਠੀ। ਅੱਗ ਦੇ ਵਿਚੋਂ ਲੰਘ ਗਈ ਤੇ ਇਥੇ ਆ ਗਈ। ਲੇਕਿਨ ਇਥੇ ਵਾਲੇ ਲੋਕਾਂ ਨੇ ਨਾ ਮੰਨਿਆ। ਉਨ੍ਹਾਂ ਨੇ ਕਿਹਾ ਕਿ ਨੌਂ ਮਹੀਨੇ ਰਾਵਣ ਦੇ ਕੋਲ ਰਹੀ, ਇਹ ਸੁੱਚੀ ਕਿਵੇਂ ਹੋ ਸਕਦੀ ਹੈ। ਇਹ ਤਾਂ ਰਾਮ ਚੰਦਰ ਨੇ ਕਲੰਕ ਲਾ ਦਿਤਾ ਸਾਨੂੰ। ਗੱਲ ਚਲਦੀ ਗਈ।

ਇਕ ਦਿਨ ਰਾਮ ਚੰਦਰ ਜੀ ਜਾਂਦੇ ਨੇ ਤਾਂ ਇਕ

ਧੋਬੀ ਘਰਵਾਲੀ ਨਾਲ ਲੜ ਰਿਹਾ ਹੈ ਤੇ ਉਹਨੂੰ ਅੰਦਰ ਨਹੀਂ ਵੜਨ ਦਿੰਦਾ, ਉਹ ਕਹਿੰਦੀ ਮੈਨੂੰ ਤੂੰ ਅੰਦਰ ਵੜਨ ਦੇ, ਮੈਂ ਕੋਈ ਗੁਨਾਹ ਤਾਂ ਨਹੀਂ ਕਰਿਆ, ਮੇਰਾ ਪਿਤਾ ਬਿਮਾਰ ਸੀ, ਮੈਂ ਉਹਦੀ ਖਬਰ ਲੈ ਕੇ ਆ ਗਈ ਹਾਂ। ਹੁਣੇ ਮੈਂ ਗਈ ਸੀ, ਧੋਬੀਘਾਟ ਦੁਗਣੀ ਦੂਰ ਸੀ, ਮੇਰੇ ਪੇਕੇ ਅੱਧੇ ਮੀਲ ਦੂਰ ਸੀਗੇ ਤੇ ਮੈਂ ਰੁਕੀ ਨਹੀਂ ਹਾਂ, ਪਾਣੀ ਨਹੀਂ ਪੀਤਾ।

ਰਾਮ ਚੰਦਰ ਜੀ ਬੀਰ ਯਾਤਰਾ ਕਰ ਰਹੇ ਸੀ, ਕਹਿਣ ਲੱਗੇ, ਪੁਰਖਾ! ਕੀ ਗੱਲ ਹੈ ਤੂੰ ਇਸਦੇ ਨਾਲ ਕਿਉਂ ਲੜਦਾ ਹੈਂ? ਕਹਿੰਦਾ, ਲੜਾਂ ਨਾ, ਮੇਰੇ ਤੋਂ ਪੁੱਛੇ ਬਗੈਰ, ਬਾਹਰ ਗਈ ਹੈ। ਉਹ ਕਹਿਣ ਲੱਗੀ ਕਿ ਮੈਂ ਬਾਹਰ ਨਹੀਂ ਗਈ, ਇਹਦਾ ਧੋਬਘਾਟ ਦੂਰ ਸੀ, ਮੈਨੂੰ ਸੁਨੇਹਾ ਆਇਆ ਮੇਰਾ ਪਿਤਾ ਬਿਮਾਰ ਸੀ, ਮੈਂ ਖਬਰ ਲੈ ਕੇ ਉਦੋਂ ਹੀ ਮੁੜ ਆਈ ਹਾਂ। ਇਧਰ ਨੂੰ ਜਾਂਦੀ ਮੈਨੂੰ ਦੁੱਗਣਾ ਸਮਾਂ ਲੱਗਣਾ ਸੀ, ਮੇਰੇ ਕੋਲ ਸਮਾਂ ਨਹੀਂ ਸੀ ਜਾਣ ਦਾ। ਰਾਮ ਚੰਦਰ ਜੀ ਕਹਿਣ ਲੱਗੇ ਕਿ ਕੀ ਹੋ ਗਿਆ ਐਨੀ ਦੇਰ 'ਚ, ਆਹ ਪਿੰਡ ਹੈ ਨਾਲ, ਇਥੋਂ ਇਹ ਵਾਪਸ ਆ ਗਈ ਹੈ, ਤੂੰ ਇਹਨੂੰ ਵੜਨ ਨਹੀਂ ਦਿੰਦਾ? ਉਹ ਕਹਿੰਦਾ ਤੂੰ ਮੈਨੂੰ ਕੀ ਸਮਝਦਾ ਹੈਂ ਓਏ? ਕਹਿੰਦਾ ਮੈਂ ਤੈਨੂੰ ਕੀ ਸਮਝਣਾ ਹੈ। ਧੋਬੀ ਕਹਿੰਦਾ. ਤੂੰ ਮੈਨੂੰ ਰਾਮ ਚੰਦਰ ਸਮਝਦਾ ਹੈਂ ਕਿ ਨੌਂ ਮਹੀਨੇ ਸੀਤਾ ਨੂੰ ਰਾਵਣ ਕੋਲ ਰੱਖ ਕੇ ਫੇਰ ਘਰ 'ਚ ਵਾੜ ਲਈ। ਲੋਕ ਰਾਇ ਲਈ, ਲੋਕ ਰਾਇ ਖਿਲਾਫ ਹੋ ਗਈ। ਰਾਮਚੰਦਰ ਜੀ ਨੂੰ ਨਿਰਦੋਸ਼ ਸੀਤਾ ਜੀ ਨੂੰ ਜੰਗਲਾਂ 'ਚ ਛੱਡਣਾ ਪਿਆ, ਲੋਕ ਲਾਜ ਕਰਕੇ।

ਉਹ ਫਿਰਦੇ-ਫਿਰਦੇ ਆਪਣੇ ਰਾਜ ਵਿਚ ਪੂਰਬ ਵਲ ਨੂੰ ਚਲੇ ਗਏ। ਉਥੇ ਲੱਛਮਣ ਜੀ ਨਾਲ ਹਨ ਤੇ ਪਾਣੀ ਦੀ ਪਿਆਸ ਲੱਗੀ। ਇਕ ਜ਼ਿਮੀਦਾਰ ਹੱਲ ਚਲਾ ਰਿਹਾ ਸੀ। ਲੇਕਿਨ ਉਹਦੀ ਜਿਹੜੀ ਵਰਦੀ ਸੀ ਉਹ ਅਜੀਬ ਸੀ, ਬਲਦਾਂ ਦੇ ਉਤੇ ਝੁੱਲ ਪਾਇਆ ਹੋਇਆ ਸੀ ਤਾਰਾਂ ਦਾ, ਪੈਰਾਂ ਵਿਚ ਚਮੜੇ ਦੇ ਫੁਟਲਸ ਪਾਏ ਹੋਏ, ਆਪ ਦੇ ਪੈਰਾਂ 'ਚ ਗੋਡਿਆਂ ਤੱਕ ਵੱਡਾ ਜੁੱਤਾ ਪਾਇਆ ਹੋਇਆ, ਬੂਟ ਪਾਏ ਹੋਏ ਨੇ ਤੇ ਸਿਰ ਉਤੇ ਇਕ ਟੋਪ ਰੱਖਿਆ ਹੋਇਆ ਹੈ ਤਾਰਾਂ ਦਾ ਤੇ ਕੋਟ ਪਾਇਆ ਹੋਇਆ ਹੈ ਤਾਰਾਂ ਦਾ। ਪਾਣੀ ਪੀਤਾ ਲਛਮਣ ਜੀ ਤੇ ਰਾਮਚੰਦਰ ਜੀ ਨੇ ਤੇ ਬੈਠ ਗਏ ਛਾਂ ਦੇਖ ਕੇ। ਉਹ ਕਿਸਾਨ ਵੀ ਬੈਠ ਗਿਆ। ਕਹਿਣ ਲੱਗੇ, ਕਿਸਾਨ! ਆਹ ਕੀ ਤੂੰ ਹੁਲੀਆ ਬਣਾਇਆ ਹੈ ਬਲਦਾਂ ਦਾ ਤੇ ਆਪ ਦਾ? ਕਹਿੰਦਾ ਮਹਾਰਾਜ! ਇਥੇ ਇਕ ਪੰਛੀ ਹੈ, ਉਹਦੀ ਚੁੰਝ ਐਨੀ ਤਿੱਖੀ ਹੈ, ਜੇ ਉਹ ਮਾਰ ਦੇਵੇ ਉਹ ਮਾਸ ਕੱਢ ਲੈ ਜਾਂਦਾ ਹੈ। ਏਸ ਕਰਕੇ ਤਾਰਾਂ ਦਾ ਅਸੀਂ ਝੁੱਲ ਪਾ ਦਿਤਾ। ਅਸੀਂ ਕੋਟ ਪਾ ਲਿਆ ਤੇ ਟੋਪ ਲੈ ਲਿਆ। ਪੈਰਾਂ 'ਚ ਇਥੇ ਇਕ ਬਿੱਛੂ ਹੈ ਐਨਾ ਜ਼ਹਿਰੀਲਾ ਹੈ ਕਿ ਜੇ ਲੜ ਜਾਏ ਤਾਂ ਆਦਮੀ ਬਚਦਾ ਨਹੀਂ। ਬਲਦ ਵੀ ਨਹੀਂ ਬਚਦਾ। ਸੋ ਓਸ ਤੋਂ ਬਚਾਓ ਵਾਸਤੇ ਅਸੀਂ ਫੁਟਲਸ ਪਾ ਦਿੰਦੇ ਹਾਂ, ਬਣਾ ਕੇ। ਕਹਿਣ ਲੱਗੇ, ਰਾਮਚੰਦਰ ਜੀ! ਇਥੇ ਜ਼ਮੀਨ ਦਾ ਘਾਟਾ ਹੈ ਭਾਰਤ ਵਰਸ਼ ਵਿਚ? ਲਿਆ ਤੈਨੂੰ ਜਿੰਨੀ ਜੀਅ ਕਰਦਾ ਹੈ ਵਧੀਆ ਜ਼ਮੀਨ ਦਿਵਾ ਦੇਈਏ। ਜਿਥੇ ਮਾੜੀ ਜਿਹੀ ਫਸਲ ਬੀਜੋ ਪਾਣੀ ਨਾਲ ਹੋ ਜਾਂਦੀ ਹੈ। ਤੂੰ ਇੱਥੇ ਟੱਕਰਾਂ ਕਿਉਂ ਮਾਰਦਾ ਹੈਂ? ਕਹਿੰਦਾ, ਵਾਹ ਓਏ ਤੁਹਾਡੇ, ਨਾਲੇ ਮੈਂ ਤੁਹਾਨੂੰ ਪਾਣੀ ਪਿਲਾਇਆ, ਨਾਲੇ ਤੁਸੀਂ ਉਲਟੀ ਮਤ ਦਿੰਦੇ ਓਂ। ਕਹਿੰਦਾ, ਮੈਨੂੰ ਤੁਸੀਂ ਰਾਮਚੰਦਰ ਹੀ ਸਮਝ ਲਿਆ, ਆਪਣੀ ਇਸਤਰੀ ਤੇ ਜ਼ਮੀਨ ਨੂੰ ਕੋਈ ਨਹੀਂ ਛੱਡਦਾ ਹੁੰਦਾ ਭਾਈ। ਮੈਨੂੰ ਤੁਸੀਂ ਰਾਮਚੰਦਰ ਸਮਝਦੇ ਓਂ। ਰਾਮਚੰਦਰ ਜੀ ਲਛਮਣ ਵਲ ਦੇਖਣ ਲੱਗ ਗਏ ਕਹਿੰਦੇ, ਲੱਛਮਣ! ਓਧਰ ਦੂਜੀ ਗੱਲ ਕਹਿੰਦੇ, ਏਧਰ ਦੂਜੀ ਕਹਿੰਦੇ ਨੇ। ਸੋ ਇਹਨੂੰ ਲੋਕ ਲਾਜ ਕਹਿੰਦੇ ਨੇ, ਲੋਕ ਲਾਜ ਵਿਚ ਕੋਈ ਬੰਦਾ ਵੀ ਸਾਰਿਆਂ ਨੂੰ ਸੰਤੁਸ਼ਟ ਨਹੀਂ ਕਰਿਆ ਕਰਦਾ। ਜਿੰਨੀ ਕੁ ਉਸਤਤਿ ਹੁੰਦੀ ਹੈ, ਓਨੀ ਕੁ ਨਿੰਦਿਆ ਵੀ ਨਾਲ ਸਹਿਣੀ ਪੈਂਦੀ ਹੈ। ਮਹਾਰਾਜ ਕਹਿੰਦੇ ਦੋਵੇਂ ਛੱਡ ਦਿਓ -

***ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥***

***ਅੰਗ - ੨੧੯***

ਅੰਨੁਸ਼ਠਾਨ ਵਾਸ਼ਨਾ ਹੋਇਆ ਕਰਦੀ ਹੈ, ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ, ਕਿਤਾਬਾਂ ਪੜ੍ਹੀ ਜਾਣੀਆਂ, ਕੁਟੇਸ਼ਨਾਂ ਲਿਖੀ ਜਾਣੀਆਂ, ਲਿਖ-ਲਿਖ ਕੇ ਸੁਣਾਈ ਜਾਣੀਆਂ। ਉਹਨੂੰ ਗਧਾ ਕਹਿੰਦੇ ਨੇ ਕਿਤਾਬਾਂ ਢੋਣ ਵਾਲਾ ਗਧਾ। ਤੇ ਅੱਗੇ ਹੁੰਦਾ ਹੈ ਸੰਤ, ਸਾਧੂ, ਮਹਾਤਮਾ, ਤਾਂਤਰੀ, ਚਿਲੇ ਕੱਟਦੇ ਨੇ, ਚਿਲੇ ਕੱਟ ਕੇ ਲੋਕਾਂ ਨੂੰ ਧਾਗੇ ਦਿੰਦੇ ਨੇ, ਮੰਤਰ ਦਿੰਦੇ ਨੇ, ਲਾਚੀਆਂ ਦੇਈ ਜਾਂਦੇ ਨੇ, ਲੈ-ਲੈ ਕੇ ਲੋਕ ਉਹਨੂੰ ਖਿਲਾ ਦਿਤੀ, ਫਲਾਣੇ ਨੂੰ ਖਿਲਾ ਦਿਤੀ, ਉਹ ਤਾਂਤਰੀ ਕਹਾਉਂਦੇ ਨੇ। ਅੰਨੁਸ਼ਠਾਨ ਵਾਸ਼ਨਾ, ਮਿਹਨਤ ਕਰਦੇ ਨੇ, ਰੱਬ ਦਾ ਭਜਨ ਨਹੀਂ ਕਰਦੇ।

*'ਚਲਦਾ..........।'*

# 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
# ਸ੍ਰੀ ਗੁਰੂ ਤੇਗ ਬਹਾਦਰ ਜੀ

**(ਸ਼ਹੀਦੀ ਦਿਵਸ - 25 ਨਵੰਬਰ 2025)**

***ਸੰਤ ਵਰਿਆਮ ਸਿੰਘ ਜੀ***
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ -ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ, ਕੰਨਾਂ ਨਾਲ ਬਾਣੀ ਸਰਵਣ ਕਰੋ, ਵਿਚਾਰ ਸਰਵਣ ਕਰੋ, ਬੁੱਧੀ ਨਾਲ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ। ਜਦੋਂ ਇਸ ਤਰ੍ਹਾਂ ਦੇ ਨਾਲ ਅਸੀਂ ਸਤਿਸੰਗ ਕਰਾਂਗੇ, ਸਾਨੂੰ ਪੂਰਾ-ਪੂਰਾ ਲਾਭ ਪ੍ਰਾਪਤ ਹੋਵੇਗਾ। ਅੱਜ ਦਾ ਜੋ ਸੰਸਾਰ ਦੇ ਅੰਦਰ ਮਹਾਨ ਦਿਨ ਹੈ, ਕੁਰਬਾਨੀ ਦਾ ਦਿਨ, ਇਹ ਬਹੁਤ ਹੀ ਸ਼ਰਧਾ ਭਾਵਨਾ ਨਾਲ ਸਿੱਖ ਜਗਤ ਵਿਚ ਮਨਾਇਆ ਜਾਂਦਾ ਹੈ। ਦੂਸਰੇ ਵੀ ਜੋ ਹਨ, ਜਦੋਂ ਏਸ ਸ਼ਹੀਦੀ ਦੇ ਕਾਰਨਾਂ ਨੂੰ ਜਾਣ ਜਾਂਦੇ ਹਨ, ਉਨ੍ਹਾਂ ਦਾ ਵੀ ਸਿਰ ਸ਼ਰਧਾ ਨਾਲ ਝੁਕ ਜਾਇਆ ਕਰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ, ਜੋ ਆਪ ਨੇ ਵੱਡਾ ਸਾਕਾ ਕੀਤਾ ਹੈ -

***ਕੀਨੋ ਬਡੋ ਕਲੂ ਮਹਿ ਸਾਕਾ।***

ਕਲਜੁਗ ਦੇ ਅੰਦਰ ਬਹੁਤ ਵੱਡਾ ਸਾਕਾ ਹੋਇਆ ਹੈ। ਉਹਦਾ ਪਿਛੋਕੜ ਕੀ ਹੈ? ਉਹਦੇ ਵਿਚ ਪਹਿਲਾਂ ਜੋ ਰਾਜਿਆਂ ਦੇ ਰਾਜ ਸਨ, ਇਸਲਾਮ, ਆਪਣੇ ਆਪ ਦੇ ਵਿਚ ਬਹੁਤ ਚੰਗਾ ਹੈ, ਮਹਾਰਾਜ ਕਹਿੰਦੇ ਨੇ ਕਿ ਅਸਲੀ ਮੁਸਲਮਾਨ ਉਹ ਹੈ ਜਿਸ ਦਾ ਦਿਲ, ਮੋਮ ਵਰਗਾ ਨਰਮ ਹੋਵੇ, ਜੋ ਕਿਸੇ ਦਾ ਦਿਲ ਨਾ ਤੋੜੇ -

*ਜੇ ਤਉ ਪਿਰੀਆ ਦੀ ਸਿਕ*
*ਹਿਆਉ ਨ ਠਾਹੇ ਕਹੀ ਦਾ ॥ ਅੰਗ - ੧੩੮੪*

ਬਾਬਾ ਫਰੀਦ ਜੀ ਜੋ ਇਸਲਾਮ ਦੇ ਬੜੇ ਹੀ ਪੂਜਨੀਕ ਸੂਫੀ ਪੀਰ ਸਨ, ਆਪ ਜੀ ਇਸ ਦੀ ਸਾਖੀ ਦਿੰਦੇ ਹੋਏ, ਫੁਰਮਾਨ ਕਰਦੇ ਨੇ ਕਿ ਜੇ ਤੂੰ ਪ੍ਰਮੇਸ਼ਰ ਨੂੰ ਮਿਲਣਾ ਹੈ ਤਾਂ ਦਿਲ ਨਾ ਕਿਸੇ ਦਾ ਤੋੜ। ਦਿਲ ਤੋੜਨ ਨਾਲ ਬਹੁਤ ਵੱਡੀ ਗੱਲ ਹੋ ਜਾਂਦੀ ਹੈ। ਵਾਹਿਗੁਰੂ ਰੁੱਸ ਜਾਂਦਾ ਹੈ, ਕਿਉਂਕਿ ਅੰਦਰ ਵਸਦਾ ਹੈ, ਏਸ ਸਰੀਰ ਦੇ ਬਾਹਰ ਨਹੀਂ ਹੈ, ਵਾਹਿਗੁਰੂ ਦਾ ਮੰਦਰ ਹੈ ਇਨਸਾਨ। ਓਸ ਵੇਲੇ ਅਨੀਤੀਆਂ ਚਲ ਰਹੀਆਂ ਸੀ। ਜੇ ਅਸੀਂ ਗਹੁ ਨਾਲ ਵਿਚਾਰ ਕਰੀਏ, ਇਹ ਅਨੀਤੀਆਂ ਧੁਰ ਤੋਂ ਚਲੀਆਂ ਆਉਂਦੀਆਂ ਨੇ। ਮਨੁੱਖੀ ਅਧਿਕਾਰਾਂ ਦੀ ਅੱਜਕਲ੍ਹ ਗੱਲ ਹੋ ਰਹੀ ਹੈ। ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖੀ ਅਧਿਕਾਰਾਂ ਦੀ ਗੱਲ ਕਰੀ।

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*
*ਅੰਗ - ੧੫*

ਉਹ ਬੰਦੇ, ਜਿਨ੍ਹਾਂ ਨੂੰ ਸਮਾਜ ਬਿਲਕੁਲ ਪੁਛਦਾ ਨਹੀਂ ਸੀ, ਮਹਾਰਾਜ, ਉਨ੍ਹਾਂ ਦੇ ਪੱਖ ਵਿਚ ਖੜ੍ਹੇ ਹੋ ਗਏ। ਵੱਡਿਆਂ ਦੇ ਪੱਖ 'ਚ ਨਹੀਂ ਹੋਏ, ਲਾਲੋ ਦੇ ਪੱਖ ਵਿਚ ਖੜ੍ਹੇ ਹੋਏ, ਜਿਸਨੂੰ, ਬੜੀ ਮੁਸ਼ਕਲ ਮਿਹਨਤ ਦੇ ਨਾਲ ਦੋ ਟਾਈਮ ਖਾਣ ਜੋਗਾ ਹੀ ਮਿਲਦਾ ਸੀ। ਗੁਰੂ ਨਾਨਕ ਓਸ ਦੇ ਘਰ ਜਾਂਦੇ ਨੇ। ਉਹ ਪ੍ਰਸ਼ਾਦਾ ਛਕਣ ਵਾਸਤੇ ਬੇਨਤੀ ਕਰਦਾ ਹੈ। ਕੁਛ ਸਮੇਂ ਬਾਅਦ, ਮਰਦਾਨਾ ਦੇਖਦਾ ਹੈ ਕਿ ਇਹ ਤਾਂ ਬੜਾ ਗਰੀਬ ਹੈ ਤੇ ਮਹਾਰਾਜ ਨਾਲ ਅਸੀਂ ਉਦਾਸੀਆਂ 'ਤੇ ਨਿਕਲੇ ਹਾਂ। ਕਿਉਂਕਿ ਜਦੋਂ ਮਹਾਰਾਜ ਜੀ ਮੋਦੀਖਾਨੇ ਸਨ, ਕੋਈ

ਥੋੜ੍ਹੀ ਬਚਤ ਨਹੀਂ ਸੀ ਹੁੰਦੀ, 790 ਰੁਪਏ ਮਹਾਰਾਜ ਜੀ ਦੇ ਨਿਕਲ ਆਏ। ਏਨਾਂ ਤੇਰਾ-ਤੇਰਾ-ਤੇਰਾ ਕਰਕੇ ਦੇਣ ਨਾਲ ਵੀ ਗੁਰੂ ਨਾਨਕ ਪਾਤਸ਼ਾਹ ਦੀ ਬਚਤ ਹੋ ਗਈ। 790 ਰੁਪਏ ਵਾਧੂ ਨਿਕਲੇ ਹਿਸਾਬ ਕਿਤਾਬ ਵਿਚ। ਉਸ ਵੇਲੇ ਦੇ 790, ਹੁਣ ਦਾ ਮੋਟਾ ਹਿਸਾਬ ਹੈ ਕਿ ਇਕ ਰੁਪਿਆ ਅੱਜ ਦੇ ਦੋ ਸੌ ਰੁਪਏ ਦੇ ਬਰਾਬਰ ਹੈ। 790 ਨੂੰ ਤੁਸੀਂ ਦੋ ਸੌ ਨਾਲ ਕਰ ਲਓ, ਕਿੱਡੀ ਵੱਡੀ ਰਕਮ ਹੋ ਜਾਏਗੀ, ਇਕ ਲੱਖ 41-42 ਹਜ਼ਾਰ ਰੁਪਈਆ ਬਣ ਜਾਏਗਾ। ਐਨੀ ਬੱਚਤ ਜੇ ਅੱਜ ਕਿਸੇ ਨੂੰ ਹੁੰਦੀ ਹੋਵੇ ਤਾਂ ਉਹਦੇ ਘਰ ਪ੍ਰਸ਼ਾਦਾ ਸੋਹਣਾ ਬਣਦਾ ਹੈ, ਰਹਿਣ ਸਹਿਣ ਵੀ ਸੋਹਣਾ ਬਣ ਜਾਂਦਾ ਹੈ। ਕਿੰਨਾ ਹੀ ਲੁਟਾਉਂਦੇ ਸੀ, ਕਿੰਨਾ ਹੀ ਲੰਗਰ ਲਾਉਂਦੇ ਸੀ, ਲੇਕਿਨ ਫੇਰ ਵੀ ਬਹੁਤ ਵੱਡੀ ਰਕਮ ਸੀ। ਭਾਈ ਮਰਦਾਨਾ ਐਸੇ ਅਮੀਰ ਮਾਹੌਲ 'ਚੋਂ ਨਿਕਲ ਕੇ ਅਚਾਨਕ ਭਾਈ ਲਾਲੋ ਦੇ ਘਰ ਆ ਜਾਂਦਾ ਹੈ। ਖਿਆਲ ਹੈ ਕਿ ਗੁਰੂ ਨਾਨਕ ਬਹੁਤ ਵੱਡੇ ਨੇ, ਜਿਥੇ ਜਾਣਗੇ ਉਥੇ ਇਨ੍ਹਾਂ ਨੂੰ ਬਹੁਤ ਵਧੀਆ ਖਾਣਾ ਦਾਣਾ ਮਿਲੇਗਾ, ਵਧੀਆ ਖਲਾਉਣਗੇ। ਪਰ ਜਦੋਂ ਦੇਖਦਾ ਹੈ ਕਿ ਇਥੇ ਬਾਜਰੇ ਦੀ ਬਿਨਾ ਚੋਪੜੀ ਰੋਟੀ ਹੈ ਅਤੇ ਉਤੇ ਭੁਰਜੀ ਦੀ ਇਕ ਪਿੰਨੀ ਰੱਖੀ ਹੋਈ ਹੈ। ਮਹਾਰਾਜ ਜੀ ਵੱਲ ਦੇਖਣ ਲੱਗ ਗਿਆ। ਕਹਿੰਦੇ, ਕੀ ਦੇਖਦਾ ਹੈਂ? ਕਹਿੰਦਾ ਮਹਾਰਾਜ! ਇਹ ਤਾਂ ਹਰ ਘੁੱਟ ਨਾਲ ਪਾਣੀ ਪੀਣਾ ਪੈਣਾ ਹੈ ਤਾਂ ਅੰਦਰ ਲੰਘੇਗਾ, ਬਾਜਰਾ ਵੀ ਖੁਸ਼ਕ ਤੇ ਪਿੰਨੀ 'ਚ ਕੋਈ ਤਰੀ ਨਹੀਂ ਹੈ। ਮਹਾਰਾਜ ਕਹਿੰਦੇ, ਮਰਦਾਨਿਆਂ! ਛਕ ਕੇ ਦੇਖ, ਮਿਹਨਤ ਦੀ ਕਮਾਈ ਦੀ ਕਿਰਤ ਦੇ ਵਿਚੋਂ, ਜੋ ਕਮਾਇਆ ਜਾਂਦਾ ਹੈ, ਉਹਦਾ ਰਸ ਆਪਣਾ ਹੋਇਆ ਕਰਦਾ ਹੈ ਜਦ ਕਿ ਪਾਪ ਦੇ ਅੰਨ੍ਹ ਵਿਚ ਰਸ ਨਹੀਂ ਹੋਇਆ ਕਰਦਾ, ਕੁ-ਰਸ ਹੋਇਆ ਕਰਦਾ ਹੈ। ਜਿੰਨਾ ਜ਼ਿਆਦਾ ਸੁਆਦੂ ਭੋਜਨ, ਓਨੀਂ ਦੁਰਗੰਧ ਜ਼ਿਆਦਾ, ਪੀੜਾ ਜ਼ਿਆਦਾ।

ਜਿੰਨਾ ਭੋਜਨ ਸਾਦਾ, ਓਨੀਂ ਸਿਹਤ ਅੱਛੀ, ਓਨਾਂ ਮਨ ਸ਼ੁੱਧ, ਓਨੀਂ ਬਿਰਤੀ ਲੱਗੇਗੀ, ਓਨਾਂ ਰਸ ਅੰਦਰ ਪੈਦਾ ਹੋ ਜਾਏਗਾ। ਬਿਮਾਰੀ ਨੇੜੇ-ਤੇੜੇ ਨਹੀਂ ਆਉਂਦੀ, ਦੂਸਰੇ ਪਾਸੇ ਮਲਕ ਭਾਗੋ ਦੇ ਜੋ ਪੂੜੇ ਸੀ, ਜੋ ਕਚੌਰੀਆਂ ਸੀ, ਮਾਲ੍ਹ-ਪੂੜੇ ਸੀ, ਉਨ੍ਹਾਂ ਨੂੰ ਪਸੰਦ ਨਾ ਕੀਤਾ ਗਿਆ।

ਸੋ ਗੁਰੂ ਨਾਨਕ ਲਤਾੜਿਆਂ ਹੋਇਆਂ, ਜਿਨ੍ਹਾਂ ਨੂੰ ਕੋਈ ਵੀ ਸਮਾਜ ਵਿਚ ਨਹੀਂ ਸੀ ਪੁੱਛਦਾ, ਉਨ੍ਹਾਂ ਦੇ ਪੱਖ ਵਿਚ ਖੜ੍ਹੇ ਹੋ ਗਏ, ਕਿਉਂਕਿ ਉਨ੍ਹਾਂ ਨੂੰ ਕੋਈ ਪੁੱਛਦਾ ਨਹੀਂ ਸੀ, ਉਨ੍ਹਾਂ ਦਾ ਵੀ ਅਧਿਕਾਰ ਸੀ, ਪ੍ਰਮੇਸ਼ਰ ਨੇ ਉਨ੍ਹਾਂ ਨੂੰ ਸੰਸਾਰ 'ਚ ਪੈਦਾ ਕੀਤਾ ਹੈ। ਦੁਨੀਆਂ ਦੇ ਕਿਸੇ ਬੰਦੇ ਦਾ ਹੱਕ ਨਹੀਂ ਹੈ ਕਿ ਕਿਸੇ ਦੂਸਰੇ ਬੰਦੇ ਨੂੰ ਐਨਾ ਨੀਵਾਂ ਲੈ ਜਾਵੇ ਕਿ ਉਹਦੀ ਸਾਰੀ ਤਰੱਕੀ ਰੋਕ ਦੇਵੇ। ਉਹਨੂੰ ਨੀਚ-ਨੀਚ ਕਹਿ ਕੇ ਸਮਾਜ ਦੇ ਵਿਚ ਫਿਟਕਾਰਾਂ ਪਾਵੇ, ਨੇੜੇ ਨਾ ਹੋਣ ਦੇਵੇ। ਹੁਣ ਮਨੁੱਖੀ ਅਧਿਕਾਰ ਕਹਿੰਦੇ ਨੇ। ਉਹ ਵੀ ਬਹੁਤ ਉਚੀ ਕਿਸਮ ਦੇ ਮਨੁੱਖੀ ਅਧਿਕਾਰ ਸੀ। ਉਹ ਦਿਵਾਏ ਜਾਂਦੇ ਸੀ, ਪਹਿਲਾਂ ਵੀ। ਸਤਿਜੁਗ 'ਚ ਵੀ ਦਿਵਾਏ ਗਏ, ਤ੍ਰੇਤੇ 'ਚ ਵੀ ਦਿਵਾਏ ਗਏ, ਦੁਆਪਰ ਵਿਚ ਵੀ ਦਿਵਾਏ ਗਏ। ਪਰ ਉਹ ਇਸ ਤਰ੍ਹਾਂ ਨਹੀਂ ਸੀ ਜਿਸ ਤਰ੍ਹਾਂ ਕਲਜੁਗ ਦੇ ਵਿਚ ਦਿਵਾਏ ਗਏ। ਕਲਜੁਗ ਦੇ ਵਿਚ ਜਿਸ ਵਕਤ ਰਾਜ ਆਇਆ ਵਿਦੇਸ਼ੀਆਂ ਦਾ, ਖਾਨਦਾਨ ਗੁਲਾਮਾਂ ਆਇਆ, ਤੁਗਲਕ ਵਗੈਰਾ ਆਏ, ਲੋਧੀ ਆਏ, ਇਹ ਸਾਰਿਆਂ ਦੇ ਅੰਦਰ ਮਜ਼੍ਹਬੀ ਤੌਰ 'ਤੇ ਸਿਖਿਆ ਮਿਲਣ ਕਰਕੇ, ਇਕ ਵੱਡੀ ਭਾਵਨਾ ਇਹ ਸੀ ਕਿ ਇਸਲਾਮ ਜਿਹੜਾ ਹੈ ਇਕ ਖੁਦਾ ਨੂੰ ਮੰਨਦਾ ਹੈ, ਇਕ ਖੁਦਾ ਦੀ ਪੂਜਾ ਕਰਦਾ ਹੈ, ਇਕ ਦਾ ਨਾਮ ਜਪਦਾ ਹੈ, ਉਹਦਾ ਜਿਹੜਾ ਵਿਸ਼ਵਾਸ਼ ਹੈ ਵੰਡਿਆ ਹੋਇਆ ਨਾ ਹੋਣ ਕਰਕੇ, ਉਹਦੇ ਵਿਚ ਬਹੁਤੀ ਸ਼ਕਤੀ ਹੈ। ਉਹ ਛੇਤੀ ਪ੍ਰਮੇਸ਼ਰ ਨੂੰ ਮਿਲ ਸਕਦਾ ਹੈ ਤੇ ਉਹਦਾ ਮਾਨਸ ਜਨਮ ਸਫਲ ਹੋ ਸਕਦਾ ਹੈ ਤੇ ਨਾਲ ਇਹ ਸੀ ਕਿ ਜਿੰਨੇ ਕੋਈ ਇਸਲਾਮ ਦੇ ਵਿਚ ਦੂਸਰੇ ਬੰਦਿਆਂ ਨੂੰ ਲਿਆਏਗਾ, ਓਨਾਂ ਸਵਾਬ ਪ੍ਰਾਪਤ ਹੋਏਗਾ, ਓਨਾਂ ਪੁੰਨ ਵੱਧ ਹੋਏਗਾ। ਕਿਉਂਕਿ ਭੁੱਲੇ ਹੋਏ ਬੰਦਿਆਂ ਨੂੰ, ਨਾਸਤਕ ਬੰਦਿਆਂ ਨੂੰ ਰੱਬ ਵਲ ਲੈ ਆਉਣਾ, ਬੜਾ ਭਾਰਾ ਪੁੰਨ ਹੋਇਆ ਕਰਦਾ ਹੈ। ਬੜਾ ਨੇਕ ਵਿਚਾਰ ਸੀ। ਸਾਰੇ ਧਰਮਾਂ ਦੇ ਅੰਦਰ ਹੈ। ਅਸੀਂ ਕਹਿੰਦੇ ਹਾਂ ਕਿ ਨਿਗੁਰਿਆਂ ਨੂੰ ਅੰਮ੍ਰਿਤ ਛਕਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਦੇਈਏ। ਇਹਦਾ ਉਧਾਰ ਹੋ ਜਾਏਗਾ, ਮਾਨਸ ਜਨਮ ਸਫਲਾ ਹੋ ਜਾਏਗਾ। ਏਸੇ ਤਰ੍ਹਾਂ ਹਰ ਧਰਮ ਦੇ ਅੰਦਰ ਹੈ ਕਿਉਂਕਿ ਆਪਣੇ-ਆਪਣੇ ਮਜ਼੍ਹਬ ਨੂੰ ਹਰ ਬੰਦਾ ਪਿਆਰ ਕਰਦਾ ਹੈ ਤੇ ਬੜੋਤੀ ਦਿੰਦਾ ਹੈ। ਜੇ ਨਾ ਕਰਦਾ ਹੋਵੇ, ਤਾਂ ਦੂਸਰੇ ਦਾ ਮਜ਼੍ਹਬ ਅਖਤਿਆਰ ਕਰ ਲੈਂਦਾ ਹੈ ਕਿ ਇਹਦੇ ਵਿਚ ਤਾਂ ਕੁਛ ਨਹੀਂ ਹੈ। ਸੋ ਇਹ ਭਾਵਨਾ ਕੁਦਰਤੀ ਇਨਸਾਨ ਦੇ ਅੰਦਰ ਹੈ। ਕਲਜੁਗ ਦੇ ਅੰਦਰ ਜਿਸ ਵਕਤ ਇਸਲਾਮ ਦੇ ਹਮਲੇ ਹੋਣ ਲਗ ਗਏ, ਉਸ ਵੇਲੇ ਵਾਤਾਵਰਣ ਉਲਟ ਹੋ ਗਿਆ। ਪਹਿਲਾਂ ਹੋਰ ਤਰ੍ਹਾਂ ਸੀ, ਪਹਿਲਾਂ ਇਹ ਸੀ ਕਿ

ਜੋ ਸਾਡਾ ਤਰੀਕਾ ਭਜਨ ਕਰਨ ਦਾ ਹੈ, ਨਾਮ ਜਪਣ ਦਾ ਹੈ, ਪੁੰਨ ਦਾਨ ਕਰਨ ਦਾ ਹੈ, ਉਹ ਹੋਰ ਜਾਤੀਆਂ ਨੂੰ ਮਨ੍ਹਾ ਸੀ ਕਿ ਉਹ ਨਹੀਂ ਕਰ ਸਕਦੇ ਇਸ ਤਰ੍ਹਾਂ। ਉਹ ਸਾਡੇ ਵਿਚ ਨਹੀਂ ਆ ਸਕਦੇ, ਜੋ ਨਾਮ ਅਸੀਂ ਓਅੰਕਾਰ ਦਾ ਲੈਂਦੇ ਹਾਂ, ਇਹ ਨਾਮ ਨਹੀਂ ਲੈ ਸਕਦੇ। ਇਥੇ ਤੱਕ ਪਾਬੰਦੀ ਸੀ ਕਿ ਬੀਬੀਆਂ ਵੀ ਓਅੰਕਾਰ ਨਹੀਂ ਸੀ ਕਹਿ ਸਕਦੀਆਂ। ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਏਕੰਕਾਰ, ਸਭ ਤੋਂ ਸ਼੍ਰੋਮਣੀ ਜੋ ਸਭ ਤੋਂ ਵੱਡਾ ਮੰਤਰ ਸੀ, ਜਿਸ ਨੂੰ ਬੀਜ ਮੰਤਰ ਆਖਿਆ ਜਾਂਦਾ ਹੈ, ਬੀਜ ਹੈ ਇਹ ਸਾਰੀ ਸ੍ਰਿਸ਼ਟੀ ਦੇ ਮੰਤਰਾਂ ਦਾ। ਓਸ ਵੇਲੇ ਬੜਾ ਇਤਰਾਜ਼ ਕੀਤਾ ਗਿਆ ਕਿ ਹੇ ਨਾਨਕ! ਤੂੰ ਤਾਂ ਕੁਰਾਹੀਆ ਹੋ ਗਿਆ, ਧਰਮ ਭ੍ਰਿਸ਼ਟ ਹੋ ਗਿਆ, ਤੂੰ ਮਰਿਆਦਾ ਬਦਲ ਦਿਤੀ। ਬੀਬੀਆਂ ਦਾ ਕੀ ਹੱਕ ਹੈ, ਓਅੰਕਾਰ ਦਾ ਨਾਮ ਲੈਣ ਦਾ। ਛੋਟੀਆਂ ਜਾਤੀਆਂ ਦਾ? ਸ਼ੂਦਰਾਂ ਦਾ ਕੀ ਹੱਕ ਹੈ ਕਿ ਓਅੰਕਾਰ ਕਹਿ ਦੇਣ? ਮਹਾਰਾਜ ਜੀ ਨੇ ਦੱਸਿਆ ਕਿ ਇਸੇ ਪੜ੍ਹਦੇ ਦੇ ਵਿਚ ਏਕੰਕਾਰ ਹੈ ਇਹਦਾ ਦੋਸ਼ ਨਹੀਂ ਲਗਦਾ ਕਿਸੇ ਨੂੰ। ਲੇਕਿਨ ਉਸ ਵੇਲੇ ਦੀ ਸੰਸਕ੍ਰਿਤੀ ਇਹ ਸੀ ਕਿ ਜੋ ਸਾਡਾ ਤਰੀਕਾ ਪੂਜਾ ਪਾਠ ਦਾ ਹੈ ਉਹ ਦੂਸਰਾ ਨਾ ਕੋਈ ਕਰੇ। ਕਲਜੁਗ ਦੇ ਅੰਦਰ ਇਹ ਹੋ ਗਿਆ ਕਿ ਇਸਲਾਮ ਵਾਲਿਆਂ ਨੇ ਕਿਹਾ ਕਿ ਜਿਹੜਾ ਦੂਜਿਆਂ ਦਾ ਪੂਜਾ ਪਾਠ ਦਾ ਤਰੀਕਾ ਹੈ ਉਹਨੂੰ ਬੰਦ ਕਰ ਦਿਓ ਤੇ ਜਿਹੜਾ ਸਾਡਾ ਹੈ ਉਹਨੂੰ ਦੁਨੀਆਂ 'ਚ ਪ੍ਰਚਿਲਤ ਕਰ ਦਿਓ, ਕਿਉਂਕਿ ਇਹ ਸਭ ਤੋਂ ਸ੍ਰੇਸ਼ਟ ਹੈ। ਪਹਿਲੇ ਤਰੀਕੇ ਦੇ ਅੰਦਰ ਸ੍ਰੀ ਰਾਮ ਚੰਦਰ ਜੀ ਦੇ ਮੌਕੇ 'ਤੇ ਸ਼ੰਭਕ ਰਿਸ਼ੀ, ਇਥੇ ਦੀ ਜੋ ਆਦਿ ਜਾਤੀ ਸੀ, ਆਦਿ ਵਾਸੀ ਸੀ, ਉਸਨੇ ਭਜਨ ਕੀਤਾ। ਆਰੀਆਂ ਦਾ ਜੋ ਵੇਦਾਂ ਦਾ ਗਿਆਨ ਸੀ ਉਸਦਾ ਅਨੁਭਵ ਕਰਕੇ ਉਸਨੇ 'ਏਕੋ ਬ੍ਰਹਮ ਦੁਤੀਆ ਨਾਸਤਿ' ਬ੍ਰਹਮਗਿਆਨ ਦੀ ਅਵਸਥਾ ਪ੍ਰਾਪਤ ਕਰ ਲਈ। ਧਰਮ ਦੇ ਜੋ ਉਸ ਵੇਲੇ ਦੇ ਵੱਡੇ ਠੇਕੇਦਾਰ ਸੀ, ਉਨ੍ਹਾਂ ਨੂੰ ਬੁਰਾ ਲੱਗਿਆ ਕਿ ਦੂਸਰੀ ਜਾਤੀ ਦਾ ਬੰਦਾ ਸਾਡੇ ਤਰੀਕੇ ਨਾਲ ਭਜਨ ਕਰਦਾ ਹੈ, ਸਾਡੇ ਗਿਆਨ ਦਾ ਪ੍ਰਚਾਰ ਕਰਦਾ ਹੈ। ਸ੍ਰੀ ਰਾਮ ਚੰਦਰ ਜੀ ਮਹਾਰਾਜ ਕੋਲ ਸ਼ਿਕਾਇਤ ਕੀਤੀ। ਅਚਾਨਕ ਇਕ ਬ੍ਰਾਹਮਣ ਦਾ ਲੜਕਾ ਮਰ ਗਿਆ। ਉਨ੍ਹਾਂ ਦਿਨਾਂ ਦੇ ਅੰਦਰ ਕੋਈ ਧਰਮ ਦੀ ਮਰਿਆਦਾ ਐਸੀ ਸੀ ਕਿ ਪਿਤਾ ਦੇ ਹੁੰਦੇ ਪੁੱਤਰ ਦੀ ਮੌਤ ਅਚਾਨਕ ਨਹੀਂ ਸੀ ਹੋਇਆ ਕਰਦੀ, ਯੁੱਧਾਂ, ਜੰਗਾਂ 'ਚ ਤਾਂ ਹੋ ਜਾਇਆ ਕਰਦੀ ਸੀ, ਲੇਕਿਨ ਅਚਾਨਕ ਨਹੀਂ ਸੀ ਹੁੰਦੀ। ਉਹਦੀ ਵਿਚਾਰ ਕੀਤੀ ਗਈ ਕਿ ਕੋਈ ਦੋਸ਼ ਹੈ ਸਾਡੇ ਦੇਸ਼ ਦੇ ਅੰਦਰ ਕਿ ਸ਼ੰਭਕ ਰਿਸ਼ੀ ਵੈਦਿਕ ਤਰੀਕੇ ਦੇ ਨਾਲ ਭਜਨ ਕਰਦਾ ਹੈ। ਇਹਦਾ ਹੱਕ ਨਹੀਂ ਹੈ ਕਿ ਸਾਡੇ ਧਰਮ ਦੇ ਮੁਤਾਬਿਕ ਕਰੇ, ਸਾਡੇ ਧਰਮ ਦੇ ਵਿਚ ਰਲ ਨਹੀਂ ਸਕਦਾ ਇਹ। ਅਸੀਂ ਏਸ ਨੂੰ ਕਿਸੇ ਤਰੀਕੇ ਦੇ ਨਾਲ ਸ਼ਾਮਿਲ ਨਹੀਂ ਕਰ ਸਕਦੇ। ਸ਼ੂਦਰ ਜਾਤੀਆਂ ਨਹੀਂ ਭਜਨ ਕਰ ਸਕਦੀਆਂ ਸੀ ਸਿਰਫ ਦੋ ਸੁਪਰੀਮ ਜਾਤੀਆਂ ਬ੍ਰਾਹਮਣ ਤੇ ਖਤਰੀਆਂ ਦਾ ਹੱਕ ਸੀ, ਦੂਸਰਿਆਂ ਦਾ ਹੱਕ ਨਹੀਂ ਸੀ। ਸ਼ੂਦਰਾਂ ਨੂੰ ਕੇਵਲ ਇਹ ਸੀ ਕਿ ਤੁਹਾਡਾ ਭਲਾ ਸੇਵਾ ਕਰਨ ਵਿਚ ਹੀ ਹੈ, ਤੁਹਾਨੂੰ ਨਵਾਂ ਜਨਮ ਮਿਲੇਗਾ। ਤਰੱਕੀ ਹੋਏਗੀ, ਤੁਸੀਂ ਵੈਸ਼ ਬਣੋਂਗੇ। ਵੈਸ਼ ਦੇ ਨਾਲ ਤੁਸੀਂ ਦੇਸ਼ ਦੀ ਅਮੀਰੀ ਨੂੰ ਵਧਾਓਂਗੇ, ਤਜਾਰਤਾਂ ਕਰੋਂਗੇ, ਹੋਰ ਖੇਤੀਆਂ ਬਾੜੀਆਂ ਕਰੋਂਗੇ, ਫੇਰ ਤੁਹਾਡੇ ਪੁੰਨ ਦਾਨ ਦਾ ਫਲ ਤੁਸੀਂ ਕਸ਼ਤਰੀ ਜਾਤੀ 'ਚ ਆਓਂਗੇ ਤੇ ਹੌਲੀ-ਹੌਲੀ ਬ੍ਰਾਹਮਣ ਦੇ ਵਿਚ ਆ ਜਾਓਂਗੇ। ਇਹ ਜਾਤੀਵਾਦ ਦਾ ਬਹੁਤ ਇਥੇ ਸਖਤ ਜਾਲ ਵਿਛਿਆ ਹੋਇਆ ਸੀ। ਸੋ ਅਖੀਰ ਸ੍ਰੀ ਰਾਮ ਚੰਦਰ ਜੀ ਨੂੰ ਬੇਨਤੀ ਕੀਤੀ। ਉਹ ਸਭ ਕੁਛ ਜਾਣਦੇ ਸੀ ਲੇਕਿਨ ਇਨ੍ਹਾਂ ਨੇ ਐਨਾ ਵਿਰੋਧ ਕਰ ਦਿਤਾ ਕਿ ਬ੍ਰਹਮ ਦਾਹ ਕਰ ਲਿਆ ਜਾਏਗਾ। ਅੱਗ ਲਾ ਕੇ ਬ੍ਰਾਹਮਣ ਮਰਨੇ ਸ਼ੁਰੂ ਹੋ ਜਾਣਗੇ, ਬ੍ਰਹਮ ਹੱਤਿਆ ਤੁਹਾਡੇ ਸਿਰ ਲੱਗੇਗੀ। ਉਹ ਅਵਤਾਰ ਹੁੰਦੇ ਹੋਏ, ਕਿਉਂਕਿ ਰਾਜੇ ਸੀ, ਰਾਜੇ ਦਾ ਅਸੂਲ ਹੁੰਦਾ ਹੈ ਉਸੇ ਅਸੂਲ ਦੇ ਅੰਦਰ ਸੀਤਾ ਜੀ ਦਾ ਤਿਆਗ ਕੀਤਾ, ਸਭ ਕੁਛ ਜਾਣਦੇ ਹੋਏ। ਉਸੇ ਅਸੂਲ ਦੇ ਅੰਦਰ ਆਪ ਸਤਿਲੁਜ ਨਦੀ ਦੇ ਕੰਢੇ ਆ ਕੇ, ਜਦੋਂ ਓਸ ਆਸ਼ਰਮ 'ਚ ਦਾਖਲ ਹੁੰਦੇ ਨੇ, ਉਸ ਵੇਲੇ ਆਪ ਫੁਰਮਾਨ ਕਰਦੇ ਨੇ ਕਿ ਆਹਾ! ਮੈਂ ਕਿੱਥੇ ਆ ਗਿਆ, ਕਿੰਨਾ ਸੁੰਦਰ ਵਾਤਾਵਰਣ ਹੈ, ਕਿਸ ਤਰ੍ਹਾਂ ਦੇ ਨਾਲ ਮੱਲੋ-ਮੱਲੀ, ਮਨ ਆਤਮਾ ਦੇ ਨਾਲ ਜੁੜਦਾ ਜਾਂਦਾ ਹੈ। ਕਿੰਨਾ ਆਨੰਦ ਆ ਰਿਹਾ ਹੈ, ਕਿੰਨਾ ਸੰਗੀਤ ਸੁਣਨ ਲਗ ਗਿਆ ਏਸ ਥਾਂ ਦੇ ਉਤੇ, ਕੌਣ ਹੈ ਜੋ ਇਸ ਥਾਂ ਦੇ ਉਤੇ ਤਪ ਕਰ ਰਿਹਾ ਹੈ ਤੇ ਜਿਸਦੀ ਚਰਨ ਛੋਹ ਦੇ ਨਾਲ ਇਹ ਧਰਤੀ ਪਵਿੱਤਰ ਹੋਈ ਹੈ? ਉਸ ਵੇਲੇ ਦੇ ਜੋ ਆਚਾਰੀਆ ਸੀ ਉਨ੍ਹਾਂ ਨੇ ਕਿਹਾ ਕਿ ਇਹੀ ਸ਼ੰਭਕ ਰਿਸ਼ੀ ਦਾ ਆਸ਼ਰਮ ਹੈ। ਸ਼ੰਭਕ ਰਿਸ਼ੀ, ਸ੍ਰੀ ਰਾਮ ਚੰਦਰ ਜੀ ਦਾ ਆਦਰ ਕਰਨ ਵਾਸਤੇ ਫੂਲ ਮਾਲਾ ਵਗੈਰਾ ਲੈ ਕੇ ਆਉਂਦਾ ਹੈ ਤਾਂ ਉਸ ਵੇਲੇ ਉਹਨੂੰ ਦੱਸਿਆ ਜਾਂਦਾ ਹੈ ਕਿ ਤੈਨੂੰ ਮਾਰਨ ਵਾਸਤੇ ਸ੍ਰੀ ਰਾਮ ਚੰਦਰ ਇਥੇ ਆਏ ਸੀ। ਉਹ ਕਹਿੰਦਾ ਮੇਰੇ ਤਾਂ ਧੰਨ ਭਾਗ ਨੇ ਕਿ ਐਸੇ

ਹਸਤ ਕਮਲਾਂ ਦੇ ਨਾਲ ਮੇਰੇ ਸਰੀਰ ਦਾ ਵਿਨਾਸ਼ ਹੋਏਗਾ। ਕਿੰਨਾ ਪਵਿੱਤਰ ਹੈ ਇਹ ਵਾਤਾਵਰਣ ਕਿ ਮੈਨੂੰ ਆਪ ਆ ਕੇ ਉਹ ਬੱਧ ਕਰਨਗੇ। ਉਹ ਮਾਰਿਆ ਗਿਆ ਰਿਸ਼ੀ, ਇਸ ਕਰਕੇ ਕਿ ਉਹਨੇ ਵੈਦਿਕ ਤਰੀਕੇ ਨਾਲ ਭਜਨ ਕਰਨਾ ਸ਼ੁਰੂ ਕਰ ਦਿਤਾ ਸੀ।

ਇਸੇ ਤਰ੍ਹਾਂ ਦੇ ਨਾਲ ਦੁਆਪਰ ਵਿਚ, ਦੂਸਰੀ ਮਾੜੀ ਗੱਲ ਗੁਲਾਮ ਪ੍ਰਥਾ ਸੀ। ਜਦ ਤੋਂ ਇਨਸਾਨ ਬਣਿਆ ਹੈ, ਇਕ ਇਹਦੇ ਵਿਚ ਬੜੀ ਜ਼ਬਰਦਸਤ ਕਮਜ਼ੋਰੀ ਸੀ ਕਿ ਗਰੀਬਾਂ, ਨਿਮਾਣਿਆਂ-ਨਿਤਾਣਿਆਂ ਨੂੰ ਫੜ ਕੇ ਜ਼ਬਰਦਸਤੀ ਆਪਣੇ ਦਾਸ, ਗੁਲਾਮ ਬਣਾ ਲੈਂਦਾ ਸੀ। ਸਾਰੇ ਸੰਸਾਰ ਦੇ ਅੰਦਰ ਇਹ ਪ੍ਰਥਾ ਚੱਲ ਰਹੀ ਸੀ, ਗੁਲਾਮ ਬਣਾਉਣ ਦੀ। ਗੁਰੂ ਨਾਨਕ ਨੇ ਇਸਦੇ ਖਿਲਾਫ ਵਿਦਰੋਹ ਕਰਿਆ। ਉਹਨੇ ਕਿਹਾ ਕਿ ਗੁਲਾਮ ਤਾਂ ਮੈਂ ਹਾਂ, ਪਰ ਮੈਂ ਆਪਣੇ ਮਾਲਕ ਦਾ ਗੁਲਾਮ ਹਾਂ -

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥*

*ਅੰਗ - ੯੯੧*

ਪਰ ਇਹ ਜਿਹੜੀ ਪ੍ਰਥਾ ਚੱਲ ਰਹੀ ਹੈ, ਉਹਦੇ ਬਾਰੇ ਗੁਰੂ ਮਹਾਰਾਜ ਨੇ ਯੂ.ਪੀ. ਦੇ ਵਿਚ ਜਾ ਕੇ ਰਾਮਪੁਰ ਜ਼ਿਲੇ 'ਚ ਓਸ ਥਾਂ ਪੰਜ ਚਾਰ ਥਾਓਂ ਗ੍ਰਿਫਤਾਰੀਆਂ ਦੇ ਕੇ, ਗੁਲਾਮ ਬਣੇ, ਕਿਉਂਕਿ ਉਹ ਗੜ੍ਹ ਸੀਗਾ, ਓਸ ਥਾਂ ਬੰਦੇ ਵੇਚੇ ਜਾਂਦੇ ਸੀ। ਗੁਰਦੁਆਰੇ ਬਣ ਚੁੱਕੇ ਨੇ ਹੁਣ ਓਸ ਥਾਂ ਦੇ ਉਤੇ। ਉਥੇ ਨਿਖਾਸ ਬਜ਼ਾਰ ਲਗਦਾ ਸੀ, ਬੰਦੇ ਵੇਚਣ ਦਾ ਬਜ਼ਾਰ। ਜਿਹੜੇ ਪਠਾਣ ਸੀ, ਰਾਮਪੁਰ ਵਾਲੇ, ਨਜੀਬਾਬਾਦ ਵਾਲੇ, ਬੜੇ ਡਾਹਢੇ ਸੀ, ਬੰਦਿਆਂ ਨੂੰ ਫੜ ਲੈਣਾ, ਰਾਹੀਆਂ ਨੂੰ ਤੇ ਭਾਈ ਹਰਾ ਜੀ, ਸ੍ਰੀ ਗੁਰੂ ਨਾਨਕ ਦੇਵ ਦੇ ਸਿੱਖ, ਉਹ ਵੀ ਫੜ ਲਏ ਗਏ। ਉਨ੍ਹਾਂ ਬੰਦਿਆਂ ਨੂੰ ਵੇਚ ਦਿੰਦੇ ਸੀ। ਗੁਰੂ ਨਾਨਕ, ਉਨ੍ਹਾਂ ਨੂੰ ਛੁਡਾਉਣ ਵਾਸਤੇ ਆਪ ਗੁਲਾਮ ਬਣੇ ਤੇ ਉਨ੍ਹਾਂ ਨੂੰ ਸਿੱਧੇ ਰਸਤੇ ਪਾਇਆ ਕਿ ਗੁਲਾਮੀ ਬੜੀ ਮਾੜੀ ਚੀਜ਼ ਹੈ, ਲੇਕਿਨ ਗੁਲਾਮੀ ਫੇਰ ਵੀ ਨਾ ਹਟੀ। ਹਿੰਦੂ ਰਾਜਿਆਂ ਦੇ ਹਜ਼ਾਰਾਂ ਦੀ ਤਾਦਾਦ ਵਿਚ ਦਾਸ ਤੇ ਦਾਸੀਆਂ ਹੋਇਆ ਕਰਦੀਆਂ ਸੀ। ਸਿੱਖ ਰਾਜਿਆਂ ਦੇ ਵੀ ਗੋਲੇ ਹੋਇਆ ਕਰਦੇ ਸੀ। ਗੋਲਿਆਂ ਦੇ ਹੁਣ ਤੱਕ ਵੀ ਘਰ ਚਲਦੇ ਨੇ, ਗੋਤ ਵੀ ਗੋਲੇ ਬਣ ਗਿਆ ਉਹ। ਸੋ ਮਨੁੱਖ ਨੂੰ ਉਹਦੇ ਸਾਰੇ ਹੱਕਾਂ ਤੋਂ ਮਹਿਰੂਮ ਕਰਕੇ ਆਪਣਾ ਗੁਲਾਮ ਬਣਾ ਲੈਣਾ, ਕੋਈ ਤਰੱਕੀ ਦਾ ਮੌਕਾ ਨਹੀਂ ਉਹਨੂੰ, ਕੋਈ ਭਜਨ ਕਰਨ ਦਾ ਵਕਤ ਹੈ ਨਹੀਂ। ਇਸ ਤਰ੍ਹਾਂ ਦੇ ਨਾਲ ਇਹ ਮਨੁੱਖ ਦੀ ਕਮਜ਼ੋਰੀ ਤੁਰੀ ਆਈ ਹੈ। ਜੇ ਅਸੀਂ ਇਸਲਾਮ ਵਾਲਿਆਂ ਨੂੰ ਦੋਸ਼ ਦੇਈਏ, ਬਿਲਕੁਲ ਗਲਤ ਹੈ। ਉਨ੍ਹਾਂ ਦੇ ਅੰਦਰ ਇਕ ਹੋਰ ਭਾਵਨਾ ਸੀ, ਉਲਟ ਸੀ। ਉਹ ਕਹਿੰਦੇ ਸੀ ਕਿ ਜਿਹੜਾ ਇਸਲਾਮ ਦਾ ਰਸਤਾ ਹੈ, ਪੈਗੰਬਰ ਆਖਰੀ ਆਇਆ ਹੈ ਤੇ ਰੱਬ ਦਾ ਇਲਹਾਮ ਲੈ ਕੇ ਆਇਆ ਹੈ। ਉਹ ਵਿਸ਼ਵਾਸ਼ ਇਹ ਕਹਿੰਦਾ ਸੀ ਕਿ ਜੋ ਇਸਲਾਮ ਵਿਚ ਆ ਗਿਆ, ਜਿਸਨੇ ਕਲਮਾ ਪੜ੍ਹ ਲਿਆ ਉਹ ਦੋਜ਼ਕ ਵਿਚ ਨਹੀਂ ਆਏਗਾ। ਜਿਸ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਉਤੇ ਯਕੀਨ ਲੈ ਆਂਦਾ, ਉਹ ਦੋਜ਼ਕ 'ਚ ਨਹੀਂ ਜਾਏਗਾ। ਦੋ ਤਰ੍ਹਾਂ ਦੇ ਨਾਲ ਪ੍ਰਚਾਰ ਹੋਇਆ ਹੈ। ਇਕ ਸੂਫੀ ਪੀਰਾਂ ਨੇ ਕਰਿਆ, ਉਨ੍ਹਾਂ ਨੇ ਪਿਆਰ ਤੇ ਪ੍ਰੇਮ 'ਤੇ ਗੱਲ ਸਮਝਾ ਕੇ ਪ੍ਰਚਾਰ ਕਰਿਆ। ਜਿੰਨੇ ਸੂਫੀਆਂ ਨੇ, ਇਸਲਾਮ ਦੇ ਵਿਚ ਲਿਆਂਦੇ ਲੋਕ, ਓਨੇ ਤਲਵਾਰਾਂ ਵਾਲਿਆਂ ਨੇ ਨਹੀਂ ਲਿਆਂਦੇ। ਤਲਵਾਰਾਂ ਵਾਲਿਆਂ ਨੇ ਉਨ੍ਹਾਂ ਤੋਂ ਹਜ਼ਾਰਾਂ ਗੁਣਾਂ ਵੱਧ ਤਲਵਾਰਾਂ ਨਾਲ ਕੱਟ ਕੇ ਮਾਰ ਦਿਤੇ। ਉਲਟਾ ਦੌਰ ਸੀ। ਇਹ ਨਹੀਂ ਸੀਗਾ ਕਿ ਆਰੀਅਨ ਕਿ ਇਹ ਸਾਡੇ ਤਰੀਕੇ ਨਾਲ ਭਗਤੀ ਨਹੀਂ ਕਰ ਸਕਦਾ, ਸਾਡੇ ਓਅੰਕਾਰ ਦਾ ਨਾਮ ਨਹੀਂ ਲੈ ਸਕਦਾ, ਰਾਮ ਨਹੀਂ ਕਹਿ ਸਕਦਾ, ਜੇ ਕਹਿ ਦਿੰਦਾ ਸੀ ਜ਼ੁਬਾਨ ਕੱਟੀ ਜਾਂਦੀ, ਜੇ ਉਹਨੇ ਕਿਤੇ ਵੇਦ ਮੰਤਰ, ਗਿਆਨ ਦੀ ਬਾਤ ਸੁਣ ਲਈ, ਉਹਦੇ ਕੰਨਾਂ ਵਿਚ ਸਿੱਕਾ ਭਰ ਦਿਤਾ ਜਾਂਦਾ। ਇਹ ਕਿਹੜਾ ਥੋੜ੍ਹੀ ਜ਼ਾਲਮਤਾ ਸੀ। ਬਹੁਤ ਜ਼ਿਆਦਾ ਸੀ, ਦੂਸਰਿਆਂ ਨੂੰ ਅਸੀਂ ਦੋਸ਼ ਦਿੰਦੇ ਹਾਂ। ਸਾਡੇ ਵੀ ਇਸੇ ਤਰ੍ਹਾਂ ਸੀ, ਜਿਸ ਵਕਤ ਉਹ ਬੰਦਾ ਚਲਦਾ ਸੀ, ਕਹਿੰਦੇ ਪੈੜਾਂ ਮਿਟਾ ਦਿਓ, ਉਹਦੇ ਪਿੱਛੇ ਇਕ ਝਾਫਾ ਬੰਨ੍ਹ ਦਿਤਾ ਜਾਂਦਾ ਸੀ, ਉਹ ਗਰਦ ਉਡਾਉਂਦਾ ਤੁਰਿਆ ਜਾਂਦਾ ਸੀ। ਫੇਰ ਨੇਕ ਤੋਂ ਨੇਕ ਅਸੀਂ, ਕਿਉਂਕਿ ਅਸੀਂ ਓਸ ਜਾਤੀ ਨਾਲ ਸਬੰਧ ਰੱਖ ਕੇ ਆਪਣੇ ਔਗੁਣਾਂ ਨੂੰ ਨਹੀਂ ਦੇਖਦੇ। ਇਹ ਗੁਰੂ ਨੇ ਦੇਖੇ, ਗੁਰੂ ਦਸ਼ਮੇਸ਼ ਪਿਤਾ ਨੇ ਦੇਖੇ ਕਿ ਇਹ ਇਨਸਾਨ ਦੇ ਉਤੇ ਧੱਕਾ ਕਿਉਂ ਹੋ ਰਿਹਾ ਹੈ ਜੋ ਨਹੀਂ ਹੋਣਾ ਚਾਹੀਦਾ। ਆਦਮੀ ਆਜ਼ਾਦ ਜੰਮਿਆ ਹੈ, ਉਹ ਆਜ਼ਾਦ ਰਹਿਣਾ ਚਾਹੀਦਾ ਹੈ। ਗੁਲਾਮ ਨਹੀਂ ਬਣਨਾ ਚਾਹੀਦਾ। ਗੁਲਾਮੀ ਨੂੰ ਪਸੰਦ ਨਹੀਂ ਕੀਤਾ ਗਿਆ।

ਸੋ ਇਸ ਤਰ੍ਹਾਂ ਸਮਾਂ ਚਲਦਾ-ਚਲਦਾ ਜਿਵੇਂ ਮੈਂ ਬੇਨਤੀ ਕੀਤੀ ਹੈ, ਉਹਨੇ ਕਰਵਟ ਲਈ, ਬਦਲ ਗਿਆ। ਹੁਣ ਇਹ ਆ ਗਿਆ, ਇਸਲਾਮ ਦੇ ਅੰਦਰ ਕਿ ਸਾਰੀ ਦੁਨੀਆਂ ਨੂੰ ਏਸ ਧਰਮ ਦੇ ਵਿਚ ਲਿਆਂਦਾ ਜਾਵੇ, ਤਾਂ

ਕਿ ਸਾਰੇ ਅੱਲਾਹ ਪਾਕ ਦਾ ਕਲਮਾ ਪੜ੍ਹਨ ਤੇ ਬਹਿਸ਼ਤਾਂ ਨੂੰ ਜਾਣ। ਹਿੰਦੂਆਂ ਦੇ ਦੇਵੀ ਦੇਵਤਿਆਂ ਨੂੰ ਦੇਖ ਕੇ ਉਹ ਤਰਕ ਕਰਦੇ ਸੀ ਕਿ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਬਹੁ ਦੇਵ ਪੂਜਾ ਦੇ ਵਿਚ ਪਏ ਹੋਏ ਨੇ। ਇਨ੍ਹਾਂ ਦਾ ਇਕ ਦੇ ਉਤੇ ਭਰੋਸਾ ਨਹੀਂ ਹੈ, ਇਨ੍ਹਾਂ ਦੀਆਂ ਮੂਰਤੀਆਂ ਤੋੜ ਦਿਓ, ਮੰਦਰ ਢਾਹ ਦਿਓ ਤਾਂ ਕਿ ਇਹ ਇਸਲਾਮ ਦੇ ਵਿਚ ਆ ਜਾਣ, ਲੇਕਿਨ ਕੁਵਰਤੋਂ ਜਿਹੜੀ ਕੀਤੀ ਗਈ, ਉਹ ਇਹ ਕੀਤੀ ਗਈ ਕਿ ਜਿਹੜਾ ਨਹੀਂ ਮੰਨਦਾ, ਉਹਨੂੰ ਕਾਫਰ ਦਾ ਨਾਮ ਦਿਓ। ਕਾਫਰ ਨੂੰ ਮਾਰ ਦੇਣਾ, ਪੁੰਨ ਗਿਣਿਆ ਗਿਆ। ਕਾਫਰ ਨੂੰ ਮਾਰ ਦਿਓ, ਉਹਦਾ ਜੀਉਣ ਦਾ ਹੱਕ ਨਹੀਂ ਹੈ, ਕੁਫਰ ਦੇ ਵਿਚ, ਕਿਉਂਕਿ ਉਹ ਨਾਸਤਕ ਖਿਆਲ ਫੈਲਾਉਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਨੂੰ ਬਹਾਦਰ ਸ਼ਾਹ ਨੇ ਪੁਛਿਆ, ਕਹਿਣ ਲੱਗਿਆ, ਗੁਰੂ ਜੀ! ਤੁਸੀਂ ਵੀ ਇਕ ਖੁਦਾ ਨੂੰ ਮੰਨਦੇ ਓਂ, ਅਸੀਂ ਵੀ ਇਕ ਖੁਦਾ ਨੂੰ ਮੰਨਦੇ ਹਾਂ। ਪਰ ਦੇਖੋ ਅਜੀਬ ਗੱਲ ਇਹ ਹੈ ਕਿ ਇਹ ਹਿੰਦੂ ਮੂਰਤੀਆਂ ਆਪੇ ਹੀ ਬਣਾ ਲੈਂਦੇ ਨੇ ਮੰਦਰਾਂ 'ਚ, ਫੇਰ ਰਲ ਕੇ ਸਾਰੇ ਉਹਦੇ ਅੱਗੇ ਮੱਥਾ ਟੇਕਦੇ ਨੇ। ਤੁਹਾਡਾ ਇਹਦੇ ਬਾਰੇ ਕੀ ਖਿਆਲ ਹੈ? ਮਹਾਰਾਜ ਕਹਿਣ ਲੱਗੇ, ਬਹਾਦਰ ਸ਼ਾਹ! ਮਜ਼ਬ ਕਿਸੇ ਨੂੰ ਨਹੀਂ ਤਾਰਿਆ ਕਰਦਾ, ਭਾਵਨਾ ਤਾਰਦੀ ਹੈ। ਜੇ ਤੇਰੇ ਇਸਲਾਮ ਦੇ ਅੰਦਰ ਭਾਵਨਾ ਨਹੀਂ ਹੈ, ਭਾਉ ਨਹੀਂ ਹੈ, ਪਿਆਰ ਨਹੀਂ ਹੈ, ਪ੍ਰਤੀਤ ਨਹੀਂ ਹੈ ਤਾਂ ਉਹ ਤਰ ਨਹੀਂ ਸਕਦਾ। ਖੋਟਾ ਸਿੱਕਾ ਕਿਸੇ ਦਾ ਵੀ ਨਹੀਂ ਚੱਲਿਆ ਕਰਦਾ। ਬਾਕੀ ਹੈ ਕਿ ਸਾਡੇ ਵਿਚ ਵੀ ਇਹ ਭਾਵਨਾ ਨਹੀਂ ਹੈ।

ਬਾਕੀ ਹੈ ਕਿ ਹਿੰਦੂਆਂ ਦੇ ਅੰਦਰ ਜੇ ਭਾਵਨਾ ਨਹੀਂ, ਕੇਵਲ ਮੂਰਤੀ ਨੂੰ ਪੱਥਰ ਜਾਣ ਕੇ ਪੂਜਦੇ ਨੇ ਫੇਰ ਤਾਂ ਹੈਗੀ ਗਲਤ ਗੱਲ। ਲੇਕਿਨ ਉਨ੍ਹਾਂ ਦੀ ਜੋ ਭਾਵਨਾ ਹੈ ਮੂਰਤੀ ਦੇ ਪਿਛੇ ਪ੍ਰਮੇਸ਼ਰ ਨੂੰ ਦੇਖਦੇ ਨੇ। ਧੰਨੇ ਨੇ ਪ੍ਰਸ਼ਾਦਾ ਛਕਾ ਦਿਤਾ, ਨਾਮਦੇਵ ਨੇ ਦੁੱਧ ਪਿਲਾ ਦਿਤਾ। ਕਹਿਣ ਲੱਗੇ, ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਮੁਬਾਰਕ, ਸਾਡਾ ਸਾਨੂੰ, ਤੁਹਾਡਾ ਤੁਹਾਨੂੰ। ਦੋਸ਼ ਨਹੀਂ ਹੈ ਕਿਸੇ 'ਚ, ਭਾਵਨਾ ਦੀ ਗੱਲ ਹੈ ਸਾਰੀ। ਮਹਾਰਾਜ ਨਹੀਂ ਮੰਨੇ ਇਸ ਤਰ੍ਹਾਂ ਦੇ ਨਾਲ। ਐਵੇਂ ਅਸੀਂ ਕਹਿ ਦੇਈਏ ਕਿ ਬੁੱਤ-ਸ਼ਿਕਨ ਹੈ ਉਹ ਹੋਰ ਤਰ੍ਹਾਂ ਦੇ ਨਾਲ ਮਹਾਰਾਜ ਜੀ ਦਾ ਪ੍ਰਚਾਰ ਸੀ। ਗੱਲ ਸਮਝੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿਛੇ ਜੇ ਤੁਸੀਂ ਸਾਖਸ਼ਾਤ ਗੁਰੂ ਨਾਨਕ ਪਾਤਸ਼ਾਹ ਨੂੰ ਨਹੀਂ ਦੇਖਦੇ ਤਾਂ ਤੁਸੀਂ ਖੁੰਝੇ ਹੋਏ ਓਂ। ਜੇ ਤੁਹਾਡੇ ਮਨ 'ਚ ਹੈ ਕਿ ਗੁਰੂ ਨਾਨਕ ਦੇਵ ਜੀ ਬੋਲ ਰਹੇ ਹਨ। ਬਾਣੀ ਭਾਈ ਪੜ੍ਹ ਰਿਹਾ ਹੈ ਤੇ ਤੁਹਾਡੀ ਭਾਵਨਾ ਹੈ ਕਿ ਗੁਰਬਾਣੀ ਜੋ ਹੈ ਇਹ ਗੁਰੂ ਨਾਨਕ ਸਾਹਿਬ ਬੋਲ ਰਹੇ ਨੇ। ਬਹੁਤ ਵੱਡਾ ਫਰਕ ਪੈ ਜਾਂਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਅਨੇਕਾਂ ਖਿਆਲ ਨੇ, ਗੁਲਾਮੀ ਦਾ ਰਾਹ ਮੁੱਢ ਤੋਂ ਹੀ ਚਲਦਾ ਹੈ। ਲੇਕਿਨ ਇਥੇ ਆ ਕੇ ਇਕ ਭਾਵਨਾ ਉਲਟ ਹੋ ਗਈ, ਉਹ ਇਹ ਹੋ ਗਈ ਕਿ ਜਿਹੜਾ ਇਸਲਾਮ ਵਿਚ ਨਹੀਂ ਆਉਂਦਾ, ਉਹਦਾ ਜੀਉਣ ਦਾ ਕੋਈ ਹੱਕ ਨਹੀਂ ਹੈ। ਉਹਦੇ ਮੁਤਾਬਿਕ ਕਾਨੂੰਨ ਬਣ ਗਏ ਰਾਜ ਵਿਚ। ਇਸਲਾਮੀ ਸ਼ਰਾ ਬਣ ਗਈ। ਉਹਦਾ (ਗੈਰ-ਮੁਸਲਿਮ ਦਾ) ਕੋਈ ਹੱਕ ਨਹੀਂ ਹੈ ਕਿ ਉਹ ਅਮੀਰ ਬਣੇ। ਉਹਦਾ ਜਿਹੜਾ ਵਾਧੂ ਪੈਸਾ ਹੈ ਟੈਕਸ ਲਾ ਕੇ ਖੋਹ ਲਓ। ਓਸ ਬੰਦੇ ਦਾ ਕੋਈ ਹੱਕ ਨਹੀਂ ਹੈ ਕਿ ਵਧੀਆ ਘੋੜੇ ਦੇ ਉਤੇ ਸਵਾਰੀ ਕਰੇ, ਉਹਦੇ ਵਾਸਤੇ ਗਧਾ ਜਾਂ ਟੈਰ, ਆਹੀ ਸਜ਼ਾ ਉਸ ਨੂੰ ਬਹੁਤ ਹੈ। ਉਹਦਾ ਕੋਈ ਹੱਕ ਨਹੀਂ ਹੈ ਕਿ ਕਣਕ ਦਾ ਭੰਡਾਰਾ ਰੱਖੇ, ਉਹ ਜਵਾਰ ਖਾਵੇ, ਕਣਕ ਖਾਣਾ ਉਹਦਾ ਹੱਕ ਨਹੀਂ ਹੈ, ਕਿਉਂਕਿ ਕਾਫਰ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਸ ਤੋਂ ਕਣਕ ਖੋਹ ਲਈ ਜਾਂਦੀ ਸੀ। ਸੋਹਣੇ ਕੱਪੜੇ ਖੋਹ ਲਏ ਜਾਂਦੇ ਸੀ। ਸੋਹਣੀ ਜੋ ਔਰਤ ਸੀ, ਬੀਬੀ ਸੀ ਉਹ ਚੁੱਕ ਲਈ ਜਾਂਦੀ ਸੀ ਕਿ ਇਨ੍ਹਾਂ ਦਾ ਹੱਕ ਨਹੀਂ ਉਸ ਉਤੇ, ਕਿਉਂਕਿ ਇਹ ਕਾਫਰ ਨੇ। ਸੋ ਐਸੀ ਉਲਝਣਬਾਜ਼ੀ ਪੈ ਗਈ। ਨਤੀਜਾ ਕੀ ਹੋਇਆ? ਮਾਰ ਦੇਣਾ ਸਵਾਬ ਗਿਣਿਆ ਗਿਆ। ਬਾਬਰ ਨੇ ਮਥੁਰਾ 'ਤੇ ਹਮਲਾ ਕੀਤਾ, ਇਕ ਲੱਖ ਕੈਦੀ ਬਣਾ ਲਿਆ ਓਸ ਸ਼ਹਿਰ ਦੇ ਲੋਕਾਂ ਨੂੰ, ਆਲੇ-ਦੁਆਲੇ ਨੂੰ। ਉਹ ਬਣਾ ਕੇ ਆਲੇ-ਦੁਆਲੇ ਘੇਰਾ ਪਿਆ ਹੋਇਆ ਹੈ, ਪੁਛਿਆ ਗਿਆ ਕਿ ਮਹਾਰਾਜ! ਇਨ੍ਹਾਂ ਨੂੰ ਕੀ ਕਰਨਾ ਹੈ? ਕਹਿਣ ਲੱਗੇ ਕਿ ਅੱਜ ਇਸਲਾਮ 'ਚ ਨਹੀਂ ਲਿਆਉਣੇ ਇਹ ਕਾਫਰ, ਅੱਜ ਇਨ੍ਹਾਂ ਕਾਫਰਾਂ ਦਾ ਖਾਤਮਾ ਕਰਨਾ ਹੈ। ਲਾਈਨਾਂ ਲਾ ਲਈਆਂ, ਮਾਰਨ ਵਾਲੇ ਆ ਗਏ। ਫਟਾਫਟ ਅੱਡਿਆਂ 'ਤੇ ਸਿਰ ਰਖਾਉਂਦੇ ਨੇ, ਮਾਰ ਦਿੰਦੇ ਨੇ। ਖੂਨ ਐਨਾ ਉਚਾ ਹੋ ਗਿਆ ਕਿ ਤਿੰਨ ਵਾਰੀ ਕੈਂਪ ਬਦਲਣਾ ਪਿਆ। ਜਦੋਂ ਲੱਖ ਬੰਦਾ ਮਰ ਗਿਆ, ਉਸ ਵੇਲੇ ਉਸ ਨੇ ਸ਼ੁਕਰ ਕਰਿਆ, ਦੋਵੇਂ ਹੱਥ ਬੰਨ੍ਹੇ, ਹੇ ਅੱਲਾਹ ਤਾਲਾ! ਅੱਜ ਮੈਂ ਇਕ ਨੇਕ ਕੰਮ ਕਰਿਆ ਹੈ, ਇਕ ਲੱਖ ਕਾਫਰ ਮਾਰ ਦਿਤਾ। ਕਿੱਡੀ ਵੱਡੀ ਦੁਰ-ਭਾਵਨਾ ਸੀ ਏਸ ਗੱਲ ਦੇ ਉਤੇ ਕਿਉਂਕਿ ਸਮਝਦੇ ਨਹੀਂ ਸੀਗੇ ਕਿ

ਪ੍ਰਮੇਸ਼ਰ ਦੇ ਜੀਅ ਨੇ ਸਾਰੇ। ਕਿਹੜਾ ਹੈ ਜਿਹੜਾ ਪ੍ਰਮੇਸ਼ਰ ਤੋਂ ਬਾਹਰ ਹੈ। ਇਹ ਤਾਂ ਪ੍ਰਮੇਸ਼ਰ ਦਾ ਨੂਰ ਹੈ –

*ਧਾਰਨਾ – ਇਕ ਨੂਰ ਅੱਲਾਹ ਦਾ ਜੀ,*
*ਸਾਰੀ ਦੁਨੀਆਂ-ਸਾਰੀ ਦੁਨੀਆਂ*

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥* *ਅੰਗ – ੧੩੫੦*

ਏਸ ਗੱਲ ਨੂੰ ਭੁੱਲ ਕੇ, ਏਸ ਗੱਲ ਦੇ ਵਿਚ ਆ ਗਏ ਕਿ ਇਸਲਾਮ ਦੇ ਵਿਚ ਬਦਲ ਕਰ ਲੈਣਾ ਚਾਹੀਦਾ ਹੈ। ਖਿਆਲ ਹੀ ਨੇ ਇਹ ਸਾਧਸੰਗਤ ਜੀ। ਉਹ ਖਿਆਲ ਏਸ ਤੋਂ ਉਲਟ ਸੀ ਕਿ ਨਹੀਂ ਵੜਨ ਦੇਣਾ ਦੂਸਰਾ ਬੰਦਾ, ਨਹੀਂ ਉਹਨੂੰ ਸਿੱਖਣ ਦੇਣਾ। ਨਹੀਂ ਉਹ ਆਪਣੀ ਜਾਤੀ 'ਚ ਰਲਣ ਦੇਣਾ। ਏਧਰ ਇਹ ਸੀ ਕਿ ਸਾਰਿਆਂ ਨੂੰ ਰਲਾਓ। ਦੂਸਰੇ ਜਿਹੜੇ ਨੇ ਉਨ੍ਹਾਂ ਦਾ ਜੀਉਣ ਦਾ ਕੋਈ ਹੱਕ ਨਹੀਂ ਕਿਉਂਕਿ ਉਹ ਕੁਫਰ ਦੀ ਜ਼ਿੰਦਗੀ ਬਤੀਤ ਕਰਦੇ ਨੇ। ਸੋ ਇਹ ਸੋਚ ਇਸਲਾਮ ਦੀ ਸੱਤਵੀਂ ਸਦੀ ਵਿਚ ਪਹਿਲੀ ਵਾਰੀ ਭਾਰਤ ਵਰਸ਼ ਵਿਚ ਵਾਪਰੀ ਹੈ। ਉਸ ਵੇਲੇ ਹਮਲੇ ਕਰਦੇ ਰਹੇ, ਲੇਕਿਨ ਕਦੇ ਇਨ੍ਹਾਂ ਦਾ ਰਾਜ, ਕਦੇ ਉਨ੍ਹਾਂ ਦਾ ਰਾਜ। 1010 ਵੀਂ, ਯਾਨਿ ਗਿਆਰ੍ਹਵੀਂ ਸਦੀ ਦੇ ਅੰਦਰ, ਉਸ ਵੇਲੇ ਪੱਕੇ ਪੈਰੀਂ ਆਏ, ਮਹਿਮੂਦ ਗਜ਼ਨਵੀ ਦੋ ਲੱਖ ਘੋੜ ਸਵਾਰ ਲੈ ਕੇ, ਬਾਕੀ ਪੈਦਲ ਫੌਜ। ਇਥੇ ਭਾਰਤ ਵਰਸ਼ ਦੇ ਕਿਸੇ ਰਾਜੇ ਕੋਲ ਐਨੀ ਫੌਜ ਨਾ ਹੋਣ ਕਰਕੇ, ਹਾਰਦੇ ਹੀ ਚਲੇ ਗਏ। ਇਕੱਠੇ ਵੀ ਹੁੰਦੇ ਸੀ, ਦੋ-ਦੋ, ਚਾਰ-ਚਾਰ ਸਟੇਟਾਂ ਦੇ, ਪਰ ਉਹਦਾ ਮੁਕਾਬਲਾ ਨਾ ਕਰ ਸਕੇ ਤੇ ਉਹਦੇ ਆਉਣ ਦੇ ਨਾਲ ਰਾਹ ਖੁਲ੍ਹ ਗਿਆ। ਉਸ ਵੇਲੇ ਤੋਂ ਇਹ ਦਮਨ ਚੱਕਰ ਸ਼ੁਰੂ ਹੋ ਗਿਆ। ਸੂਫੀ ਪੀਰ ਆ ਗਏ, ਉਨ੍ਹਾਂ ਨੇ ਪਿਆਰ, ਪ੍ਰੇਮ ਦਾ ਸੰਦੇਸ਼ਾ ਦਿਤਾ, ਇਨ੍ਹਾਂ ਨੇ ਤਲਵਾਰ ਦਾ। ਲੇਕਿਨ ਚਲਦੇ-ਚਲਦੇ ਜਿਸ ਵਕਤ ਅਕਬਰ ਦਾ ਸੁਲਹ-ਏ-ਕੁਲ ਰਾਜ ਖਤਮ ਹੁੰਦਾ ਹੈ ਤੇ ਸ਼ਾਹ ਜਹਾਨ ਤੇ ਜਹਾਂਗੀਰ ਦਾ, ਉਸ ਤੋਂ ਬਾਅਦ ਔਰੰਗਜ਼ੇਬ ਆ ਗਿਆ, ਕੱਟੜ, ਉਹਦੇ ਵਿਚ ਕਿੰਨੀਆਂ ਸਿਫਤਾਂ ਵੀ ਸੀ, ਕਿੰਨੇ ਔਗੁਣ ਵੀ ਸੀ। ਸਿਫਤ ਇਹ ਸੀ ਕਿ ਰਾਜ ਖਜ਼ਾਨੇ 'ਚੋਂ ਇਹ ਪੈਸਾ ਨਹੀਂ ਸੀ ਖਰਚਦਾ। ਕੁਰਾਨ ਸ਼ਰੀਫ ਲਿਖਦਾ ਸੀ ਵਿਹਲੇ ਵੇਲੇ ਜਾਂ ਟੋਪੀਆਂ ਬਣਾਉਂਦਾ ਸੀ। ਉਹ ਬਜ਼ਾਰ 'ਚ ਵੇਚ ਕੇ ਉਹਦੀ ਰੋਟੀ ਖਾਂਦਾ ਸੀ। ਪੰਜ ਨਮਾਜ਼ਾਂ ਦਾ ਪੱਕਾ ਧਾਰਨੀ ਸੀ। ਕੁਰਾਨ ਸ਼ਰੀਫ ਦਾ ਪਾਠ ਕਰਦਾ ਰਹਿੰਦਾ, ਲੇਕਿਨ ਦੂਜੇ ਪਾਸੇ ਐਨਾ ਤੁਅੱਸਮ ਸੀ ਇਹਦੇ ਅੰਦਰ, ਕਿਸੇ ਸਾਧੂ, ਸੰਤ ਮਹਾਂਪੁਰਸ਼ ਨੂੰ ਦੇਖਣਾ ਹੀ ਪਸੰਦ ਨਹੀਂ ਸੀ। ਚਾਹੇ ਉਹ ਇਸਲਾਮ ਦਾ, ਚਾਹੇ ਦੂਸਰੇ ਧਰਮਾਂ ਦਾ ਹੈ। ਉਹਨੇ ਸਾਰੇ ਵੱਡੇ-ਵੱਡੇ ਜਿਹੜੇ ਸੀ ਉਹ ਸ਼ਹੀਦ ਕਰ ਦੇਣੇ ਇਥੇ ਤੱਕ ਕਿ ਸਰਮੱਦ ਵਰਗੇ ਜੋ ਸੁਲਹ-ਏ-ਕੁਲ ਸੂਫੀ ਪੀਰ, ਸਭ ਦੇ ਵਿਚ ਵਾਹਿਗੁਰੂ ਦੇਖਣ ਵਾਲਾ ਉਹੋ ਜਿਹੇ ਵੀ, ਉਹਨੇ ਮਾਰ ਦਿਤੇ ਤੇ ਪਹਿਲਿਆਂ ਨੇ ਸਮਸ਼-ਤਬਰੇਜ਼ ਵਰਗਿਆਂ ਦੀਆਂ ਖੱਲ੍ਹਾਂ ਲੁਹਾ ਦਿਤੀਆਂ। ਮਨਸੂਰ ਵਰਗਿਆਂ ਨੂੰ ਸੂਲੀਆਂ 'ਤੇ ਚਾੜ੍ਹ ਦਿਤਾ। ਕਿਉਂਕਿ ਸਹਿੰਦੇ ਨਹੀਂ ਸੀ ਉਨ੍ਹਾਂ ਦਾ ਇਹ ਪ੍ਰਚਾਰ ਕਿ ਇਹ ਸਾਰਾ ਅੱਲਾਹ ਤਾਲਾ ਦਾ ਖੇਲ੍ਹ ਹੈ, ਸਾਰੀਆਂ ਦੁਨੀਆਂ ਉਹਦੀ ਪੈਦਾ ਕੀਤੀ ਹੋਈ ਹੈ। ਇਥੇ ਕੋਈ ਬੁਰਾ ਨਹੀਂ ਹੈ। ਸਭਨਾਂ ਨੂੰ ਪਿਆਰ, ਪ੍ਰੇਮ ਕਰੋ, ਇਹ ਨਹੀਂ ਚਾਹੁੰਦਾ ਸੀ। ਸੋ ਏਸ ਨੇ ਮੀਟਿੰਗ ਕਰੀ ਤੇ ਮੁਲਾਣੇ ਬੁਲਾਏ ਕਿ ਕਿਸ ਤਰ੍ਹਾਂ ਦੇ ਨਾਲ ਇਸਲਾਮ ਚਲਾਇਆ ਜਾਵੇ, ਮੰਨਦਾ ਨਹੀਂ ਸੀ ਇਸਲਾਮ ਨੂੰ। ਮਹਾਰਾਜ ਨੇ ਕਿਹਾ ਕਿ ਤੂੰ ਕਾਫਰ ਹੈਂ, ਤੇਰੇ ਨਾਲੋਂ ਵੱਡਾ ਕਾਫਰ ਦੁਨੀਆਂ 'ਚ ਕੋਈ ਨਹੀਂ। ਤੂੰ ਕੁਰਾਨ ਸ਼ਰੀਫ ਸਾਨੂੰ ਭੇਜਿਆ, ਸਹੁੰ ਖਾਧੀ ਤੂੰ ਅਨੰਦਪੁਰ ਦੇ ਕਿਲ੍ਹੇ ਨੂੰ ਛੱਡਣ ਵਾਸਤੇ ਕਿ ਛੱਡ ਦਿਓ। ਸਾਡੇ ਸਾਮ੍ਹਣੇ ਸਵਾਲ ਸੀ ਇਕ ਅਤੇ ਤੇਰੀ ਮਕਾਰੀ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਸੀ ਕਿ ਤੂੰ ਦੀਨਦਾਰ ਨਹੀਂ ਹੈ, ਧੋਖਾ ਦੇਣ ਵਾਲਾ ਰਾਜਾ ਹੈ। ਤੈਨੂੰ ਕੁਰਾਨ ਸ਼ਰੀਫ 'ਤੇ ਕੋਈ ਵਿਸ਼ਵਾਸ਼ ਨਹੀਂ। ਲੇਕਿਨ ਕਿਉਂਕਿ ਇਕ ਧਰਮ ਪੁਸਤਕ ਇਕ ਕੌਮ ਦੀ ਸਾਡੇ ਸਾਮ੍ਹਣੇ ਆ ਗਈ। ਉਸ ਵੇਲੇ ਅਸੀਂ ਉਹਦੀ ਇਜ਼ਤ ਨਾ ਰੱਖਦੇ, ਹੋਰ ਕੀਹਨੇ ਰੱਖਣੀ ਸੀ ਭਾਰਤ ਵਰਸ਼ ਦੇ ਵਿਚ? ਇਨ੍ਹਾਂ ਗੱਲਾਂ ਨੂੰ ਅਸੀਂ ਭਾਲਦੇ ਨਹੀਂ ਤੇ ਨਾ ਦੱਸਦੇ ਹਾਂ।

ਗੁਰੂ ਸਾਹਿਬ ਸਭ ਜਾਣਦੇ ਸੀ, ਹਰ ਚੀਜ਼ ਜਾਣਦੇ ਸੀ। ਉਹ ਕਹਿਣ ਲੱਗੇ ਕਿ ਕੁਰਾਨ ਸ਼ਰੀਫ ਦੀ ਅਸੀਂ ਇੱਜ਼ਤ ਕਰਦੇ ਹਾਂ। ਕਿਉਂਕਿ ਇਹ ਇਕ ਧਰਮ ਪੁਸਤਕ ਹੈ, ਬਹੁਤ ਦੁਨੀਆਂ ਇਹਦੇ ਉਤੇ ਅਕੀਦਾ ਰਖਦੀ ਹੈ। ਇਹਦਾ ਸਤਿਕਾਰ ਕਰਨਾ ਸਾਡਾ ਫਰਜ਼ ਹੈ। ਇਹਦੀ ਜ਼ਾਮਨੀ ਨੂੰ ਮੰਨ ਲੈਣਾ ਸਾਡਾ ਫਰਜ਼ ਹੈ। ਕਹਿੰਦੇ, ਐ ਔਰੰਗਜ਼ੇਬ! ਹੁਣ ਤੂੰ ਦੱਸ ਮੈਂ ਉਹਦੀ ਜ਼ਾਮਨੀ ਮੰਨੀ ਤੇ ਤੂੰ ਧੱਜੀਆਂ ਉਡਾ ਦਿਤੀਆਂ। ਹੁਣ ਤੂੰ ਦੀਨਦਾਰ ਹੈਂ ਕਿ ਮਹਾਂ ਕਾਫਰ ਹੈਂ? ਧੋਖਾ ਦਿੰਦਾ ਹੈਂ, ਲੂੰਬੜ ਹੈਂ ਤੂੰ। ਲੂੰਬੜ ਚਾਲਾਂ ਚਲਦਾ ਹੈਂ, ਧੋਖੇਬਾਜ਼ ਹੈ ਤੂੰ। ਇਸਲਾਮ ਤਾਂ ਤੇਰੇ ਨੇੜੇ-ਤੇੜੇ ਨਹੀਂ। ਤੇਰਾ ਜਿਹੜਾ

ਨਮਾਜ਼ ਪੜ੍ਹਨਾ ਹੈ ਤੇ ਟੋਪੀਆਂ ਵੇਚ ਕੇ ਰੋਟੀ ਖਾਣਾ ਹੈ ਇਹ ਸਭ ਰਾਜਨੀਤਿਕ ਚਾਲ ਹੈ ਲੋਕਾਂ ਨੂੰ ਧੋਖਾ ਦੇਣ ਵਾਲੀ, ਤੇਰੇ ਅੰਦਰ ਸਚਾਈ ਨਾਮ ਦੀ ਕੋਈ ਚੀਜ਼ ਨਹੀਂ ਹੈ। ਆ ਤੈਨੂੰ ਮੈਂ ਤੇਰੀਆਂ ਕਮਜ਼ੋਰੀਆਂ ਦੱਸਾਂ। ਗੁਰੂ ਮਹਾਰਾਜ ਨੇ ਜ਼ਫਰਨਾਮਾ ਤੇ ਉਸ ਤੋਂ ਪਹਿਲਾਂ ਇਕ ਚਿੱਠੀ ਲਿਖੀ। ਉਹਦੇ ਵਿਚ ਹਿਲਾ ਕੇ ਰੱਖ ਦਿਤਾ ਉਸਨੂੰ ਕਿ ਤੂੰ ਕੀ ਹੈਂ। ਆਪਣੇ ਆਪ ਦੇਖ ਲੈ ਸ਼ੀਸ਼ਾ ਤੇਰੇ ਸਾਮ੍ਹਣੇ ਮੈਂ ਕਰ ਦਿਤਾ। ਸੋ ਉਸ ਨੇ ਇਹ ਗੱਲ ਕਰੀ ਖੁਸ਼ ਕਰਨ ਵਸਤੇ, ਕਿਸ ਤਰ੍ਹਾਂ ਦੇ ਨਾਲ ਇਸਲਾਮ ਠਹਿਰ ਸਕਦਾ ਹੈ। ਪੰਜਾਬ ਵਿਚ ਮੈਂ ਇਕ ਵੀ ਹਿੰਦੂ ਨਹੀਂ ਦੇਖਣਾ ਚਾਹੁੰਦਾ, ਇਕ ਵੀ ਗੈਰ ਮੁਸਲਮ ਨਹੀਂ ਦੇਖਣਾ ਚਾਹੁੰਦਾ। ਉਨ੍ਹਾਂ ਨੇ ਕਿਹਾ ਕਿ ਇਥੇ ਬੜੀ resistance (ਵਿਰੋਧਤਾ) ਹੋਣੀ ਹੈ, ਕਿਉਂਕਿ ਕਸ਼ਮੀਰ ਦੇ ਅੰਦਰ ਸਾਰੇ ਹੀ ਉੱਚ ਦਰਜੇ ਦੇ ਪੜ੍ਹੇ ਲਿਖੇ ਬੰਦੇ ਰਹਿੰਦੇ ਨੇ। ਕਿਉਂਕਿ ਜਦੋਂ ਆਰੀਆ ਆਏ, ਬ੍ਰਾਹਮਣ ਜਾਤੀ ਨੇ ਕਸ਼ਮੀਰ ਨੂੰ ਦੇਖਿਆ ਤਾਂ ਉਹਨੇ ਕਿਹਾ ਕਿ ਇਸ ਤੋਂ ਜ਼ਿਆਦਾ ਸ਼ਾਂਤ, ਇਕਾਂਤ ਤੇ ਸੁੰਦਰ ਥਾਂ ਦੁਨੀਆਂ 'ਚ ਕਿਤੇ ਨਹੀਂ ਹੈ। ਇਥੇ ਬੈਠ ਕੇ ਅਸੀਂ ਖੋਜ ਕਰ ਸਕਦੇ ਹਾਂ, ਅੰਦਰਲੇ ਦੀ। ਇਥੇ ਬੈਠ ਕੇ ਅਸੀਂ ਸਾਹਿਤ ਰਚ ਸਕਦੇ ਹਾਂ। ਉਹ ਸਾਰੇ ਵਿਦਵਾਨ ਪੁਰਸ਼ ਜਿਹੜੇ ਬ੍ਰਾਹਮਣ ਸੀ ਉਹ ਕਸ਼ਮੀਰ ਦੇ ਵਿਚ ਵਸ ਗਏ, ਬਾਕੀ ਨਹੀਂ ਸੀ ਇੰਨੇ ਜ਼ਿਆਦਾ। ਉਨ੍ਹਾਂ ਨੇ ਕਿਹਾ ਕਿ ਬ੍ਰਾਹਮਣ ਜਾਤੀ ਦੇ ਵਿਚੋਂ ਜੇ ਤੁਸੀਂ ਕਸ਼ਮੀਰ ਦੇ ਸਾਰੇ ਪੰਡਤਾਂ ਨੂੰ ਇਸਲਾਮ ਦੇ ਵਿਚ ਲੈ ਆਵੋਂ ਤਾਂ ਫੇਰ ਅੱਗੇ ਔਖਾ ਨਹੀਂ। ਅੱਗੇ ਫੇਰ ਗੱਲ ਚੱਲ ਪਏਗੀ, ਓਹੀ ਸਾਡੇ ਨਾਲ ਰਲ ਕੇ ਇਸਲਾਮ ਦਾ ਪ੍ਰਚਾਰ ਕਰਨਗੇ ਦੂਸਰਾ ਜੱਟ ਜਾਤੀਆਂ 'ਚੋਂ ਕਿਹਾ, ਕਹਿੰਦੇ ਇਨ੍ਹਾਂ ਦੇ ਵਿਚੋਂ ਭੱਟੀ ਜਿਹੜੇ ਨੇ ਉਨ੍ਹਾਂ 'ਚ resistance (ਵਿਰੋਧਤਾ) ਜ਼ਿਆਦਾ ਹੈ, ਉਨ੍ਹਾਂ ਨੂੰ ਬਣਾ ਲਓ। ਦੋਹਾਂ ਦੇ ਉਤੇ ਫਤਵੇ ਚੜ੍ਹ ਗਏ। ਦੂਸਰਾ ਜਿਹੜਾ ਸੀ ਜਜ਼ੀਆ ਲਾ ਦਿਤਾ, ਟੈਕਸ ਲਾ ਦਿਤੇ। ਖਾਣਾ ਪੀਣਾ ਘਟੀਆ ਕਰ ਦਿਤਾ, ਪੁਸ਼ਾਕ ਘਟੀਆ ਕਰ ਦਿਤੀ, ਹਿੰਦੂ ਕੋਠੇ 'ਤੇ ਨਹੀਂ ਸੀ ਚੜ੍ਹ ਸਕਦਾ। ਜੇ ਛੱਤ ਟਪਕਣ ਲਗ ਪਈ, ਗਲੀ ਪੈ ਗਈ, ਨਾਲ ਦੇ ਨੂੰ ਅਵਾਜ਼ਾਂ ਦੇਣੀਆਂ ਕਿ ਸਾਡੇ ਕੋਠੇ 'ਤੇ ਗਲੀ ਪੈ ਗਈ, ਤੂੰ ਬੰਦ ਕਰ। ਜੇ ਚੜ੍ਹਨਾ ਹੈ ਤਾਂ ਪਹਿਲਾਂ ਉਨ੍ਹਾਂ ਦੀ ਮਨਜ਼ੂਰੀ ਲੈਣੀ ਹੈ ਕਿ ਮੈਂ ਕੋਠੇ 'ਤੇ ਚੜ੍ਹਨਾ ਹੈ, ਦਾਣੇ ਸੁਕਾਉਣੇ ਨੇ ਤੇ ਤੁਸੀਂ ਖਬਰਦਾਰ ਕਰ ਦਿਓ ਸਾਰਿਆਂ ਨੂੰ। ਐਹੋ ਜਿਹੇ ਅਸੂਲ ਸੀਗੇ।

ਸਿੰਧ ਵਿਚ ਮੈਂ ਦੇਖੇ ਨੇ ਛੋਟੇ ਜਿਹੇ ਹੁੰਦੇ ਨੇ, ਜਦੋਂ ਮੈਂ ਸਿੰਧ ਵਿਚ ਸੀ, ਉਹ ਅਜੇ ਵੀ ਇਸੇ ਤਰ੍ਹਾਂ ਚਲਦੇ ਸੀ। ਸੋ ਐਸੀਆਂ ਪਾਬੰਦੀਆਂ ਲਾ ਕੇ ਕਸ਼ਮੀਰ ਦੇ ਅੰਦਰ ਦਮਨ ਚੱਕਰ ਚੱਲ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੇ ਇਹ ਸਾਰਾ ਹਾਲ ਆਪਣੇ ਨੇਤਰਾਂ ਦੇ ਨਾਲ ਦੇਖਿਆ ਤੇ ਰਾਜਸੀ ਜਿਹੜਾ ਰਾਜਾ ਧਰਮੀ ਹੁੰਦਾ ਸੀ, ਹਰੀ ਚੰਦ ਵਰਗੇ ਰਾਜੇ, ਸ੍ਰੀ ਰਾਮ ਚੰਦਰ ਜੀ ਵਰਗੇ ਤੇ ਯੁਧਿਸ਼ਟਰ ਵਰਗੇ ਰਾਜੇ। ਰਾਜੇ ਸਾਰੇ ਕਰਮੀ ਧਰਮੀ ਹੋਇਆ ਕਰਦੇ ਸੀ। ਕੋਈ-ਕੋਈ ਟਾਵਾਂ ਹੈ ਦੁਰਯੋਧਨ ਵਰਗਾ, ਰਾਵਣ ਵਰਗਾ। ਲੇਕਿਨ ਕਲਜੁਗ ਦੇ ਅੰਦਰ ਮਹਾਰਾਜ ਕਹਿੰਦੇ ਰਾਜਾ ਤਾਂ ਜਿਹੜਾ ਕਲਜੁਗ ਹੈ ਇਹ ਕੈਂਚੀ ਬਣ ਗਿਆ ਕੱਟਣ ਵਾਲੀ ਤੇ ਰਾਜੇ ਜਿਹੜੇ ਨੇ ਇਨ੍ਹਾਂ ਨੇ ਕਸਾਈਆਂ ਦਾ ਰੂਪ ਧਾਰ ਲਿਆ। ਰਾਜੇ ਦਾ ਕੰਮ ਹੁੰਦਾ ਹੈ ਕਿ -

*ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥*

*ਅੰਗ - ੧੨੪੦*

ਸਭ ਨੂੰ ਇਕ ਅੱਖ ਨਾਲ ਦੇਖਣਾ ਤੇ ਨਿਆਂ ਕਰਨਾ। ਧਰਮ ਜਿਹੜਾ ਹੁੰਦਾ ਹੈ, ਇਨਸਾਨ ਦੇ ਚਰਿੱਤਰ ਦੇ ਥੰਮ ਨੇ ਧਰਮ। ਮਜ਼੍ਹਬ ਹੋਰ ਹੁੰਦਾ ਹੈ, ਧਰਮ ਹੋਰ ਹੁੰਦਾ ਹੈ। ਮਜ਼ਹਬ ਦੇ ਨਾਲ ਜੇ ਰਾਜ ਰਲ ਜਾਵੇ ਤਾਂ ਆਹੀ ਹਾਲ ਹੁੰਦਾ ਹੈ ਜਿਹੜਾ ਔਰੰਗਜ਼ੇਬ ਦਾ ਸੀ ਜੇ ਧਰਮ ਨਾਲ ਰਲ ਜਾਵੇ ਫੇਰ ਉਹ ਸਮੂਹਕ ਆਚਰਣ (universal character) ਹੋਇਆ ਕਰਦਾ ਹੈ। ਸੋ ਮਹਾਰਾਜ ਨੇ ਕਿਹਾ ਜਿਹੜੀ ਧਰਮ ਦੀ ਜ਼ਿੰਦਗੀ ਸੀ ਲੋਕਾਂ ਦੇ ਅੰਦਰ, ਉਹ ਤਾਂ ਬਿਲਕੁਲ 100% ਖਤਮ ਹੋ ਗਈ-

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥* *ਅੰਗ - ੧੪੫*

ਅਮਾਵਸ ਬਣ ਗਈ ਕੂੜ ਦੀ।

*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥* *ਅੰਗ - ੧੪੫*

ਪਤਾ ਨਹੀਂ ਲਗਦਾ ਕਿ ਕਿੱਧਰ ਗਿਆ ਚੰਦਰਮਾ, ਸੱਚ ਦਾ ਜਿਹੜਾ ਸੀ, ਅਲੋਪ ਹੋ ਗਿਆ ਤੇ ਸਾਰੇ ਜਗ ਦੀ ਹਾਲਤ ਐਸੀ ਹੋ ਗਈ -

*ਧਾਰਨਾ- ਸਾਰੇ ਕੂੜ ਦਾ ਹੋ ਗਿਆ ਵਰਤਾਰਾ*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*

*ਅੰਗ - ੪੬੮*

ਆਪ-ਹੁਦਰੇਪੁਣ ਦਾ, ਹਫੜਾ ਦਫੜੀ ਦਾ, ਹਨ੍ਹੇਰ-

ਗਵਾਰ ਦਾ, ਅਗਿਆਨਤਾ ਦਾ ਪਸਾਰਾ, ਮੱਸਿਆ ਦੀ ਰਾਤ ਨੂੰ ਫੈਲ ਗਿਆ। ਕੋਈ ਰਾਹ ਨਾ ਲੱਭੇ -

*ਕਲਿ ਕਾਤੀ ਰਾਜੇ ਕਾਸਾਈ*
*ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ*
*ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥*
*ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫*

ਮਹਾਰਾਜ ਕਹਿੰਦੇ, ਇਹ ਗਤੀ ਕਿਵੇਂ ਕਰੀ ਜਾਵੇ? ਕੀ ਹੋ ਗਿਆ ਸੰਸਾਰ ਨੂੰ? ਰਾਜਾ ਵੀ ਅੰਨ੍ਹਾ ਹੋ ਗਿਆ, ਪ੍ਰਜਾ ਨੂੰ ਆਪਣੇ ਹੱਕਾਂ ਦਾ ਪਤਾ ਨਹੀਂ ਹੈ। ਉਹ ਦਿਲ ਤੋੜ ਬੈਠੀ ਕਿ ਅਸੀਂ ਤਾਂ ਭੇਡਾਂ ਹਾਂ, ਚਾਹੇ ਇਹ ਰਾਜਾ ਹੈ, ਚਾਹੇ ਹੋਰ ਰਾਜਾ ਹੈ, ਸਾਡੇ ਉਤੋਂ ਤਾਂ ਉੱਨ ਲਾਹੁੰਣੀ ਹੀ ਲਾਹੁੰਣੀ ਹੈ। ਏਸ ਖਿਆਲ ਦੇ ਵਿਚ ਦੁਨੀਆਂ ਹੋ ਗਈ। ਮਨੁੱਖੀ ਅਧਿਕਾਰਾਂ ਵਾਸਤੇ ਕੋਈ ਵੀ ਬੰਦਾ ਨਹੀਂ ਸੀ ਜਿਹੜਾ ਅੜਦਾ ਜਾਂ ਅਣਖ ਵਿਚ ਆਉਂਦਾ। ਸੋ ਇਸ ਤਰ੍ਹਾਂ ਦੇ ਹਾਲਾਤ ਵਿਚ ਦਮਨ ਦਾ ਜੋ ਚੱਕਰ ਚੱਲਿਆ, ਕਸ਼ਮੀਰ ਦੇ ਅੰਦਰ, ਉਸ ਵੇਲੇ ਉਸ ਥਾਂ ਦਾ ਜੋ ਗਵਰਨਰ ਸੀ ਉਹਦਾ ਨਾਉਂ ਇਫਤਖਾਰ ਖਾਨ ਸੀਗਾ, ਬੜਾ ਹੀ ਜ਼ਾਲਮ ਦੇਖ ਕੇ ਲਾਇਆ ਗਿਆ ਕਿ ਪੱਥਰ ਵਰਗਾ ਦਿਲ ਹੈ ਇਸਦਾ। ਉਹਨੇ ਦਹਿਸ਼ਤ ਪਾਉਣ ਵਾਸਤੇ ਸੌ ਬ੍ਰਾਹਮਣ ਫੜ ਲੈਣਾ, ਜੇਹਲਮ ਦੇ ਕੰਢੇ ਬੈਠ ਜਾਣਾ, ਡਲ੍ਹ ਝੀਲ ਦੇ ਨੇੜੇ ਤੇ ਉਥੇ ਥੋੜ੍ਹਾ ਪਾਣੀ ਸੀ ਪੰਜ-ਛੇ ਫੁੱਟ, ਸੌ ਬੰਦੇ ਨੂੰ ਸੰਗਲ 'ਚ ਬੰਨ੍ਹ ਕੇ ਵਿਚ ਧੱਕਾ ਦੇ ਦੇਣਾ। ਲੰਮੇ ਜਿਹੜੇ ਸੀ ਉਨ੍ਹਾਂ ਨੇ ਅੜਨਾ, ਜਿਹੜੇ ਛੋਟੇ ਸੀ ਉਨ੍ਹਾਂ ਦੇ ਮੂੰਹ ਵਿਚ ਪਾਣੀ ਪੈਣਾ, ਡੁੱਬ ਜਾਣਾ, ਅਖੀਰ ਸਾਰਿਆਂ ਨੇ ਦਰਿਆ 'ਚ ਰੁੜ੍ਹ ਜਾਣਾ, ਦੋ ਚਾਰ ਮੀਲ ਤੇ ਜਾ ਕੇ ਫੇਰ ਰੋਕ ਲੈਣਾ, ਸੰਗਲ ਖੋਲ੍ਹ ਲਿਆਉਣਾ, ਬੰਦੇ ਰੁੜ੍ਹ ਜਾਂਦੇ ਸੀ। ਐਸਾ ਜਦ ਅਨਿਆ ਹੋਣ ਲੱਗ ਗਿਆ, ਉਸੇ ਵੇਲੇ ਇਕ ਬੜੀ ਭਾਰੀ ਮੀਟਿੰਗ ਹੋਈ ਕਿ ਕੀ ਕਰਿਆ ਜਾਵੇ? ਕਿਉਂਕਿ ਉਥੇ ਦੀ ਹਾਲਤ -

*ਕਤਲਗਾਹ ਅੱਜ ਧਰਮ ਦਾ ਬਣਿਆ ਭਾਰਤ ਦੇਸ਼*
*ਨਹੀਂ ਜਰਵਾਣੇ ਸਾਮ੍ਹਣੇ ਚਲਦੀ ਕੋਈ ਪੇਸ਼।*

ਪੇਸ਼ ਨਹੀਂ ਸੀ ਚਲਦੀ। ਨਿਰੀ ਮਜ਼ਬੂਰੀ ਉਸ ਵੇਲੇ ਬਣੀ ਹੁੰਦੀ ਹੈ ਜਦੋਂ ਆਦਮੀ ਮੁਹਥਾਜ ਹੋ ਜਾਵੇ, ਕਿਸੇ ਵੱਡੇ ਰਾਜੇ ਦਾ, ਕਿਸੇ ਵੱਡੇ ਗੁਰੂ ਪੀਰ ਦਾ, ਜਾਂ ਫੇਰ ਦੇਵੀ ਦੇਵਤਿਆਂ ਦਾ। ਉਸ ਵੇਲੇ ਫੈਸਲਾ ਕੀਤਾ ਗਿਆ ਕਿ ਐਸ ਵੇਲੇ ਸਾਰੇ ਭਾਰਤ ਵਰਸ਼ ਦੇ ਵਿਚ, ਪੁੱਛ-ਪੁਛ ਕੇ ਦੇਖ ਲਿਆ, ਨਾ ਕੋਈ ਰਾਜਪੂਤ ਰਾਜਾ ਉਠਦਾ ਹੈ, ਨਾ ਕੋਈ ਪਹਾੜੀ ਰਾਜੇ ਉਠਦੇ ਨੇ, ਉਹ ਤਾਂ ਬਿਲਕੁਲ ਡਰੇ ਬੈਠੇ ਨੇ, ਆਪਣੇ ਦਿਨ ਕਟੀ ਕਰ ਰਹੇ ਨੇ, ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਨਹੀਂ। ਜਦੋਂ ਸੰਸਾਰ ਦੇ ਅੰਦਰ ਕੋਈ ਨਾ ਹੋਵੇ, ਉਸ ਵੇਲੇ ਪ੍ਰਮੇਸ਼ਰ ਰਹਿ ਜਾਂਦਾ ਹੈ। ਉਸ ਵੇਲੇ ਇਹ ਬਹੁਤ ਸਾਰੇ ਬਿਰਧ, ਬਹੁਤ ਸਾਰੇ ਪਾਠ ਕਰਨ ਵਾਲੇ ਵੇਦ ਪਾਠੀ ਇਕੱਠੇ ਹੋ ਕੇ ਅਮਰਨਾਥ ਦੀ ਗੁਫਾ 'ਚ ਚਲੇ ਗਏ, ਉਥੇ ਬੈਠ ਕੇ ਰੋਜ਼ ਪੁਕਾਰਾਂ ਕਰਨ ਲੱਗੇ, ਹੇ ਸ਼ਿਵ ਜੀ ਮਹਾਰਾਜ! ਕ੍ਰਿਪਾ ਕਰੋ, ਇਨ੍ਹਾਂ ਦੁਸ਼ਟਾਂ ਦਾ ਪੱਖ ਨਾ ਕਰੋ, ਤੀਸਰਾ ਨੇਤਰ੍ਹ ਖੋਲ੍ਹੋ ਤੇ ਇਨ੍ਹਾਂ ਨੂੰ ਸੁਆਹ ਕਰ ਦਿਓ। ਤੁਹਾਡਾ ਭਾਰਤ ਵਰਸ਼ ਰਿਸ਼ੀਆਂ ਮੁਨੀਆਂ ਦਾ ਦੇਸ਼ ਅੱਜ ਤਬਾਹ ਹੋ ਰਿਹਾ ਹੈ। ਵੇਦਾਂ ਦੀ ਬੇ-ਹੁਰਮਤੀ ਹੋ ਰਹੀ ਹੈ, ਮਿਟ ਜਾਏਗੀ ਕਲਚਰ। ਕੁਛ ਹੋਰ ਹੋ ਜਾਏਗਾ, ਮੰਦਰ ਮਿਟ ਜਾਣਗੇ। ਕ੍ਰਿਪਾ ਕਰੋ ਐਸ ਵੇਲੇ। ਕੋਈ ਜਵਾਬ ਨਾ ਆਇਆ, ਬਹੁਤ ਦਿਨ ਲੰਘਣ ਤੋਂ ਬਾਅਦ ਬਹੁਤ ਸਾਰਿਆਂ ਨੇ ਭੁੱਖ ਹੜਤਾਲ ਕਰ ਲਈ ਕਿ ਇਥੇ ਹੀ ਮਰ ਜਾਣਾ ਚੰਗਾ ਹੈ। ਐਸਾ ਖਿਆਲ ਹੈ ਕਿ ਉਸ ਵੇਲੇ ਇਕ ਆਵਾਜ਼ ਆਉਂਦੀ ਹੈ ਕਿ ਐ ਫਰਿਆਦੀਓ! ਐਸ ਵੇਲੇ ਕਲਜੁਗ ਦਾ ਸਮਾਂ ਹੈ। ਇਹਦੇ ਵਿਚ ਕੋਈ ਵੀ ਦੇਵੀ ਦੇਵਤਾ ਨਹੀਂ ਅੱਗੇ ਆ ਸਕਦਾ। ਕਲਜੁਗ ਦਾ ਤਪ ਤੇਜ ਐਨਾ ਵਧਿਆ ਹੋਇਆ ਹੈ, ਕੋਈ ਵੀ ਆ ਕੇ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ। ਐਸ ਵੇਲੇ ਜੇ ਕੋਈ ਹੈ ਤੁਹਾਡੀ ਬਾਂਹ ਫੜਨ ਵਾਲਾ, ਤੁਹਾਡੀ ਗੱਲ ਸੁਣਨ ਵਾਲਾ ਤਾਂ ਧਿਆਨ ਦੇ ਕੇ ਤੁਸੀਂ ਸੁਣੋ। ਉਹ ਐਸ ਵੇਲੇ ਅਨੰਦਪੁਰ ਸਾਹਿਬ ਦੇ ਅੰਦਰ ਬਿਰਾਜਮਾਨ ਹੈ। ਉਥੇ ਗਏ ਬਗੈਰ ਤੁਹਾਡਾ ਦੁਖ ਦੂਰ ਨਹੀਂ ਹੋਣਾ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ -

*ਧਾਰਨਾ - ਬਾਂਹ ਫੜੇਗਾ ਤੁਹਾਡੀ*
*ਸਤਿਗੁਰ ਨੌਵਾਂ,*
*ਓਟ ਜਾ ਕੇ ਲੈ ਲਓ ਓਸਦੀ।*

ਸ਼ਹੀਦ ਬਿਲਾਸ ਪੁਸਤਕ ਹੈ, ਇਕ ਹੋਰ ਪੁਸਤਕ ਹੈ ਇਨ੍ਹਾਂ ਦੇ ਅੰਦਰ ਇਸ ਘਟਨਾ ਨੂੰ ਬੜਾ ਹੀ ਖੋਲ੍ਹ ਕੇ ਲਿਖਿਆ ਹੋਇਆ ਹੈ, ਕਵਿਤਾ ਦੇ ਅੰਦਰ -

*ਆਖਿਆ ਸ਼ਿਵ ਭਗਵਾਨ ਨੇ ਮੁਖੋਂ ਇਉਂ ਉਚਾਰ*

ਭਾਰਤ ਵਿਚ ਪ੍ਰਗਟਿਆ ਕਲਜੁਗ ਰਖਣਹਾਰ ਤੇਗ ਬਹਾਦਰ ਨਾਮ ਹੈ ਮਹਿਮਾ ਅਪਰ ਅਪਾਰ

*ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।*
*ਜਾਓ ਉਸ ਦੀ ਸ਼ਰਨ ਵਿਚ*
*ਛੱਡ ਕੇ ਹੋਰ ਵਿਚਾਰ।*
*ਨਉਕਾ ਹਿੰਦੂ ਧਰਮ ਦੀ ਲਾਇਗਾ ਓਹ ਪਾਰ।*

ਸਾਰਿਆਂ ਨੇ ਆਵਾਜ਼ ਸੁਣੀ, ਵੱਡਿਆਂ-ਵੱਡਿਆਂ ਨੇ ਆਵਾਜ਼ ਸੁਣੀ। ਇਕੱਠ ਹੋਇਆ, ਉਠ ਆਏ ਜਿਨ੍ਹਾਂ ਨੇ ਮਰਨ ਵਰਤ ਰੱਖਿਆ ਸੀ ਕਿ ਰਾਹ ਤਾਂ ਸਾਨੂੰ ਦੱਸ ਗਏ। ਭਾਵੇਂ ਦੇਵਤਾ ਆਪ ਪ੍ਰਗਟ ਨਹੀਂ ਹੋ ਰਹੇ। ਏਸ ਕਰਕੇ ਕਿ ਕਲਜੁਗ ਦਾ ਸਮਾਂ ਹੈ, ਦੇਵਤੇ ਆ ਨਹੀਂ ਸਕਦੇ। ਉਨ੍ਹਾਂ ਦੇ ਮੰਦਰ ਢਾਹ ਦਿਤੇ। ਐਸਾ ਹਾਲ ਸੀ ਕਿ -

*ਕੀਤੇ ਗਊਆਂ ਮਾਰ ਕੇ ਮੰਦਰ ਕਈ ਪਲੀਤ*
*ਕੱਲ੍ਹ ਸੀ ਮੰਦਰ ਦਿਸਦਾ ਦਿਸੇ ਪਈ ਮਸੀਤ*
*ਨਉਕਾ ਹਿੰਦੂ ਧਰਮ ਦੀ ਡੋਲੇ ਅੱਜ ਮੰਝ ਧਾਰ।*
*ਨਾ ਦਿਸਦਾ ਉਰਵਾਰ ਹੀ*
*ਤੇ ਨਾ ਹੀ ਦਿਸਦਾ ਪਾਰ*

ਕੋਈ ਨਹੀਂ ਬਹੁੜਿਆ, ਪਹਿਲੀਆਂ ਕਹਾਣੀਆਂ ਵਿਚ ਸੀਗਾ ਕਿ ਬਹੁੜਦੇ ਸੀ। ਲੇਕਿਨ ਕਲਜੁਗ 'ਚ ਨਹੀਂ ਕੋਈ ਬਹੁੜਿਆ। ਕਹਿਣ ਲੱਗੇ, ਜਾਓ ਜਿਸਨੇ ਰਖਿਆ ਕਰਨੀ ਹੈ, ਉਹ ਅਨੰਦਪੁਰ ਸਾਹਿਬ ਦੇ ਅੰਦਰ ਹੈ ਤੇ ਗੁਰੂ ਤੇਗ ਬਹਾਦਰ ਉਸਦਾ ਨਾਉਂ ਹੈ। ਸੋ ਉਸ ਵੇਲੇ ਇਕੱਠ ਹੋਇਆ ਬਹੁਤ ਵੱਡਾ, ਕੋਈ ਪੰਜ ਸੌ ਬ੍ਰਾਹਮਣ, ਜਿਹੜਾ ਸਿਖਰ ਦਾ ਸੀ, ਸਾਰੇ ਭਾਰਤ ਵਰਸ਼ 'ਚੋਂ, ਇਹ ਨਹੀਂ ਕਿ ਇਕੱਲੇ ਕਸ਼ਮੀਰ ਦੇ ਆਏ ਸੀ, ਕਸ਼ਮੀਰ ਦੇ ਬਹੁਤੇ ਸੀ, ਪੜ੍ਹੇ ਲਿਖੇ ਜ਼ਿਆਦਾ ਸੀ। ਇਤਿਹਾਸ ਭਾਰਤ ਵਰਸ਼ ਦਾ ਕਿਤੇ ਨਹੀਂ ਲਿਖਿਆ ਗਿਆ, ਕਸ਼ਮੀਰ ਵਾਲਿਆਂ ਨੇ ਲਿਖਿਆ ਹੈ ਸੰਸਕ੍ਰਿਤ ਦੇ ਅੰਦਰ ਤੇ ਉਨ੍ਹਾਂ ਦਾ ਮੁਖੀ ਬਣਿਆ ਕ੍ਰਿਪਾ ਰਾਮ, ਸਾਰੇ ਭਾਰਤ ਵਰਸ਼ ਵਿਚੋਂ, 500 ਨਾਮੀ-ਨਾਮੀ ਬ੍ਰਾਹਮਣ ਅਤੇ 16 ਮੁਖੀ ਸੀਗੇ। ਇਹ ਸਾਰੇ ਅਨੰਦਪੁਰ ਸਾਹਿਬ ਪਹੁੰਚਦੇ ਨੇ -

*ਚੱਲ ਕੇ ਆਏ ਪੁਰੀ ਅਨੰਦ ਬਾਂਹ ਅਸਾਡੀ*
*ਪਕੜੀਏ ਗੁਰੂ ਹਰਿਗੋਬਿੰਦ ਕੇ ਚੰਦ।*

ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਆਹ ਜ਼ੁਲਮ ਹੋਏ ਨੇ, ਰੋ-ਰੋ ਕੇ ਗੱਲਾਂ ਦਸਦੇ ਨੇ ਕਿ ਸਾਡਾ ਕੋਈ ਨਹੀਂ ਹੈ, ਦੇਵੀ ਦੇਵਤਾ ਵੀ ਕੋਈ ਨਹੀਂ ਬਹੁੜਿਆ, ਮਰਨ ਵਰਤ ਵੀ ਕਰੇ, ਬੈਠੇ ਵੀ ਰਹੇ, ਵੇਦ ਮੰਤਰ ਵੀ ਉਚਾਰਦੇ ਰਹੇ, ਇਕ ਨਹੀਂ ਬਹੁੜਿਆ। ਇਕ ਆਵਾਜ਼ ਆਈ ਹੈ ਸੱਚ ਦੀ, ਕਿ ਅਨੰਦਪੁਰ ਸਾਹਿਬ ਹੈ, ਜਿਹਨੇ ਤੁਹਾਡੀ ਰਖਿਆ ਕਰਨੀ ਹੈ।

*ਕੇਵਲ ਇਕੋ ਆਪ ਹੋ ਕੇਵਲ ਇਕੋ ਆਪ।*
*ਮੇਟੋ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।*

ਐਸ ਵੇਲੇ ਕੋਈ ਨਹੀਂ ਰੱਖਿਆ ਕਰਨ ਵਾਲਾ ਪਾਤਸ਼ਾਹ! ਪਹਿਲਾਂ ਸੁਣਦੇ ਆਏ ਹਾਂ ਕਿ ਪ੍ਰਹਿਲਾਦ ਨੂੰ ਸੁੱਟਿਆ ਗਿਆ ਕਿ ਉਹਦੇ ਸੱਟ ਨਾ ਲੱਗੀ, ਪਾਣੀ 'ਚ ਡੋਬਿਆ ਗਿਆ -

*ਜਲ ਅਗਨੀ ਵਿਚਿ ਘਤਿਆ*
*ਜਲੈ ਨ ਡੁਬੈ ਗੁਰ ਪਰਸਾਦਿ।*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਨਾ ਜਲਿਆ, ਨਾ ਡੁੱਬਿਆ, ਜਦ ਗਰਮ ਥੰਮ 'ਤੇ ਲਾਉਣ ਲੱਗੇ, ਉਸ ਵੇਲੇ -

*ਥੰਮ੍ਹ ਪਾੜਿ ਪ੍ਰਗਟਿਆ*
*ਨਰਸਿੰਘ ਰੂਪ ਅਨੂਪ ਅਨਾਦਿ॥*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਪਾਤਸ਼ਾਹ! ਹੁਣ ਐਨਾ ਜ਼ੁਲਮ ਹੋ ਰਿਹਾ ਹੈ। ਇਕ ਵੀ ਦੇਵਤਾ ਨਹੀਂ ਪ੍ਰਗਟ ਹੋਇਆ, ਕੋਈ ਰਾਖੀ ਨਹੀਂ ਕਰਦਾ।

ਦੁਆਪਰ ਯੁੱਗ ਦੇ ਅੰਦਰ ਇਕ ਬੀਬੀ ਕਾਬੂ ਆ ਗਈ, ਦੁਰਯੋਧਨ ਦੇ, ਦਰੋਪਤੀ ਉਸਦਾ ਨਾਉਂ ਸੀ ਇਜ਼ਤ ਵਾਲੀ ਅਤੇ ਹੁਕਮ ਕਰ ਦਿਤਾ ਕਿ ਇਹਦੇ ਵਸਤਰ ਲਾਹ ਦਿਓ -

*ਅੰਦਰਿ ਸਭਾ ਦੁਸਾਸਣੈ*
*ਮਥੇਵਾਲ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ*
*ਨੰਗੀ ਕਰਹੁ ਪੰਚਾਲੀ ਬਾਂਦੀ।*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਕੋਈ ਜਦ ਰਖਿਆ ਕਰਨ ਆਇਆ, ਇਕੋ ਆਵਾਜ਼ ਦਿਤੀ ਹੈ ਪਾਤਸ਼ਾਹ -

*ਅਖੀ ਮੀਟਿ ਧਿਆਨੁ ਧਰਿ*
*ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਇਕ ਆਵਾਜ਼ ਦੇ ਨਾਲ ਸ਼ਕਤੀ ਵਾਹਿਗੁਰੂ ਦੀ

ਪ੍ਰਗਟ ਹੋ ਗਈ, ਉਸ ਵੇਲੇ ਪ੍ਰਮੇਸ਼ਰ ਬਹੁੜਿਆ ਤੇ ਆ ਕੇ –

*ਕਪੜ ਕੋਟੁ ਉਸਾਰਿਓਨੁ*
*ਥਕੇ ਦੂਤ ਨ ਪਾਰਿ ਵਸਾਂਦੀ।*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਖਿੱਚ-ਖਿੱਚ ਕੇ ਹਾਰ ਗਏ, ਕਿਲ੍ਹਾ ਬਣ ਗਿਆ ਕਪੜਿਆਂ ਦਾ, ਸੱਤ ਦਿਨ, ਸੱਤ ਰਾਤਾਂ ਲਗਾਤਾਰ ਖਿਚਦੇ ਰਹੇ, ਅਖੀਰ ਬੇਹੋਸ਼ ਹੋ ਕੇ ਗਿਰ ਗਏ।

*ਹਥ ਮਰੋੜਨਿ ਸਿਰੁ ਧੁਣਨਿ*
*ਪਛੋਤਾਨਿ ਕਰਨਿ ਜਾਹਿ ਜਾਂਦੀ।*
*ਭਾਈ ਗੁਰਦਾਸ ਜੀ, ਵਾਰ 10 ਪਉੜੀ 2*

ਸੱਚੇ ਪਾਤਸ਼ਾਹ! ਹਾਥੀ ਡੁੱਬ ਰਿਹਾ ਸੀ, ਦੋ ਉਂਗਲ ਰਹਿ ਗਈ ਸੀ ਉਹਦੀ ਸੁੰਡ, ਇਕੋ ਆਵਾਜ਼ ਦਿਤੀ ਹੈ-

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - ੬੩੨*

ਸ਼ਰਨ ਲੈਂਦੇ ਸਾਰ ਹੀ ਛੁਟ ਗਿਆ। ਹੁਣ ਤਾਂ ਹਜ਼ਾਰਾਂ ਬੰਦੇ ਮਾਰ ਦਿਤੇ ਤੇ ਅਸੀਂ ਸੁਣਿਆ ਹੈ ਕਿ ਜਦ ਤੱਕ ਸਵਾ ਮਣ ਜਨੇਊ ਨਹੀਂ ਲਹਿੰਦਾ, ਇਹ ਬਾਦਸ਼ਾਹ ਰੋਟੀ ਨਹੀਂ ਖਾਂਦਾ। ਰੋਜ਼ ਦੀ ਰਿਪੋਰਟ ਲੈਂਦਾ ਹੈ ਕਿ ਕਿੰਨਿਆਂ ਦਾ ਜਨੇਊ ਤੋੜ ਹੋ ਗਿਆ। ਇਸ ਤੋਂ ਜ਼ਿਆਦਾ ਤਾਂ ਜ਼ੁਲਮ ਹੋ ਨਹੀਂ ਸਕਦਾ, ਕੋਈ ਵੀ ਨਹੀਂ ਬਹੁੜ ਰਿਹਾ ਸੰਸਾਰ ਦੇ ਉਤੇ ਤੇ ਪਿਛਲੇ ਕਹਿੰਦੇ ਨੇ ਕਿ ਪ੍ਰਮੇਸ਼ਰ ਬਹੁੜਦਾ ਹੈ ਜਦੋਂ ਕੋਈ ਉਸਨੂੰ ਯਾਦ ਕਰਦਾ ਹੈ, ਉਸੇ ਵੇਲੇ ਆ ਜਾਂਦਾ ਹੈ ਤੇ ਹੁਣ ਕੀ ਹੋ ਗਿਆ? ਸਾਰੇ ਹੀ ਡਰਨ ਲੱਗ ਗਏ, ਕੋਈ ਨਹੀਂ ਆਉਂਦਾ। ਪਾਤਸ਼ਾਹ! ਤੁਸੀਂ ਸਮਰੱਥ ਹੋਂ। ਐਸ ਵੇਲੇ ਤੇ ਲਾਜ ਸਾਡੀ ਰੱਖਣੀ ਤੁਹਾਡੇ ਹੱਥ ਵਿਚ ਹੈ –

*ਧਾਰਨਾ-ਜਿਵੇਂ ਰੱਖੀ ਸੀ ਦਰੋਪਤੀ ਦੀ ਆ ਕੇ*
*ਏਵੇਂ ਲਾਜ ਰੱਖੋ ਹਿੰਦ ਦੀ।*

ਪਾਤਸ਼ਾਹ! ਇਕ ਦਰੋਪਤੀ ਦੇ ਉਤੇ ਓਸ ਸਮੇਂ ਭੀੜਾ ਬਣੀ ਸੀ, ਓਸ ਵੇਲੇ ਪ੍ਰਗਟ ਹੋ ਕੇ ਉਹਦੀ ਲਾਜ ਰੱਖੀ। ਅੱਜ ਤਾਂ ਪਾਤਸ਼ਾਹ! ਹਜ਼ਾਰਾਂ ਦੀ ਗਿਣਤੀ ਕੀ, ਲੱਖਾਂ ਦਰੋਪਤੀਆਂ ਦੇ ਚੀਰ ਉਤਾਰੇ ਜਾ ਰਹੇ ਨੇ। ਲੱਖਾਂ ਦਰੋਪਤੀਆਂ ਦੀ ਬੇਪਤੀ ਹੋ ਰਹੀ ਹੈ। ਕਿਉਂ ਨਹੀਂ ਪ੍ਰਮੇਸ਼ਰ ਬਹੁੜਦਾ, ਕਿਉਂ ਨਹੀਂ ਰਖਸ਼ਾ ਕਰ ਰਿਹਾ ਅੱਜ। ਕਿੰਨੇ ਸਾਡੇ ਭਾਗ ਮੰਦੇ ਹੋ ਗਏ ਕਲਜੁਗੀ ਜੀਵਾਂ ਦੇ, ਟਸ ਤੋਂ ਮਸ ਨਹੀਂ ਹੋ ਰਿਹਾ। ਹੇ ਪਾਤਸ਼ਾਹ ਜਿਵੇਂ-

*ਲਾਜ ਦਰੋਪਤੀ ਵਿਚ ਭਰੇ ਦਰਬਾਰ*
*ਦੇ ਕੇ ਆਪਣਾ ਹੱਥ ਸੀ ਰੱਖੀ ਕ੍ਰਿਸ਼ਨ ਮੁਰਾਰ*
*ਉਵੇਂ ਰੱਖੋ ਲਾਜ ਸਤਿਗੁਰ ਕ੍ਰਿਪਾ ਧਾਰ*
*ਬਣਿਆ ਭਾਰਤ ਵਰਸ਼ ਹੈ*
*ਅੱਜ ਦੁਰਯੋਧਨ ਦਰਬਾਰ*

ਇਕ ਬੀਬੀ ਦੀ ਪੱਤ ਨਹੀਂ ਲਹਿ ਰਹੀ। ਲੱਖਾਂ ਬੀਬੀਆਂ ਰੋਜ਼ ਬੇਪੱਤ ਹੋ ਰਹੀਆਂ ਨੇ ਤੇ ਹੁਣ ਕੌਣ ਲਾਜ ਰੱਖੇ, ਕੋਈ ਨਹੀਂ ਸਾਡਾ ਐਸ ਵੇਲੇ ਤੁਹਾਡੇ ਤੋਂ ਬਗੈਰ। ਮਹਾਰਾਜ ਕਹਿੰਦੇ, ਤੁਸੀਂ ਜੇਰਾ ਰੱਖੋ –

*ਸੱਚਾ ਸਾਹਿਬ ਆਪ ਹੀ ਕਰ ਕੇ ਕੋਈ ਉਪਾਵ*
*ਡੁੱਬਦਾ ਬੇੜਾ ਧਰਮ ਦਾ ਦੇਸੀ ਬੰਨ੍ਹੇ ਲਾ।*

ਵਾਹਿਗੁਰੂ ਤੇ ਭਰੋਸਾ ਕਰੋ, ਆਪ ਹੀ ਉਸ ਨੇ ਬੇੜਾ ਪਾਰ ਲਾ ਦੇਣਾ।

*ਹੇ ਪਾਤਸ਼ਾਹ! ਇਕੋ ਆਸਰਾ ਤੇਰਾ ਹੈ ਅਸੀਂ ਤਾਂ*
*ਡੁੱਬਦੇ ਜਾ ਰਹੇ ਹਾਂ, ਸਾਡੀ ਬਾਂਹ ਫੜ ਲਓ।*
*ਰਾਖਹੁ ਅਬ ਹਿੰਦਨੁ ਕੀ ਟੇਕ*
*ਨਾਹਿਨ ਜਗ ਮਹਿ ਰਹੇ ਨ ਏਕ*

ਨਹੀਂ ਤਾਂ ਇਕ ਵੀ ਹਿੰਦੂ ਨਹੀਂ ਬਚਣਾ, ਜੇ ਤੁਸੀਂ ਹੁਣ ਸਾਡੀ ਬਾਂਹ ਨਾ ਫੜੀ। ਆਪ ਕਹਿਣ ਲੱਗੇ ਕਿ ਪਿਆਰਿਓ! ਜੋ ਧਰਮ ਹੁੰਦਾ ਹੈ, ਉਹ ਕਲਪ ਬ੍ਰਿਛ ਹੋਇਆ ਕਰਦਾ ਹੈ, ਜੋ ਕਲਪ ਬ੍ਰਿਛ ਧਰਮ ਦਾ ਹੈ ਇਹਨੂੰ ਪਾਣੀ ਦੇ ਕੇ ਸੁਰਜੀਤ ਨਹੀਂ ਕੀਤਾ ਜਾਂਦਾ ਹੈ, ਦੂਜੇ ਦਰਖਤਾਂ ਨੂੰ ਪਾਣੀ ਦੇ ਕੇ ਹਰਾ ਭਰਾ ਰੱਖ ਸਕਦੇ ਹਾਂ। ਪਰ ਜੋ ਧਰਮ ਦਾ ਬੂਟਾ ਹੁੰਦਾ ਹੈ, ਉਹ ਨੂੰ ਇਹ ਪਾਣੀ ਨਹੀਂ ਦਿਤਾ ਜਾਂਦਾ, ਉਹਨੂੰ ਤਾਂ ਕਿਸੇ ਮਹਾਂਪੁਰਸ਼ ਦਾ ਖੂਨ ਪਾਣੀ ਦੇ ਰੂਪ ਵਿਚ ਮਿਲੇ ਤਾਂ ਉਹ ਪ੍ਰਫੁੱਲਤ ਹੁੰਦਾ ਹੈ। ਇਸ ਤੋਂ ਘੱਟ ਨਹੀਂ ਹੁੰਦਾ –

*ਧਰਮ ਕਲਪੱਤਰ ਸਬਜ਼ ਰਖੈ*
*ਹਮ ਆਪਣਾ ਰੱਤ ਸੰਞਾਈ।*

ਅਸੀਂ ਆਪਣਾ ਰੱਤ ਦੇ ਕੇ, ਇਸ ਧਰਮ ਦੇ ਬੂਟੇ ਨੂੰ ਹਰਾ ਰੱਖਾਂਗੇ।

*ਤਬ ਸਤਿਗੁਰ ਇੰਞ ਮਨ ਠਹਿਰਾਈ*
*ਬਿਨ ਸਿਰ ਦੀਏ ਜਗਤ ਦੁਖ ਪਾਈ*

ਐਸ ਵੇਲੇ ਸਾਨੂੰ ਸਿਰ ਦੇਣਾ ਚਾਹੀਦਾ ਹੈ।

*'ਚਲਦਾ..............।'*

# ਸਜਣ ਮੇਰੇ ਰੰਗੁਲੇ..........॥

## (ਪਿਆਰੇ ਮਹਾਂਪੁਰਸ਼ ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦਾ ਨੂਰਾਨੀ ਜੀਵਨ)

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-42)*

ਸੰਤ ਬਾਬਾ ਕਲਿਆਣ ਦਾਸ ਜੀ ਤੋਂ ਸੰਤ ਬਾਬਾ ਕਲਿਆਣ ਸਿੰਘ ਜੀ ਬਣ ਗਏ ਅੰਮ੍ਰਿਤ ਛਕ ਕੇ। ਮਹਾਂਪੁਰਸ਼ਾਂ ਦਾ ਉਹਨਾਂ ਉਪਰ ਐਸਾ ਅਸਰ। ਦਾਸ ਨੂੰ ਸੰਤ ਕਲਿਆਣ ਸਿੰਘ ਜੀ ਨੇ ਆਪ ਦਸਿਆ ਕਿ ਮੈਂ ਇਕ ਜਗ੍ਹਾ ਗਿਆ, ਕਹਿੰਦੇ, ਮੈਂ ਪਹਿਲੀ ਵਾਰ ਮਹਾਂਪੁਰਸ਼ਾਂ ਦੇ ਬਚਨ ਸੁਣੇ। ਲੁਧਿਆਣੇ ਸੰਤ ਸਮਾਜ ਵਲੋਂ 70 ਘੰਟੇ ਲਗਾਤਾਰ ਕਥਾ, ਕੀਰਤਨ ਹੋਇਆ ਸੀ, ਭਾਈ ਰਣਧੀਰ ਸਿੰਘ ਨਗਰ, ਉਥੇ ਕਹਿੰਦੇ, ਬਚਨ ਸੁਣੇ ਤਾਂ ਪਤਾ ਲੱਗਿਆ ਕਿ ਇਹ ਤਾਂ ਕਮਾਈ ਵਾਲੇ ਮਹਾਂਪੁਰਸ਼ ਨੇ। ਮਿਲੀਏ ਇਨ੍ਹਾਂ ਨੂੰ। ਪਰ ਖਿਆਲ ਆਇਆ ਕਿ ਇਸ ਤੋਂ ਪਹਿਲਾਂ ਵੀ ਮੈਂ ਕਿਤੇ ਗਿਆ ਸੀ, ਕਿਸੇ ਹੋਰ ਮਹਾਤਮਾ ਕੋਲ, ਉਥੇ ਨੇੜੇ-ਤੇੜੇ ਭੀੜ ਲੱਗੀ ਸੀ, ਕੁਰਸੀ 'ਤੇ ਬੈਠੇ ਸੀ। ਸਾਰੇ ਕਹਿੰਦੇ, ਬਹਿ ਜਾਓ, ਬਹਿ ਜਾਓ, ਇਕੱਲੀ ਇੱਕੋ ਕੁਰਸੀ ਸੀ। ਉਸ 'ਤੇ ਬਾਬਾ ਜੀ ਆਪ ਬੈਠੇ ਸੀ। ਬਾਬਾ ਜੀ ਮੈਨੂੰ ਵੀ ਕਹਿਣ ਕਿ ਬਹਿ ਜਾਓ, ਬਹਿ ਜਾਓ। ਮੈਂ ਖੱਬੇ-ਸੱਜੇ ਪਾਸੇ ਦੇਖਾਂ ਕਿ ਮੈਂ ਥੱਲੇ ਕਿਉਂ ਬੈਠਾਂ, ਮੈਂ ਕਿਹੜਾ ਘੱਟ ਹਾਂ। ਚੇਲੇ ਤਾਂ ਕਹਿਣ ਬਹਿ ਜਾਓ-ਬਹਿ ਜਾਓ। ਫੇਰ ਫੋਟੋ ਲਾਹ-ਲਾਹ ਕੇ ਭੇਜਦੇ ਨੇ ਕਿ ਸਾਡੇ ਬਾਬਾ ਜੀ ਦੇ ਚਰਨਾਂ 'ਚ ਇਹ ਬੈਠੇ ਨੇ। ਕਹਿੰਦੇ, ਮੈਂ ਨਹੀਂ ਬੈਠਾ। ਕਹਿੰਦੇ, ਜਦੋਂ ਬਾਰ-ਬਾਰ ਕਿਹਾ। ਤਾਂ ਨੇੜੇ ਇਕ ਦਰਖਤ ਸੀਗਾ, ਨਾਲ ਹੀ ਡਾਲ੍ਹ ਉੱਚਾ ਸੀ ਚਾਰ ਫੁੱਟ, ਮੈਂ ਛਾਲ ਮਾਰ ਕੇ ਉਸ 'ਤੇ ਬਹਿ ਗਿਆ। ਉਹ ਸਾਰੇ ਵੇਖਣ ਲਗ ਪਏ ਕਿ ਇਹ ਕੀ ਬਣਿਆ। ਕਹਿਣ ਲੱਗੇ, ਮੈਂ ਕਿਹਾ, ਬਾਬਾ! ਉਮਰ 'ਚ ਮੈਂ ਤੇਰੇ ਨਾਲੋਂ ਵੱਡਾ, ਵਿਦਵਾਨ ਮੈਂ ਤੇਰੇ ਨਾਲੋਂ ਵੱਡਾ, ਫੇਰ ਮੈਂ ਵੱਡਾ ਵੈਦ। ਬੜੇ ਵੈਦ ਉਹਨਾਂ ਨੂੰ ਮੰਨਦੇ ਸੀ। ਉਹ ਨਬਜ਼ ਨਹੀਂ ਸੀ ਦੇਖਦੇ, ਚਿਹਰੇ ਨਾਲ ਹੀ ਬਿਮਾਰੀ ਪਛਾਣ ਕੇ ਦਵਾਈ ਦਿੰਦੇ ਸੀ। ਰਹੀ ਗੱਲ ਨਾਮ ਦੀ ਉਹ ਨਾ ਤੇਰੇ ਕੋਲ ਤੇ ਨਾ ਮੇਰੇ ਕੋਲ।

ਕਹਿੰਦੇ, ਜੇ ਤੇਰੇ ਅੰਦਰ ਨਾਮ ਹੁੰਦਾ ਤਾਂ ਮੈਨੂੰ ਸਤਿਕਾਰ ਨਾਲ ਬਿਠਾਉਂਦਾ। ਜੇ ਮੇਰੇ ਅੰਦਰ ਨਾਮ ਹੁੰਦਾ ਤਾਂ ਮੈਂ ਚੁੱਪ ਕਰਕੇ ਨੀਵਾਂ ਬਹਿ ਜਾਣਾ ਸੀ ਕਿ ਚਲੋ ਸੰਤਾਂ ਕੋਲ ਥੱਲੇ ਬਹਿ ਜਾਂਦੇ ਹਾਂ।

ਕਹਿੰਦੇ, ਜਦੋਂ ਮੈਂ (ਰਤਵਾੜਾ ਸਾਹਿਬ ਵਾਲੇ) ਮਹਾਂਪੁਰਸ਼ਾਂ ਦੇ ਪਹਿਲੀ ਵਾਰ ਦਰਸ਼ਨ ਕਰਨ ਗਿਆ ਤਾਂ ਖਿਆਲ ਆਇਆ ਕਿ ਫੇਰ ਵੀ ਮੈਂ ਉਦਾਸੀ ਸਾਧੂ, ਨਿਰਮਲੇ ਸੰਤਾਂ ਨਾਲ ਰਿਹਾ ਹਾਂ, ਧੂਣੀਆਂ ਤਾਪੀਆਂ ਨੇ। ਸੰਤ ਬਾਬਾ ਜਵਾਲਾ ਸਿੰਘ ਜੀ ਦੀ ਸੰਗਤ ਕੀਤੀ ਹੈ ਪਤਾ ਨਹੀਂ ਇਥੇ ਵੀ ਸਤਿਕਾਰ ਹੋਣਾ ਹੈ ਕਿ ਨਹੀਂ ਹੋਣਾ। ਜਦੋਂ ਗਏ ਤਾਂ ਮਹਾਂਪੁਰਸ਼ਾਂ ਨੇ ਬਰਾਬਰ ਬਿਠਾਇਆ। ਬੀਜੀ ਨੇ ਪ੍ਰਸ਼ਾਦ ਪਾਣੀ ਦੀ ਸੇਵਾ ਕੀਤੀ। ਮੈਂ ਹੈਰਾਨ ਹਾਂ। ਜਿਸ ਵੇਲੇ ਤੁਰਨ ਲੱਗੇ ਤਾਂ ਮਹਾਂਪੁਰਸ਼ ਸਿਰੋਪਾਓ ਲੈ ਕੇ ਖੜ੍ਹੇ ਹੋ ਗਏ। ਕਹਿੰਦੇ, ਮੈਂ ਹੱਥ ਜੋੜੇ ਕਿ ਮੈਂ ਸਿਰੋਪਾਓ ਨਹੀਂ ਲੈਣਾ। ਮਹਾਂਪੁਰਸ਼ਾਂ ਨੇ ਅੱਗੋਂ ਕਿਹਾ, ਮਹਾਂਪੁਰਸ਼ਾਂ ਦੀ ਨਿਮਰਤਾ ਦੇਖੋ ਇਥੇ, ਅਸੀਂ ਗ੍ਰਿਹਸਤੀ ਹਾਂ, ਤੁਸੀਂ ਗ੍ਰਿਹਸਤੀਆਂ ਦੇ ਘਰ ਆਏ ਹੋ, ਸਾਡਾ ਫਰਜ਼ ਬਣਦੈ ਸੰਤਾਂ ਦਾ ਸਤਿਕਾਰ ਕਰਨਾ। ਜਦੋਂ ਉਹਨਾਂ ਨੇ ਇਹ ਗੱਲ ਕਹੀ ਤਾਂ ਕਹਿੰਦੇ, ਮੇਰੇ ਅੱਖਾਂ 'ਚੋਂ ਹੰਝੂ ਆ ਗਏ, ਮੈਂ ਕਿਹਾ ਜੀ, ਜੇ ਤੁਸੀਂ ਗ੍ਰਿਹਸਤੀ ਹੋ ਨਾ, ਸੁਕਦੇਵ 'ਤੇ ਵੀ ਕ੍ਰਿਪਾ ਗ੍ਰਿਹਸਤੀਆਂ ਨੇ ਕੀਤੀ ਸੀ। ਤੁਸੀਂ ਛੋਟੇ ਨਹੀਂ ਹੋ, ਮੇਰੇ ਤੋਂ ਵੱਡੇ ਹੋ। ਇਹ ਗੱਲ ਸੰਤ ਬਾਬਾ ਕਲਿਆਣ ਸਿੰਘ ਜੀ ਨੇ ਮੈਨੂੰ ਆਪ ਦੱਸੀ।

ਇਹ ਸੀ ਜੀਵਨ ਮਹਾਂਪੁਰਸ਼ਾਂ ਦਾ। ਮਹਾਂਪੁਰਸ਼ ਸਭ ਦਾ ਸਤਿਕਾਰ ਕਰਦੇ 'ਤੇ ਜਿਥੇ ਵੀ ਜਾਂਦੇ ਗਹਿਰੇ ਤੋਂ ਗਹਿਰੇ ਬਚਨ ਕਰਦੇ। ਹਰ ਇਕ ਦੇ ਜੀਵਨ 'ਤੇ ਜਿਸਦਾ ਅਸਰ ਪੈਂਦਾ।

ਸੋ ਗੁਰੂ ਵਾਲੇ ਬਣਨਾ ਚਾਹੀਦੈ। ਆਪ ਨੇ ਜਿਥੇ ਬਚਪਨ ਵਿਚ ਆਪ ਅੰਮ੍ਰਿਤ ਛਕਿਆ, ਉਥੇ ਅਨੇਕਾਂ ਸੰਗਤਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਨਾਲ ਜੋੜਿਆ। ਪਹਿਲਾ ਹੈ ਗੁਰੂ ਵਾਲੇ ਬਣਨਾ। ਅਸੀਂ ਕਹਿੰਦੇ ਹਾਂ ਕਿ ਨਾਮ ਦੀ ਪ੍ਰਾਪਤੀ ਹੋ ਜਾਵੇ।


ਗੁਰਦੁਆਰਾ ਈਸ਼ਰ ਪ੍ਰਕਾਸ਼
ਰਤਵਾੜਾ ਸਾਹਿਬ

ਇਥੋਂ ਸ਼ੁਰੂ ਹੁੰਦੈ ਜਿਥੋਂ ਸਾਨੂੰ ਗੁਰਮੰਤ੍ਰ ਦੀ ਦਾਤ ਮਿਲਦੀ ਹੈ। ਆਪਾਂ ਸ਼ੁਰੂਆਤ 'ਚ ਕਹਿ ਦਿੰਦੇ ਹਾਂ ਕਿ ਨਾਮ ਦੀ ਪ੍ਰਾਪਤੀ ਹੋ ਜਾਵੇ, ਜਦੋਂ ਕਿ ਇਥੋਂ ਤਾਂ ਇਕ ਨਵਾਂ ਜੀਵਨ ਸ਼ੁਰੂ ਹੁੰਦੈ। ਫੇਰ ਨਾਮ ਦੀ ਪ੍ਰਾਪਤੀ ਕੀ ਹੈ? ਨਾਮ ਜਪਦਿਆਂ ਬੈਖਰੀ ਬਾਣੀ, ਮਧਮਾ ਬਾਣੀ, ਪਸੰਤੀ ਬਾਣੀ, ਪਰਾ ਬਾਣੀ, 'ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥' ਇਸ ਤੋਂ ਅੱਗੇ ਹੈ ਸਾਰੀ ਕੁਦਰਤ ਵਿਚੋਂ ਨਾਮ ਦੀ ਧੁਨ ਸੁਣਨੀ। ਉਹਨੂੰ ਕਹਿੰਦੇ ਨੇ ਨਾਮ ਦੀ ਪ੍ਰਾਪਤੀ। ਜਿਥੋਂ ਜਾ ਕੇ ਦੋ ਤੋਂ ਇਕ ਹੋ ਜਾਂਦੇ ਨੇ –

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥

ਅੰਗ – ੧੪੨੦

ਕਹਿੰਦੇ, ਇਹ ਹਟਹਟ, ਘੂੰ-ਘੂੰ ਨਹੀਂ, ਤੂੰ-ਤੂੰ ਕਰਦੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਚਨ ਹੈ ਤੇ ਪਿਆਰੇ ਮਹਾਂਪੁਰਸ਼ ਆਪਾਂ ਨੂੰ ਸਰਵਣ ਕਰਾਇਆ ਕਰਦੇ –

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ
ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਅੰਗ- ੫੪੦

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ- ੧੨੬੫


ਸੱਚਖੰਡਵਾਸੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਭ ਵਿਚੋਂ ਓਹਦੀ ਅਵਾਜ਼ ਆ ਰਹੀ ਹੈ, ਚਾਹੇ ਹਵਾ ਚੱਲ ਰਹੀ ਹੈ, ਚਾਹੇ ਪਸ਼ੂ-ਪੰਛੀ ਬੋਲ ਰਹੇ ਨੇ, ਸਾਰੀ ਕੁਦਰਤ ਦੇ ਵਿਚੋਂ ਨਾਮ ਦੀ ਧੁਨ ਸੁਣਨੀ, ਉਹਨੂੰ ਕਹਿੰਦੇ ਨੇ ਨਾਮ ਦੀ ਪ੍ਰਾਪਤੀ। ਗੁਰਮੰਤ੍ਰ ਤੋਂ ਸ਼ੁਰੂ ਹੋਇਆ ਕਿ ਨਾਮ ਮਿਲ ਗਿਆ ਤੇ ਫੇਰ ਨਾਮ ਜਪਦਿਆਂ-ਜਪਦਿਆਂ ਉਹ ਅਵਸਥਾ ਪ੍ਰਾਪਤ ਹੋ ਜਾਣੀ, ਸਾਰੀ ਕੁਦਰਤ ਵਿਚੋਂ ਨਾਮ ਦੀ ਧੁਨ ਸੁਣਨੀ। ਇਹਦੇ ਵਾਸਤੇ ਸਭ ਤੋਂ ਪਹਿਲਾਂ ਗੁਰੂ ਵਾਲੇ ਬਣੋ। ਜਿਨ੍ਹਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ, ਵਡਭਾਗੇ ਨੇ, ਜਿਨ੍ਹਾਂ ਨੇ ਨਹੀਂ ਛਕਿਆ ਭਾਈ, ਸੰਸਾਰ ਤੋਂ ਨਿਗੁਰੇ ਨਾ ਜਾਇਓ। ਅਸੀਂ ਸੰਸਾਰ 'ਚੋਂ ਕਿਤੇ ਜਾਣਾ ਹੈ, ਬਾਹਰਲੇ ਦੇਸ਼ ਜਾਣਾ ਹੈ, ਕਿਤੇ ਹੋਰ ਸਟੇਟ 'ਚ ਜਾਣਾ ਹੈ, ਉਥੇ ਕੌਣ ਹੈ? ਕਿੱਥੇ ਜਾਣਾ ਹੈ? ਕਿਸਨੂੰ ਮਿਲਣਾ ਹੈ? ਇਹ ਕਦੇ ਸੋਚਿਐ? ਜਦੋਂ ਦੁਨੀਆਂ ਤੋਂ ਹੀ ਚਲੇ ਜਾਣਾ ਹੈ, ਇਥੇ ਦੇ ਸਭ ਸਾਕ ਸਬੰਧੀ, ਪਰਿਵਾਰ ਨਾਲ ਨਹੀਂ ਜਾਣਗੇ। ਇਹ ਜਿਹੜਾ ਸਰੀਰ ਮਿਲਿਆ ਹੈ, ਸਾਨੂੰ ਆਉਣ ਲੱਗਿਆਂ, ਇਹ ਸਰੀਰ ਵੀ ਨਾਲ ਨਹੀਂ ਜਾਣਾ। ਉਥੇ ਫੇਰ ਕੌਣ ਹੈ? ਕਦੇ ਵਿਚਾਰ ਕੀਤੀ ਹੈ? ਸਮਾਂ ਤਾਂ ਇਕ ਦਿਨ ਆਉਣਾ ਹੀ ਆਉਣਾ ਹੈ। ਕੋਈ ਮੰਨੇ ਜਾਂ ਨਾ ਮੰਨੇ। ਜੇ ਅਸੀਂ ਗੁਰੂ ਵਾਲੇ ਬਣੇ ਹੋਵਾਂਗੇ –

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥

ਅੰਗ- ੯੫੭


ਸੱਚਖੰਡਵਾਸੀ
ਸੰਤ ਮਾਤਾ ਬੀਜੀ ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਅਸੀਂ ਜਦੋਂ ਗੁਰੂ ਵਾਲੇ ਬਣ ਜਾਵਾਂਗੇ, ਸਾਡੇ ਸਤਿਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜੁਗੋ ਜੁਗ ਅਟੱਲ, ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਾਡੀ ਮਾਤਾ, ਮਾਤਾ ਸਾਹਿਬ ਕੌਰ ਜੀ, ਕਿੰਨਾਂ ਮਾਣ ਬਖਸ਼ਿਆ ਹੈ, ਸਾਧਸੰਗਤ ਜੀ। ਸਾਡੇ ਵਰਗਿਆਂ ਨੂੰ ਆਪਣੇ ਧੀਆਂ ਪੁੱਤਰ ਬਣਾ ਲਿਆ ਮੇਰੇ ਸਤਿਗੁਰੂ ਜੀ ਨੇ। ਕੀ ਸਾਡਾ ਦਿਲ ਨਹੀਂ ਕਰਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਸਾਹਿਬ ਕੌਰ ਜੀ ਦੀ ਗੋਦ ਵਿਚ ਬੈਠੀਏ, ਜਿਨ੍ਹਾਂ ਨੇ ਆਪਣੇ ਪੁੱਤਰ ਵਾਰ ਕੇ ਸਾਨੂੰ ਆਪਣੇ ਪੁੱਤਰ ਬਣਾਇਆ ਹੈ। ਜਿਨ੍ਹਾਂ ਨੇ ਦਮਦਮਾ ਸਾਹਿਬ ਇਹ ਕਿਹਾ ਸੀ ਕਿ –

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।

ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਕੀ ਜੂਨਾਂ ਵਿਚ ਪੈਣੈ ਜਾਂ ਗੁਰੂ ਗੋਦ ਵਿਚ ਬੈਠਣਾ ਹੈ ਜਾ ਕੇ? ਜਦੋਂ ਅੰਮ੍ਰਿਤ ਛਕਿਆ ਹੋਏਗਾ, ਰਹਿਤ ਬਹਿਤ ਵਿਚ ਰਹਾਂਗੇ ਫਿਰ ਕੋਈ ਫਿਕਰ ਨਹੀਂ ਕਿ ਕਿੱਥੇ ਜਾਣਾ ਹੈ। ਕਿਉਂਕਿ ਗੁਰੂ ਸਾਹਿਬ ਕੋਲ ਜਾਣਾ ਹੈ। ਜਿਹੜੇ ਗੁਰੂ ਵਾਲੇ ਬਣ ਜਾਂਦੇ ਨੇ –

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥

ਅਮਗ – ੫੧੭

ਗੁਰਮਖਿ ਜਨਮੁ ਸਵਾਰਿ ਦਰਗਹ ਚਲਿਆ।
ਸੱਚੀ ਦਰਗਹ ਜਾਇ ਸਚਾ ਪਿੜ ਮਲਿਆ।

ਭਾਈ ਗੁਰਦਾਸ ਜੀ

ਇਸ ਕਰਕੇ ਨਿਗੁਰੇ ਨਾ ਜਾਈਏ। ਗੁਰੂ ਵਾਲੇ ਬਣ ਕੇ ਜਾਈਏ, ਸਾਧਸੰਗਤ ਜੀ। ਜਦੋਂ ਸਾਡਾ ਮਾਲਕ ਸਮਰੱਥ ਗੁਰੂ ਹੋਏਗਾ। ਫੇਰ ਸਾਰੇ ਭੈਅ ਖਤਮ ਹੋ ਜਾਣਗੇ, ਸਾਰੇ ਸ਼ੰਕੇ ਖਤਮ ਹੋ ਜਾਣਗੇ। ਕੋਈ ਭਰਮ ਨਹੀਂ ਰਹਿੰਦਾ। ਐਨੀ ਖੁਸ਼ੀ ਕਿ ਸੰਸਾਰ ਦੇ ਕਿਸੇ ਕੋਨੇ ਵਿਚ ਜਾਓ, ਤੁਸੀਂ ਕਹਿ ਸਕਦੇ ਹੋ ਕਿ ਸਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਸਾਡੀ ਮਾਤਾ ਮਾਤਾ ਸਾਹਿਬ ਕੌਰ ਜੀ ਨੇ, ਸਾਡੇ ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ। ਇਹ ਬਖਸ਼ਿਸ਼ ਗੁਰੂ ਦੀ ਹੈ।

ਮਹਾਂਪੁਰਸ਼ਾਂ ਨੇ ਸਾਰਾ ਜੀਵਨ ਅੰਮ੍ਰਿਤ ਸੰਚਾਰ ਕੀਤਾ। ਰਹੇ ਕਿਵੇਂ ਨੇ? –

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ਅੰਗ- ੯੩੮

ਰੇ ਮਨ ਐਸੋ ਕਰਿ ਸੰਨਿਆਸਾ॥
ਬਨ ਸੇ ਸਦਨ ਸਬੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥

ਰਾਮਕਲੀ ਪਾਤਸ਼ਾਹੀ ੧੦

ਸ੍ਰੀ ਗੁਰੂ ਨਾਨਕ ਸਾਹਿਬ ਮੁਲਤਾਨ ਗਏ ਨੇ 'ਤੇ ਬੜੇ ਪੀਰ ਸਨ, ਮੁਲਤਾਨ ਵਿਚ। ਪੀਰਾਂ ਦਾ ਘਰ ਸੀ। ਉਹਨਾਂ ਨੇ ਆਪਣੇ ਚੇਲਿਆਂ ਦੇ ਰਾਹੀਂ ਦੁੱਧ ਦਾ ਬਾਟਾ ਭਰ ਕੇ ਗੁਰੂ ਸਾਹਿਬ ਦੇ ਅੱਗੇ ਲੈ ਆਂਦਾ। ਇਹਦਾ ਮਤਲਬ ਕੀ ਸੀ? ਨੱਕੋ ਨੱਕ ਉਹ ਬਾਟਾ ਭਰਿਆ ਸੀ ਭਾਵ ਇਥੇ ਪੀਰਾਂ ਦੀ ਕੋਈ ਕਮੀ ਨਹੀਂ, ਤੁਹਾਡੀ ਕੀ ਲੋੜ ਸੀ? ਇਥੇ ਤਾਂ ਅੱਗੇ ਹੀ ਪੀਰ ਬਹੁਤ ਨੇ।

ਮੇਰੇ ਸਮਰੱਥ ਸਾਹਿਬ 'ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥' ਪੀਰਾਂ ਨੇ ਸਵਾਲ ਨਹੀਂ ਕੀਤਾ, ਬਾਟਾ ਅੱਗੇ ਕੀਤਾ। ਮੇਰੇ ਸਤਿਗੁਰੂ ਨੇ ਵੀ ਜਵਾਬ ਉਸੇ ਤਰ੍ਹਾਂ ਦੇ ਦਿਤਾ। ਚਮੇਲੀ ਦਾ ਫੁੱਲ ਉਤੇ ਰੱਖਿਆ। ਇਥੇ ਦੁੱਧ ਨਹੀਂ ਪੈ ਸਕਦਾ, ਚਮੇਲੀ ਦਾ ਫੁੱਲ ਉਤੇ ਰਹਿ ਸਕਦਾ ਹੈ। ਰਹਾਂਗੇ ਵੀ ਉਤੇ ਤੇ ਰਹਾਂਗੇ ਵੀ ਨਿਰਲੇਪ। ਇਹ ਜੀਵਨ ਗੁਰੂ ਮਹਾਰਾਜ ਨੇ ਆਪਣੇ ਪਿਆਰਿਆਂ ਨੂੰ ਬਖਸ਼ਿਆ। ਮਹਾਂਪੁਰਸ਼ ਸੰਸਾਰ ਦੇ ਵਿਚ ਵਿਚਰੇ ਨੇ–

ਭਗਤੁ ਵਡਾ ਰਾਜਾ ਜਨਕੁ ਹੈ
ਗੁਰਮੁਖਿ ਮਾਇਆ ਵਿਚਿ ਉਦਾਸੀ। ਭਾਈ ਗੁਰਦਾਸ ਜੀ

ਯੂ.ਪੀ ਇਕ ਬਚਨ ਕੀਤਾ ਸੀ, ਸਰਦਾਰ ਭਗਵਾਨ ਸਿੰਘ ਜੀ



ਰਤਵਾੜਾ ਸਾਹਿਬ ਦੇ ਨੇੜੇ ਪਿੰਡ ਚਾਹੜ ਮਾਜਰਾ ਵਿਖੇ ਇਸਲਾਮ ਵਿਚ ਅਕੀਦਾ ਰੱਖਣ ਵਾਲੇ ਭਰਾਵਾਂ ਲਈ ਮਸਜਿਦ ਦੀ ਉਸਾਰੀ ਕਰਵਾਈ।



ਕੈਲੀਫੋਰਨੀਆਂ ਦੇ ਸਨੀਵੇਲ ਵਿਚ ਸੰਤ ਮਹਾਰਾਜ ਦੇ ਦੀਵਾਨਾਂ ਵਿਚ ਹਿੰਦੂ ਟੈਂਪਲ ਦੇ ਪੁਜਾਰੀ ਤੇ ਹਿੰਦੂ ਵੀਰ ਬੜੀ ਸ਼ਰਧਾ ਨਾਲ ਹਾਜ਼ਰੀ ਭਰਦੇ ਸੀ ਤੇ ਲੰਗਰਾਂ ਵਿਚ ਸੇਵਾ ਕਰਦੇ ਸੀ।



29 ਜੁਲਾਈ 1986 ਨੂੰ ਰਤਵਾੜਾ ਸਾਹਿਬ ਅਸਥਾਨ ਦੀ ਕਾਰਸੇਵਾ ਸ਼ੁਰੂ ਹੋਈ।
26 ਜਨਵਰੀ 1999 ਨੂੰ ਪਿਆਰੇ ਮਹਾਂਪੁਰਸ਼ਾਂ ਨੇ
'ਗੁਰਦੁਆਰਾ ਈਸ਼ਰ ਪ੍ਰਕਾਸ਼' ਦੀ ਨੀਂਹ ਗੁਰੂ ਘਰ ਦੇ ਪੰਜ ਪਿਆਰਿਆਂ (ਸੰਤਾਂ) ਰਾਹੀਂ ਰਖਵਾਈ।



ਦੇ ਘਰ ਸੰਗਤਾਂ ਜੁੜੀਆਂ ਸਨ। ਦੀਵਾਨ ਸੀ ਤੇ ਦਾਸ ਵੀ ਉਸ ਦੀਵਾਨ ਦੇ ਵਿਚ ਸੀ ਕਿਉਂਕਿ ਬਚਪਨ ਤੋਂ ਮਿਲਾਪ ਹੋਇਆ ਸੀ। ਇਕ ਬਚਨ ਕੀਤਾ ਕਿ 'ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ।' ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ 1973 ਵਿਚ, ਜਦੋਂ ਆਪ ਫਾਰਮ 'ਤੇ ਗਏ। ਬਾਕੀਆਂ ਨੇ ਆਪਣੇ ਘਰਾਂ ਵਿਚ ਚਰਨ ਪੁਆਏ ਸੀ। ਆਪਣੇ ਫਾਰਮ 'ਤੇ ਨਾਮ ਨਹੀਂ ਲਿਖਿਆ ਸੀ ਕਿ ਇਹ ਸਾਡਾ ਨਹੀਂ ਇਹ ਤਾਂ ਮਾਲਕ ਦਾ ਹੈ। ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਕਹਿੰਦੇ, ਆਓ! ਆਪਣੇ ਫਾਰਮ 'ਤੇ ਚੱਲੀਏ। ਪਾਖੜ ਦੇ ਦਰਖ਼ਤ ਕੋਲ ਜਦੋਂ ਖੜ੍ਹੇ ਹੋਏ, ਕਣਕ ਦੀ ਫਸਲ ਸੀ, ਮਹਾਂਪੁਰਸ਼ਾਂ ਦਾ ਨਾਮ ਲੈ ਕੇ ਕਹਿਣ ਲੱਗੇ – ਫਕੀਰੀ ਤੇਰੀ, ਫਕੀਰੀ ਤੇਰੀ, ਫਕੀਰੀ ਤੇਰੀ।

ਇਹ ਕਿਹੜੀ ਫਕੀਰੀ ਹੈ? ਇਹ ਫਕੀਰੀ ਦਾ ਰਸਤਾ ਬੜਾ ਔਖਾ ਹੈ –

ਫਕੀਰਾ ਫਕੀਰੀ ਦੂਰ ਹੈ ਜਿੰਨੀ ਕੁ ਉੱਚੀ ਖਜੂਰ ਹੈ।
ਚੜ੍ਹ ਜਾਏ ਤੇ ਝੂਟੇ ਪ੍ਰੇਮ ਰਸ, ਡਿੱਗ ਪਏ ਤੇ ਚਕਨਾ ਚੂਰ ਹੈ।

ਬੜੀ ਔਖੀ ਹੈ। ਕੋਈ ਰੱਬ ਦਾ ਫਕੀਰ ਇਕ ਕੁਟੀਆ ਵਿਚ ਰਹਿੰਦਾ ਹੈ, ਛੱਪਰੀ ਵਿਚ। ਰਾਤ ਦਾ ਸਮਾਂ ਹੈ ਬਾਰਿਸ਼ ਪੈ ਰਹੀ ਹੈ। ਠੰਢੀ ਹਵਾ ਚਲਦੀ ਹੈ। ਕੋਈ ਯਾਤਰੂ ਆਇਆ, ਅੱਗੇ ਮਹਿਲਾਂ ਵਰਗੀ ਕੋਠੀ ਹੈ, ਪਹਿਰੇਦਾਰ ਲੱਗੇ ਨੇ ਤੇ ਕਹਿੰਦਾ ਕਿ ਮੈਂ ਇਥੇ ਰਾਤ ਕੱਟਣੀ ਹੈ। ਉਹ ਕਹਿੰਦੇ, ਤੈਨੂੰ ਪਤਾ ਨਹੀਂ ਇਹ ਸੇਠ ਦੀ ਕੋਠੀ ਹੈ, ਤੇਰੀ ਹਿੰਮਤ ਕਿਵੇਂ ਪੈ ਗਈ ਇਹ ਕਹਿਣ ਦੀ ਕਿ ਮੈਂ ਰਾਤ ਕੱਟਣੀ ਹੈ? ਚੱਲ ਇਥੋਂ, ਦੋ ਥੱਪੜ ਮਾਰੇ।

ਅੱਗੇ ਚਲਿਆ ਗਿਆ। ਅੱਗੇ ਆ ਗਈ ਫਕੀਰ ਦੀ ਛੱਪਰੀ। ਛੋਟੀ ਜਿਹੀ ਛੱਪਰੀ ਸੀ। ਕਹਿਣ ਲੱਗਿਆ, ਮੈਂ ਰਾਤ ਕੱਟਣੀ ਹੈ। ਕਹਿੰਦੇ, ਆ ਪਿਆਰਿਆ। ਸਿਰਫ ਇਕ ਬੰਦੇ ਦੇ ਲੰਮੇ ਪੈਣ ਦੀ ਜਗ੍ਹਾ ਸੀ। ਫਕੀਰ ਕਹਿੰਦਾ, ਜਗ੍ਹਾ ਹੈਗੀ ਹੈ। ਉਹ ਕਹਿੰਦਾ, ਕਿਵੇਂ? ਕਹਿੰਦੇ ਕਿ ਆਪਾਂ ਲੰਮੇ ਪੈਣਾ ਸੀ। ਹੁਣ ਆਪਾਂ ਦੋ ਹੋ ਗਏ, ਹੁਣ ਰਾਤ ਬਹਿ ਕੇ ਕੱਟ ਲਵਾਂਗੇ। ਦੋਵੇਂ ਬਹਿ ਗਏ। ਐਨੇ ਨੂੰ ਇਕ ਹੋਰ ਆ ਗਿਆ, ਝਿੜਕਾਂ ਖਾ ਕੇ। ਠੰਢੀ ਹਵਾ ਹੈ, ਸਰਦੀ ਦਾ ਸਮਾਂ ਹੈ। ਕਿਸੇ ਨੇ ਜਗ੍ਹਾ ਨਹੀਂ ਦਿਤੀ। ਫਕੀਰ ਦੇ ਘਰ ਅਵਾਜ਼ ਦਿਤੀ ਹੈ। ਰਾਤ ਕੱਟਣੀ ਹੈ। ਕਹਿਣ ਲੱਗੇ, ਪਿਆਰਿਆ, ਆ ਜਾ। ਕਹਿੰਦਾ, ਥਾਂ? ਕਹਿੰਦੇ ਥਾਂ, ਬਣ ਜਾਏਗਾ, ਪਹਿਲਾਂ ਬੈਠੇ ਸੀ, ਦੋ ਜਣਿਆਂ ਦੇ




ਜੌਲੀਗਰਾਂਟ (ਦੇਹਰਾਦੂਨ) ਵਿਖੇ ਮੈਡੀਕਲ ਕਾਲਜ ਦਾ ਉਦਘਾਟਨ ਕਰਦੇ ਹੋਏ ਪਿਆਰੇ ਮਹਾਂਪੁਰਸ਼ ਅਤੇ ਨਾਲ ਸ਼ਸ਼ੋਭਿਤ ਡਾ. ਸਵਾਮੀ ਰਾਮ ਜੀ।



1993 ਅਤੇ 1994 ਵਿਚ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਮਹਾਂਪੁਰਸ਼ਾਂ ਨੇ ਖੁਦ ਅਗਵਾਈ ਕਰਕੇ ਮਿਸ਼ਨ ਦੇ ਸੈਂਕੜੇ ਵਾਲੰਟੀਅਰ ਨਾਲ ਲਏ ਤੇ ਘਰ-ਘਰ, ਪਿੰਡ-ਪਿੰਡ ਵਿਚ ਕਰੋੜਾਂ ਰੁਪਿਆਂ ਦੀ ਰਾਹਤ ਸਮੱਗਰੀ ਪਹੁੰਚਾਈ। ਰਾਸ਼ਨ, ਕੱਪੜਿਆਂ ਤੋਂ ਇਲਾਵਾ ਹੋਰ ਲੋੜੀਂਦੀਆਂ ਵਸਤੂਆਂ ਨਾਲ ਪੀੜਤਾਂ ਦੀ ਸਹਾਇਤਾ ਕੀਤੀ। ਖਸਤਾ ਹੋ ਚੁੱਕੇ ਸਕੂਲਾਂ ਨੂੰ ਰੈਨੋਵੇਟ ਕਰਵਾਇਆ ਤੇ ਬੱਚਿਆਂ ਨੂੰ ਵਰਦੀਆਂ ਤੇ ਕਿਤਾਬਾਂ ਮੁਹੱਈਆ ਕਰਵਾਈਆਂ।

ਜਨਵਰੀ 2001 ਵਿਚ ਗੁਜਰਾਤ ਵਿਚ ਭੂਚਾਲ ਆਏ, ਲੱਖਾਂ ਲੋਕ ਬੇਘਰ ਤੇ ਬੇਸਹਾਰਾ ਹੋ ਗਏ। ਪਿਆਰੇ ਮਹਾਂਪੁਰਸ਼ਾਂ ਨੇ, ਬਾਬਾ ਲਖਬੀਰ ਸਿੰਘ ਦੀ ਅਗਵਾਈ ਹੇਠ ਡੇਢ ਕਰੋੜ ਰੁਪਏ ਦੀ ਰਾਹਤ ਸਮੱਗਰੀ ਭੁੱਜ ਤਹਿਸੀਲ ਦੇ 25 ਪਿੰਡਾਂ ਵਿਚ ਵੰਡੀ ਤੇ ਥਾਂ-ਥਾਂ ਲੰਗਰ ਚਲਾਏ।



ਬੈਠਣ ਨੂੰ ਥਾਂ ਸੀ, ਕਹਿੰਦੇ ਹੁਣ ਆਪਾਂ ਖੜ੍ਹੇ ਹੋ ਜਾਂਦੇ ਹਾਂ। ਤਿੰਨੋਂ ਖੜ੍ਹੇ ਹੋ ਗਏ। ਚੌਥਾ ਆ ਗਿਆ। ਚੌਥਾ ਵੀ ਸਕਿਊਰਟੀ ਵਾਲਿਆਂ ਦੇ ਥੱਪੜ ਖਾ ਕੇ ਆ ਰਿਹੈ। ਕਹਿੰਦਾ, ਆ ਜਾ ਪਿਆਰਿਆ। ਕਹਿੰਦੇ, ਹੁਣ ਤਾਂ ਖੜ੍ਹੇ ਹੋਣ ਦੀ ਵੀ ਥਾਂ ਨਹੀਂ। ਰੱਬ ਦਾ ਫਕੀਰ ਕਹਿੰਦਾ ਹੈ ਕਿ ਤੁਸੀਂ ਅੰਦਰ ਹੋ ਜਾਓ ਤੇ ਮੈਂ ਬਾਹਰ ਖੜ੍ਹਾ ਹੋ ਜਾਂਦਾ ਹਾਂ। ਬਾਹਰ ਖੜ੍ਹਾ ਹੋ ਗਿਆ। ਇਹ ਫਕੀਰੀ ਹੈ। ਗੁਰੂ ਦੇ ਸਿੱਖ ਜਿਹੜੇ ਨੇ ਪਿਆਰਿਓ! ਉਹ ਜੀਵਨ ਨੂੰ ਦੂਸਰਿਆਂ ਦੇ ਲੇਖੇ ਲਾਉਂਦੇ ਨੇ। ਆਹ ਪਿੱਛੇ ਜਦੋਂ ਕਰੋਨਾ ਆਇਆ ਹੈ। ਆਪਣਿਆਂ ਤੋਂ ਵੀ ਆਪਣੇ ਦੂਰ ਹੋ ਗਏ ਸੀ। ਦੁਨੀਆਂ ਕੰਬ ਉਠੀ, ਵੱਡੇ-ਵੱਡੇ ਦੇਸ਼, ਭਾਵੇਂ ਕਿੰਨੀ ਸਾਇੰਸ ਵਧ ਗਈ, ਕਰੋਨਾ ਅੱਗੇ ਤਾਂ ਗੋਡੇ ਟੇਕੇ ਨੇ ਨਾ। ਜਿਸ ਵੇਲੇ ਆਪਣੀ ਜਾਨ ਬਚਾਉਣ ਵਾਸਤੇ ਆਪਣੇ ਘਰਾਂ 'ਚ ਵੜ ਗਏ। ਕਰੋਨੇ ਨਾਲ ਤਾਂ ਜੋ ਹੋਣਾ ਸੀ, ਹੋਣਾ ਸੀ, ਭੁੱਖ ਨਾਲ ਵੀ ਮਰਨ ਲੱਗੇ। ਉਸ ਵੇਲੇ ਗੁਰੂ ਕਾ ਖਾਲਸਾ, ਗੁਰੂ ਕੇ ਸਿੱਖ, ਚਾਹੇ ਭਾਰਤ, ਚਾਹੇ ਪੰਜਾਬ, ਚਾਹੇ ਅਮਰੀਕਾ, ਇੰਗਲੈਂਡ, ਕਨੇਡਾ, ਆਸਟ੍ਰੇਲੀਆ, ਹੋਰ ਦੇਸ਼ ਜਿਥੇ-ਜਿਥੇ ਵੀ ਗੁਰੂ ਕਾ ਖਾਲਸਾ ਹੈ, ਜਾਨ ਤਲੀ 'ਤੇ ਰੱਖ ਕੇ ਘਰ-ਘਰ ਲੰਗਰ ਪਹੁੰਚਾਏ। ਦਵਾਈਆਂ ਪਹੁੰਚਾਈਆਂ, ਆਕਸੀਜਨ ਪਹੁੰਚਾਈ। ਉਸ ਸੇਵਾ ਵਿਚ ਤਾਂ ਕਈਆਂ ਦਾ ਜੀਵਨ ਵੀ, ਪ੍ਰਾਨ ਵੀ ਲੇਖੇ 'ਚ ਲਗ ਗਏ। ਸਰੀਰ ਛੱਡ ਗਏ ਕਈ ਪਿਆਰੇ। ਇਹ ਹੈ ਫਕੀਰੀ, ਇਹ ਹੈ ਸਿੱਖੀ।

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਉਸ ਵੇਲੇ ਕੀ ਗੱਲ ਕਹੀ ਸੀ? ਕਈ ਤਾਂ ਸੋਚਦੇ ਨੇ ਕਿ ਪਤਾ ਨਹੀਂ ਕੀ ਹੈ, ਸ਼ਾਇਦ ਇਹ ਗੁਰੂ ਕਾ ਖਾਲਸਾ ਹੈ, ਇਹਨੂੰ ਮੁਕਾ ਦਿਆਂਗੇ। ਓ ਪਿਆਰਿਓ! ਗੁਰੂ ਕਾ ਖਾਲਸਾ -

ਖ਼ਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।

ਜਿਸ ਖਾਲਸੇ ਨੂੰ ਅਕਾਲ ਪੁਰਖ ਜੀ ਨੇ ਪ੍ਰਗਟ ਕੀਤੈ, ਉਹਨੂੰ ਮੁਕਾਉਣ ਵਾਲੇ ਆਪ ਮੁੱਕ ਜਾਣਗੇ, ਗੁਰੂ ਕਾ ਖ਼ਾਲਸਾ ਨਹੀਂ ਮੁੱਕੇਗਾ। ਟਰੰਪ ਵਰਗਿਆਂ ਨੇ ਸਿਰ ਝੁਕਾ ਕੇ ਇਹ ਗੱਲ ਕਹੀ ਸੀ ਕਿ ਦੁਨੀਆਂ ਦੇ ਜਿੰਨੇ ਦੇਸ਼ ਨੇ ਸਾਰੇ



ਦਸੰਬਰ 2004 ਵਿਚ ਭੁਚਾਲ ਅਤੇ ਤਾਮਿਲਨਾਡੂ ਵਿਚ ਸੁਨਾਮੀ ਬਰਬਾਦੀ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ।




2005 ਵਿਚ ਆਏ ਭੁਚਾਲ ਤੋਂ ਬਾਦ ਜੰਮੂ ਕਸ਼ਮੀਰ ਵਿਚ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਨਿਭਾਈਆਂ ਗਈਆਂ ਸੇਵਾਵਾਂ।



ਸਤੰਬਰ 2010 - ਅਫਜਲਗੜ੍ਹ (ਯੂ.ਪੀ.) ਵਿਚ ਹੜ੍ਹ ਪੀੜਤਾਂ ਦੀ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਗਵਾਈ ਹੇਠ ਲੱਖਾਂ ਰੁਪਿਆਂ ਦੀ ਰਾਹਤ ਸਮੱਗਰੀ ਪੀੜਤਾਂ ਤੇ ਲੋੜਵੰਦਾਂ ਨੂੰ ਵੰਡੀ ਗਈ ਅਤੇ ਗੁਰੂ ਕੇ ਲੰਗਰ ਚਲਾ ਕੇ ਸੇਵਾ ਕੀਤੀ ਗਈ।

ਦੇਸ਼ਾਂ ਵਿਚ ਸਿੱਖ ਹੋਣੇ ਚਾਹੀਦੇ ਨੇ ਤੇ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਗੁਰਦੁਆਰਾ ਸਾਹਿਬ ਹੋਣੇ ਚਾਹੀਦੇ ਨੇ। ਰੱਬ ਦੇ ਪਿਆਰੇ ਜਿਹੜੇ ਹਨ ਸੰਤ ਸਿਪਾਹੀ, ਗੁਰੂ ਕੇ ਪਿਆਰੇ, ਗੁਰੂ ਜਨ, ਮਹਾਂਪੁਰਸ਼, ਉਹਨਾਂ ਦਾ ਜੀਵਨ ਦੂਸਰਿਆਂ ਵਾਸਤੇ ਹੁੰਦੈ, ਜਿਹਦੇ ਬਾਰੇ ਮੇਰੇ ਸਤਿਗੁਰੂ ਇਹ ਫੁਰਮਾਨ ਕਰਦੇ ਨੇ –

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ
ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰੁ
ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ
ਮਾਰਗਿ ਜਾਣਾ ॥ ਅੰਗ – ੯੧੮

ਇਹ ਰਸਤਾ ਕੋਈ ਸੌਖਾ ਨਹੀਂ। ਇਥੇ ਗੁਰਮੁਖ, ਸੰਤ ਭਗਤ, ਸੰਤ ਸਿਪਾਹੀ, ਰੱਬ ਦੇ ਪਿਆਰੇ ਇਸ ਮਾਰਗ 'ਤੇ ਚਲਦੇ ਨੇ, ਜਿਨ੍ਹਾਂ ਨੇ ਨਾਮ ਜਪ ਕੇ ਉਹ ਅਵਸਥਾ ਪ੍ਰਾਪਤ ਕਰ ਲਈ ਹੈ। ਬਚਨ, ਸਾਹਿਬ ਦਾ ਆਉਂਦਾ ਹੈ ਕਿ –

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ
ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ
ਪੂਰਨੁ ਪਰਮਾਨੰਦੁ ॥ ਅੰਗ – ੧੩੬੫

ਸੰਸਾਰ ਡਰਦਾ ਹੈ। ਤਨ ਦੀ ਮੌਤ ਤੋਂ ਵੀ ਤੇ ਮਨ ਦੀ ਮੌਤ ਤੋਂ ਵੀ। ਇਥੇ ਬਚਨ ਆਉਂਦੈ ਕਿ 'ਮੇਰੈ ਮਨਿ ਆਨੰਦੁ।' ਮਰਨੇ ਹੀ ਤੇ ਪਾਈਐ।' ਇਥੇ ਇਕ ਸਰੀਰ ਦੀ ਮੌਤ ਦੀ ਹੀ ਗੱਲ ਨਹੀਂ। ਮਰਨੇ ਹੀ ਤੇ ਪਾਈਐ।' ਆਪਣੀ 'ਮੈਂ' 'ਮੇਰੀ' ਨੂੰ ਮਾਰਨਾ। ਮਨ ਨੂੰ ਮਾਰਨਾ –

ਪਹਿਲਾ ਮਰਣੁ ਕਬੂਲਿ
ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ
ਹਮਾਰੈ ਪਾਸਿ ॥ ਅੰਗ – ੧੧੦੨

ਕਿਉਂਕਿ ਜਿਥੇ 'ਮੈਂ', 'ਮੇਰੀ' ਹੈ ਉਥੇ 'ਤੂੰ' ਨਹੀਂ, ਜਿਥੇ 'ਤੂੰ' ਹੈਂ ਉਥੇ 'ਮੈਂ' ਨਹੀਂ।

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ ॥ ਅੰਗ – ੬੫੭



2013 ਵਿਚ ਉਤਰਾਖੰਡ ਵਿਚ ਆਏ ਹੜ੍ਹਾਂ ਦੌਰਾਨ ਰਤਵਾੜਾ ਸਾਹਿਬ ਵੱਲੋਂ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ, ਸੈਂਕੜੇ ਵਲੰਟੀਅਰ ਲੈ ਕੇ ਪਹੁੰਚੇ। ਗੁਰੂ ਕੇ ਲੰਗਰ ਚਲਾਏ ਗਏ, ਰਾਸ਼ਨ ਸਮੱਗਰੀ ਵੰਡੀ ਗਈ।



2015 ਨੇਪਾਲ ਭੁਚਾਲ – ਰਤਵਾੜਾ ਸਾਹਿਬ ਵੱਲੋਂ ਸੰਤ ਬਾਬਾ ਹਰਪਾਲ ਸਿੰਘ ਜੀ ਅਗਵਾਈ ਵਿਚ ਹੋਰ ਸੇਵਾਦਾਰਾਂ ਨੇ ਸੇਵਾਵਾਂ ਕੀਤੀਆਂ। ਉਥੇ ਮੁੜ ਵਸੇਬੇ ਲਈ ਨਵੇਂ ਘਰ ਬਣਾਉਣ ਲਈ ਟੀਨਾਂ ਸਮੇਤ ਹੋਰ ਰਾਹਤ ਸਮੱਗਰੀ ਵੰਡੀ ਗਈ।



2019 ਵਿੱਚ ਸਤਲੁਜ ਦਰਿਆ ਦੇ ਹੇਠਲੇ ਇਲਾਕੇ ਜਿਲ੍ਹਾ ਕਪੂਰਥਲਾ ਵਿਚ ਸੁਲਤਾਨਪੁਰ ਲੋਧੀ ਅਤੇ ਲੋਹੀਆਂ ਵਿਖੇ, ਸੰਤ ਬਾਬਾ ਲਖਬੀਰ ਸਿੰਘ ਜੀ ਦੀ ਅਗਵਾਈ ਵਿੱਚ ਰਤਵਾੜਾ ਸਾਹਿਬ ਵਲੋਂ 12 ਪਿੰਡਾਂ ਵਿਚ ਮੱਛਰਦਾਨੀਆਂ ਅਤੇ ਬਿਸਤਰੇ ਵੰਡੇ ਗਏ।



ਜੁਲਾਈ 2020 ਵਿੱਚ ਕਰੋਨਾ ਵਇਰਸ ਕਾਰਨ ਬਣੇ ਹਾਲਾਤਾਂ ਸਮੇਂ, ਟਰੱਸਟ ਰਤਵਾੜਾ ਸਾਹਿਬ ਵੱਲੋਂ, ਇਲਾਕੇ ਦੇ 22 ਪਿੰਡਾਂ ਵਿੱਚ, ਲੋੜਵੰਦਾਂ ਨੂੰ ਰਾਸ਼ਨ ਸਮੱਗਰੀ ਅਤੇ ਗੁਰੂ ਕੇ ਲੰਗਰਾਂ ਰਾਹੀਂ ਨਿਭਾਈਆਂ ਸੇਵਾਵਾਂ ਦੇ ਵੱਖ-ਵੱਖ ਦ੍ਰਿਸ਼

ਦਾਸ ਕਈ ਵਾਰ ਬੇਨਤੀ ਕਰਦੈ ਕਿ ਸਰੀਰ 'ਚ ਰਹਿੰਦਿਆਂ ਜੇ ਮੁਕਤੀ ਨਹੀਂ ਹੋਈ ਤੇ ਮਰ ਕੇ ਮੁਕਤੀ ਕਿਵੇਂ ਹੋਵੇਗੀ? ਜੇ ਸਰੀਰ 'ਚ ਰਹਿੰਦਿਆਂ ਗਿਆਨ ਨਹੀਂ ਹੋਇਆ ਤਾਂ ਮਰ ਕੇ ਗਿਆਨ ਕਿੱਥੋਂ ਹੋ ਜਾਏਗਾ? ਸਰੀਰ ਦੀ ਮੌਤ ਨਾਲ ਗਿਆਨ ਨਹੀਂ ਹੋਣਾ। ਜੇ ਸਰੀਰ 'ਚ ਰਹਿੰਦਿਆਂ ਪ੍ਰਾਪਤੀ ਨਹੀਂ ਹੋਈ, ਤਾਂ ਸਰੀਰ ਛੱਡ ਕੇ ਪ੍ਰਾਪਤੀ ਕਿਵੇਂ ਹੋ ਜਾਵੇਗੀ? ਗੁਰੂ ਦੀ ਕ੍ਰਿਪਾ ਦੇ ਨਾਲ ਜਦੋਂ ਸ਼ਬਦ ਦੀ ਕਮਾਈ ਕਰਨੀ ਹੈ, ਬਚਨ ਆਉਂਦੇ –

ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ ॥
ਜੇ ਕਰਿ ਸਾਹਿਬੁ ਮਨਹੁ ਨ ਵੀਸਰੈ
ਤਾ ਸਹਿਲਾ ਮਰਣਾ ਹੋਇ ॥
ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥
ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥

ਅੰਗ – ੫੫੫

ਜਿਉਂਦਿਆਂ ਮਰਨਾ, ਅੰਦਰੋਂ ਮਰਨਾ। ਉਥੇ ਫੇਰ ਤੂੰ-ਤੂੰ ਦਾ ਨਿਵਾਸ ਹੈ –

ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥
ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥

ਅੰਗ – ੫੫੫

ਜਿਨ੍ਹਾਂ 'ਤੇ ਇਹ ਬਖਸ਼ਿਸ਼ ਹੋ ਗਈ। 'ਮਰਨੇ ਹੀ ਤੇ ਪਾਈਐ।'। ਫੇਰ ਉਹਨਾਂ ਦੇ ਸਾਰੇ ਭੈ ਖਤਮ ਹੋ ਜਾਂਦੇ ਨੇ। ਉਹ ਹਸ-ਹਸ ਕੇ, ਦੇਸ਼ ਵਾਸਤੇ, ਸੰਸਾਰ ਦੇ ਭਲੇ ਵਾਸਤੇ, ਕੌਮ ਵਾਸਤੇ, ਆਪਣਾ ਆਪ ਫੇਰ ਵਾਰਦੇ ਨੇ, ਪਿਆਰਿਓ। ਕਿਉਂਕਿ ਉਹ ਬਖਸ਼ਿਸ਼ ਹੈ, ਸਰੀਰ ਵਿਚ ਰਹਿੰਦਿਆਂ ਪ੍ਰਾਪਤੀ ਹੋ ਗਈ ਹੈ–

ਪ੍ਰਭ ਕੈ ਸਿਮਰਨਿ
ਕਾਲੁ ਪਰਹਰੈ ॥

ਅੰਗ– ੨੬੨

ਸੰਸਾਰ ਡਰਦੈ। ਪਰ ਉਹਨਾਂ ਨੇ ਸਰੀਰ ਵਿਚ ਰਹਿੰਦਿਆਂ, ਗੁਰੂ ਦੀ ਕ੍ਰਿਪਾ ਨਾਲ ਮੌਤ 'ਤੇ ਫਤਹਿ ਪਾ ਲਈ ਹੈ। ਫੇਰ ਉਹਨਾਂ ਨੇ





2021 ਵਿੱਚ ਕਿਸਾਨੀ ਅੰਦੋਲਨ ਸਮੇਂ ਕੁੰਡਲੀ ਬਾਰਡਰ ਉਤੇ ਤਿੰਨ ਸੰਸਥਾਵਾਂ ਵਲੋਂ ਰਲ ਕੇ ਪੱਕੇ ਕੈਂਪ ਲਗਾ ਕੇ 85 ਦੇ ਕਰੀਬ ਲੋੜੀਂਦੀਆਂ ਵਸਤੂਆਂ ਮੁਹੱਈਆ ਕਰਵਾਈਆਂ। ਇਹ ਸੇਵਾਵਾਂ (ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ, ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੋਰਾਂ ਵਾਲੇ ਅਤੇ ਟਰੱਸਟ ਰਤਵਾੜਾ ਸਾਹਿਬ ਵਲੋਂ) ਨਿਭਾਈਆਂ ਗਈਆਂ।




ਸਤੰਬਰ 2025 – ਟਰੱਸਟ ਰਤਵਾੜਾ ਸਾਹਿਬ ਵੱਲੋਂ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਰਾਹਤ ਸਮੱਗਰੀ ਦਾ ਕੈਂਪ ਜਾਰੀ ਹੈ। ਜਿਸ ਦੌਰਾਨ ਪਸ਼ੂਆਂ ਲਈ ਤੂੜੀ, ਚੋਕਰ, ਫੀਡ ਅਤੇ ਚਾਰਾ, ਮੱਛਰਦਾਨੀਆਂ, ਤਰਪਾਲਾਂ, ਸੋਲਰ ਲਾਈਟਾਂ ਅਤੇ ਪਾਣੀ ਆਦਿ ਵਸਤੂਆਂ ਭੇਜੀਆਂ ਗਈਆਂ।

## ਅਭੁੱਲ ਯਾਦਾਂ



# ਅਭੁੱਲ ਯਾਦਾਂ

ਕੁਰਬਾਨੀਆਂ ਕੀਤੀਆਂ ਨੇ ਜਿਹਨਾਂ ਦਾ ਅਰਦਾਸ ਵਿਚ ਨਾਉਂ ਆਉਂਦਾ ਹੈ। ਜਿਨ੍ਹਾਂ ਦੇਗ ਚਲਾਈ, ਤੇਗ ਵਾਹੀ, ਚਰਖੜੀਆਂ 'ਤੇ 'ਚੜ੍ਹੇ, ਬੰਦ-ਬੰਦ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਕਿਉਂਕਿ ਉਹਨਾਂ ਨੂੰ ਉਹ ਬਖਸ਼ਿਸ਼ ਹੋ ਗਈ। ਸਰੀਰ ਵਿਚ ਰਹਿੰਦਿਆਂ ਮੌਤ 'ਤੇ ਫਤਹਿ ਪਾ ਲਈ ਹੈ। ਸਰੀਰ ਵਿਚ ਰਹਿੰਦਿਆਂ ਅਕਾਲ ਮੰਡਲ ਦੇ ਵਾਸੀ ਨੇ –



ਗੁਰਮੁਖਿ ਅੰਤਰਿ ਸਹਜੁ ਹੈ
ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ
ਪ੍ਰਗਾਸੁ ॥ ਅੰਗ – ੧੪੧੪



ਐਸਾ ਜੀਵਨ ਰੱਬ ਦੇ ਪਿਆਰਿਆਂ ਦਾ ਹੁੰਦਾ ਹੈ। ਦੂਸਰਿਆਂ ਵਾਸਤੇ ਹੁੰਦੈ। ਕਿੰਨੇ ਹੀ ਕਾਰਜ ਪਰਉਪਕਾਰ ਦੇ ਕਰਦੇ ਨੇ। ਸਭ ਤੋਂ ਵੱਡਾ ਜਿਹੜਾ ਪਰਉਪਕਾਰ ਰੱਬ ਦੇ ਪਿਆਰੇ ਕਰਦੇ ਨੇ –



ਜਨਮ ਮਰਣ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥ ਅੰਗ – ੭੪੯



ਵਿਛੜੀਆਂ ਰੂਹਾਂ ਨੂੰ ਪ੍ਰਮੇਸ਼ਰ ਨਾਲ ਜੋੜਨਾ। ਹੋਰ ਪਰਉਪਕਾਰ ਦੇ ਕਾਰਜ ਕਰਨੇ। ਜੇਕਰ 1988 'ਚ ਹੜ੍ਹ ਆਏ ਤਾਂ, 1993 'ਚ ਹੜ੍ਹ ਆਏ ਤਾਂ, ਘਰ-ਘਰ ਆਪ ਮਹਾਂਪੁਰਸ਼ ਗਏ। 1988 ਵਿਚ ਆਪ ਜੀ ਵਿਦੇਸ਼ ਸਨ ਲੇਕਿਨ ਆਪ ਜੀ ਨੇ ਬਚਨ ਕੀਤਾ ਤੇ ਰਤਵਾੜਾ ਸਾਹਿਬ ਤੋਂ ਸੰਗਤਾਂ ਨੇ ਜਾ ਕੇ ਸੇਵਾ ਕੀਤੀ। 1993 ਵਿਚ ਘਰ-ਘਰ ਗਏ ਮਹਾਂਪੁਰਸ਼, ਚਿੱਕੜ ਗਾਰਾ ਸੀ, ਬਦਬੋ ਆਉਂਦੀ ਸੀ, ਕਈਆਂ ਨੇ ਸਵਾਲ ਕੀਤਾ ਕਿ ਤੁਸੀਂ ਕੋਠੀਆਂ ਛੱਡ ਕੇ ਇਥੇ ਫਿਰਦੇ ਓ? ਮਹਾਂਪੁਰਸ਼ਾਂ ਦਾ ਬਚਨ ਸੀ ਕਿ ਕਿਸੇ ਦੇ ਮਾਤਾ ਪਿਤਾ ਦਾ ਮਕਾਨ ਢਹਿ ਗਿਆ ਹੋਵੇ, ਦਾਣੇ ਖਤਮ ਹੋ ਗਏ ਹੋਣ, ਕੱਪੜਾ ਕੋਈ ਰਿਹਾ ਨਾ ਹੋਵੇ, ਬਾਹਰ ਬੈਠੇ ਹੋਣ, ਕਿਸੇ ਦਾ ਭੈਣ-ਭਾਈ ਬਾਹਰ ਬੈਠਾ ਹੋਵੇ, ਕਿਸੇ ਦੇ ਬੱਚੇ ਬਾਹਰ ਬੈਠੇ ਹੋਣ? ਉਹ ਕਿਵੇਂ ਕੋਠੀਆਂ ਵਿਚ ਰਹਿ ਸਕਦਾ ਹੈ। ਇਹ ਸਾਡੇ ਮਾਤਾ ਪਿਤਾ ਨੇ, ਇਹ ਸਾਡੇ ਭੈਣ ਭਾਈ ਨੇ। ਇਹ ਸਾਡੇ ਬੱਚੇ ਨੇ, ਇਹ ਸਾਡਾ ਪਰਿਵਾਰ ਹੈ।



# ਅਭੁੱਲ ਯਾਦਾਂ










ਅਸੀਂ ਕੋਠੀਆਂ ਵਿਚ ਨਹੀਂ ਰਹਿ ਸਕਦੇ। ਸਕੂਲਾਂ ਦੇ ਬੱਚਿਆਂ ਨੂੰ ਕਿਤਾਬਾਂ, ਬੂਟ ਵੰਡੇ। ਘਰ-ਘਰ ਜਾ ਕੇ ਹੋਰ ਵਸਤਾਂ ਵੰਡੀਆਂ। ਇਥੇ ਹੀ ਬਸ ਨਹੀਂ, 2001 'ਚ ਜਿਸ ਵੇਲੇ ਗੁਜਰਾਤ ਭੁਚਾਲ ਆਇਆ ਸੀ, ਦਾਸ ਨਾਲ ਕਰੀਬ 150 ਸਿੰਘ ਸੀ, ਮਹਾਂਪੁਰਸ਼ਾਂ ਨੇ ਸੇਵਾ ਲਾਈ ਸੀ। ਰਾਪਰ ਤਹਿਸੀਲ ਦੇ 32 ਪਿੰਡ ਲਏ ਗਏ, ਮਹਾਂਪੁਰਸ਼ਾਂ ਵਲੋਂ। ਉਸ ਵੇਲੇ ਕਈਆਂ ਪਰਿਵਾਰਾਂ ਦਾ ਤਾਂ ਕੋਈ ਵਿਰਲਾ ਹੀ ਜੀਅ ਬਚਿਆ ਸੀ। ਜਿਹੜੇ ਬਚੇ ਸੀ ਉਹਨਾਂ ਦੇ ਘਰ ਨਹੀਂ ਸੀ ਬਚੇ। ਕਈਆਂ ਨੇ ਇਹ ਵੀ ਕਿਹਾ ਕਿ ਉਥੇ ਕੀ ਲੋੜ ਹੈ? ਉਥੇ ਕਿਹੜਾ ਸਿੱਖ ਵਸਦੇ ਨੇ? ਸਿੱਖ ਤਾਂ ਕੋਈ ਵਿਰਲਾ ਹੋਏਗਾ ਪਰ ਮਹਾਂਪੁਰਸ਼ਾਂ ਅੰਦਰ ਕੀ ਸੀ ਉਸ ਬਾਰੇ -



ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥ ਅੰਗ - ੧੨੯੯



ਅਸੀਂ ਤਾਂ ਰੱਬ ਦੀ ਸੇਵਾ ਕਰ ਰਹੇ ਹਾਂ। ਇਥੇ ਬੇਗਾਨਾ ਕੋਈ ਨਹੀਂ। ਇਹ ਵੀ ਸੀ ਮੀਟਿੰਗ ਹੋ ਕੇ, ਇਸ ਤਰ੍ਹਾਂ ਹੀ ਕੋਈ ਗੱਲ ਉਥੇ ਚੱਲੀ ਤੇ ਮੀਟਿੰਗ ਸਮਾਪਤ ਹੋ ਗਈ ਕਿ ਨਹੀਂ ਜਾਣਾ, ਤੜਕੇ ਚਾਰ ਵਜੇ ਦਾਸ ਨੂੰ ਫੋਨ ਆ ਗਿਆ ਮਹਾਂਪੁਰਸ਼ਾਂ ਦਾ, ਕਹਿਣ ਲੱਗੇ, ਬੇਟਾ! ਸਾਰੀ ਰਾਤ ਇਕ ਸਕਿੰਟ ਵੀ ਅਸੀਂ ਅਰਾਮ ਨਹੀਂ ਕੀਤਾ। ਗੁਜਰਾਤ ਜਾਣਾ ਸੀ, ਕਿਉਂ ਮੀਟਿੰਗ ਰੱਦ ਹੋਈ? ਕਿਉਂ ਇਹ ਹੋਇਆ







ਕਿ ਨਹੀਂ ਜਾਣਾ? ਹੁਣੇ ਫੋਨ ਕਰੋ ਕਿ ਜਾਣਾ ਹੈ। ਬਹੁਤ ਸਾਰੇ ਪ੍ਰੇਮੀ ਘਰਾਂ ਵਿਚ ਵੀ ਨਹੀਂ ਸੀ ਪਹੁੰਚੇ। ਸ਼ਾਮ ਨੂੰ ਗਏ ਨੇ, ਕਈ ਰਾਹ 'ਚ ਰਹਿ ਗਏ। ਪਰ ਮਹਾਂਪੁਰਸ਼ਾਂ ਨੇ ਕਿਹਾ ਕਿ ਜਾਣਾ ਹੀ ਜਾਣਾ ਹੈ। ਉਹ ਜਿਹੜੇ ਖਤਮ ਹੋਏ ਨੇ ਉਹ ਸਾਡੇ ਪਰਿਵਾਰਾਂ ਦੇ ਖਤਮ ਹੋਏ ਨੇ। 32 ਪਿੰਡ ਮਹਾਂਪੁਰਸ਼ਾਂ ਵਲੋਂ ਲਏ ਗਏ। 1 ਕਰੋੜ 27 ਲੱਖ ਦਾ ਸਮਾਨ ਉਸ ਵੇਲੇ ਵੰਡਿਆ ਗਿਆ ਸੀ। ਇਸੇ ਤਰ੍ਹਾਂ ਸਮਾਂ ਆਇਆ, ਦਾਸ ਕਈ ਵਾਰੀ ਬੇਨਤੀ ਕਰਦੈ ਕਿ ਜੋ ਪਰਉਪਕਾਰ ਦੇ ਕਾਰਜ, ਮਹਾਂਪੁਰਸ਼ਾਂ ਦੇ ਸਰੀਰ ਅਲੋਪ ਹੋਣ ਤੋਂ ਬਾਅਦ ਨੇ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਤੇ ਮਹਾਂਪੁਰਸ਼ਾਂ ਦੀਆਂ ਕਮਾਈਆਂ ਕਰਕੇ ਨੇ। ਜੇ ਤਾਮਿਲਨਾਡੂ ਵਿਚ ਸੁਨਾਮੀ ਲਹਿਰਾਂ ਆਈਆਂ ਤਾਂ ਭਾਈ ਉਥੇ ਕਿੰਨੀ ਸੇਵਾ ਹੋਈ ਹੈ। ਇਥੇ ਹੀ ਬਸ ਨਹੀਂ ਨੇਪਾਲ ਵਿਚ ਭੁਚਾਲ ਆਏ, ਉਥੇ ਵੀ ਰਤਵਾੜਾ ਸਾਹਿਬ ਵਲੋਂ ਸਿੰਘ ਗਏ। ਫੇਰ ਕਰੋਨਾ ਆਇਆ। ਇਹਦੇ ਵਿਚ ਵੀ 27 ਪਿੰਡਾਂ ਦੀ ਸੇਵਾ ਹੋਈ ਰਤਵਾੜਾ ਸਾਹਿਬ ਵਲੋਂ। ਸੁਲਤਾਨਪੁਰ ਦੇ ਇਲਾਕੇ ਵਿਚ ਹੜ੍ਹ ਆਏ, ਰਤਵਾੜਾ ਸਾਹਿਬ ਵਲੋਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ, ਮਹਾਂਪੁਰਸ਼ਾਂ ਦੀ ਕ੍ਰਿਪਾ ਤੇ ਕਮਾਈ ਹੈ, 12 ਪਿੰਡਾਂ ਵਿਚ ਮੱਛਰਦਾਨੀਆਂ ਤੇ ਬਿਸਤਰੇ ਵੰਡੇ ਗਏ, ਸਾਧਸੰਗਤ ਜੀ। ਇਨ੍ਹਾਂ ਪਰਉਪਕਾਰ ਦੇ ਕਾਰਜਾਂ ਵਿਚ ਹੀ ਕਿਤੇ ਹਰ ਸਾਲ ਫਰੀ ਦਵਾਈ ਦਿਤੀ ਜਾਂਦੀ ਹੈ। ਬੀ.ਐਡ ਕਾਲਜ ਹੈ, ਨਰਸਿੰਗ ਕਾਲਜ ਹੈ, ਦੋ ਸਕੂਲ ਹਨ, ਨਾਲ ਗੁਰਬਾਣੀ, ਧਾਰਮਿਕ ਵਿਦਿਆ ਵੀ ਦਿਤੀ ਜਾਂਦੀ ਹੈ। ਕਈਆਂ ਦੇ ਮਨ ਵਿਚ ਹੁੰਦੈ ਕਿ ਬਾਹਰਲੇ ਦੇਸ਼ਾਂ ਵਿਚ ਜਾਂਦੇ ਨੇ, ਕਿਸੇ ਗੁਰਦੁਆਰੇ ਤੋਂ ਮਾਇਕ ਸਿਰੋਪਾਉ ਨਹੀਂ ਲੈਂਦੇ, ਕੰਮ ਕਿਵੇਂ ਚਲਦੇ ਨੇ? ਮੈਨੂੰ ਵੀ ਸਵਾਲ ਕੀਤੇ ਜਾਂਦੇ ਨੇ ਕਿ ਤੁਹਾਡੇ ਕੰਮ ਕਿਵੇਂ ਚਲਦੇ ਨੇ? ਮੇਰੀ ਇਕੋ ਹੀ ਬੇਨਤੀ ਹੁੰਦੀ ਹੈ ਕਿ ਸਾਡੇ ਕੰਮ ਨਹੀਂ, ਇਹ ਤਾਂ ਗੁਰੂ ਦੇ ਕਾਰਜ ਹਨ, ਗੁਰੂ ਦੀ ਕ੍ਰਿਪਾ ਨਾਲ ਹੀ ਚਲਦੇ ਨੇ। ਸਾਡੇ ਹੁੰਦੇ, ਕੀ ਅਸੀਂ ਚਲਾ ਸਕਦੇ ਸੀ? ਇਹ ਤਾਂ ਗੁਰੂ ਦੇ ਨੇ, ਉਹਨਾਂ ਮਹਾਂਪੁਰਸ਼ਾਂ ਦੀਆਂ ਕਮਾਈਆਂ ਨੇ। ਜਿਨ੍ਹਾਂ ਦੇ ਅੰਦਰ ਮਹਾਂਪੁਰਸ਼ਾਂ ਦੇ ਬਚਨ ਵਸੇ ਨੇ, ਉਹਨਾਂ ਦਾ ਜੀਵਨ ਕਿਸ ਤਰ੍ਹਾਂ ਦਾ ਹੈ? ਬਾਬਾ ਹਰਪਾਲ ਸਿੰਘ ਜੀ ਦਸ ਰਹੇ ਸੀ ਕਿ ਕੈਲੇਫੋਰਨੀਆਂ ਤੋਂ ਡਾਕਟਰ ਤੇ ਹੋਰ ਉਹਨਾਂ ਦੇ ਸਾਥੀ 'ਆਤਮ ਮਾਰਗ' ਵਿਚ ਕਿਵੇਂ ਹਜ਼ਾਰਾਂ ਡਾਲਰ ਪਾਉਂਦੇ ਨੇ। 'ਆਤਮ ਮਾਰਗ' 300 ਦੀ ਜਗ੍ਹਾਂ ਸਮਾਗਮ ਵਿਚ 100 ਰੁਪਏ ਦਾ ਦਿਤਾ ਜਾ ਰਿਹਾ ਹੈ। ਇਹ ਤਾਂ ਉਹਨਾਂ ਵਲੋਂ ਸ਼ਬਦ ਲੰਗਰ ਵੰਡਿਆ ਜਾ ਰਿਹਾ ਹੈ। ਅਮਰੀਕਾ ਵਾਲੇ ਸਿੰਘ ਆਪਣੀ ਕਮਾਈ 'ਚੋਂ ਸੇਵਾ ਕਰ ਰਹੇ ਨੇ। ਅੱਖਾਂ ਦਾ ਫਰੀ ਕੈਂਪ ਹਰ ਸਾਲ ਲਗਦਾ ਹੈ। ਪਿਛਲੇ ਸਾਲ ਵੀ 500 ਤੋਂ ਵੱਧ ਸਰਜਰੀਆਂ ਹੋਈਆਂ ਸੀ। ਹੁਣ ਇਸ ਸਾਲ ਵੀ ਸ਼ਾਇਦ 586 ਹੋਈਆਂ ਨੇ। ਜਿਵੇਂ 'ਆਤਮ ਮਾਰਗ' ਦੀ ਸੇਵਾ ਅਮਰੀਕਾ ਵਾਲੇ ਸਿੰਘ ਕਰਦੇ ਨੇ ਇਸੇ ਤਰ੍ਹਾਂ ਅੱਖਾਂ ਦੇ ਫਰੀ ਕੈਂਪ, ਇੰਗਲੈਂਡ ਦੇ ਪ੍ਰੇਮੀ ਭਾਈ ਮੱਖਣ ਸਿੰਘ, ਭਾਈ ਰਾਜ, ਉਨ੍ਹਾਂ ਦੇ ਭਰਾ, ਹੋਰ ਉਹਨਾਂ ਦੇ ਸਾਥੀ ਨੇ, ਉਹਨਾਂ ਵਲੋਂ ਇਹ ਸਾਰੀ ਸੇਵਾ ਕੀਤੀ ਜਾਂਦੀ ਹੈ। ਹੋਰ ਦੂਰ ਨੇੜੇ ਦੀਆਂ ਸੰਗਤਾਂ ਆਪਣੀ ਕਿਰਤ ਕਮਾਈ ਵਿਚੋਂ ਸੇਵਾ ਕਰਦੀਆਂ ਨੇ। ਸਮਾਗਮ ਵਾਸਤੇ ਵੀ ਮਾਇਆ ਲਈ ਕੋਈ ਅਨਾਉਂਸਮੈਂਟ ਨਹੀਂ ਕੀਤੀ ਜਾਂਦੀ। ਆਪਣੀ-ਆਪਣੀ ਸੇਵਾ ਸਭ ਨੇ ਲਈ ਹੋਈ ਹੈ। ਅਸੀਂ ਤਾਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਕੂਕਰ ਹਾਂ। ਦਰ ਦੇ ਸੇਵਾਦਾਰ ਬਣ ਕੇ, ਖੜ੍ਹੇ ਹਾਂ ਸਾਰੇ।

ਹੁਣ ਵੀ ਜਿੰਨੇ ਪਰਉਪਕਾਰ ਦੇ ਕਾਰਜ ਹੋ ਰਹੇ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਨਾਲ ਹੋ ਰਹੇ ਨੇ। ਚਾਹੇ ਸਕੂਲ ਬਣ ਰਹੇ ਨੇ, ਕੈਂਪ ਲਗ ਰਹੇ ਨੇ, ਕਾਲਜ ਬਣ ਰਹੇ ਨੇ, ਫਰੀ ਦਵਾਈਆਂ ਦਿਤੀਆਂ ਜਾ ਰਹੀਆਂ ਨੇ। ਸਾਡੀ ਤੇ ਸਭ ਦੀ ਇਕੋ ਹੀ ਅਰਦਾਸ ਹੈ ਸਾਡੀ ਨਿਭ ਜਾਵੇ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*
*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਸਾਡੀ ਇਹ ਅਰਦਾਸ ਹੈ, ਸਾਡੀ ਨਿਭ ਜਾਵੇ।

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*

*ਅੰਗ - ੬੯੪*

ਸਾਰਾ ਜੀਵਨ ਪਰਉਪਕਾਰ ਦੇ ਕਾਰਜ ਅਤੇ ਫੇਰ ਹੁਣ ਸਮਾਂ ਆ ਗਿਆ। ਬਿਰਧ ਅਵਸਥਾ ਆ ਗਈ। ਆਮ ਬਚਨ ਕਰਿਆ ਕਰਦੇ - ***'ਦਿਨ ਥੋੜ੍ਹੇ ਰਹਿ ਗਏ, ਭਇਆ ਪੁਰਾਣਾ ਚੋਲਾ।'***

ਆਪ ਜੀ ਨੇ, ਇਥੇ ਜਿਹੜਾ ਵੱਡਾ ਸਮਾਗਮ ਹੁੰਦਾ, ਸਰੀਰ ਛੱਡਣ ਤੋਂ ਪਹਿਲਾਂ ਜਿਹੜਾ ਸਮਾਗਮ ਹੋਇਆ, ਉਸ ਵੇਲੇ ਬਚਨ ਕੀਤਾ ਸੀ 'ਆਰ ਵਿਚ ਸੰਗਤ ਹੈ, ਪਾਰ ਵਿਚ ਮੇਰਾ ਪਿਆਰਾ ਹੈ। ਸੰਗਤ ਵੀ ਰੱਬ ਦਾ ਰੂਪ ਹੈ। ਜਦੋਂ ਮੈਨੂੰ ਪਿਆਰੇ ਦਾ ਹੁਕਮ ਆ ਗਿਆ, ਮੈਂ ਸੰਗਤ ਕੋਲੋਂ ਖਿਮਾ ਮੰਗ ਲਵਾਂਗਾ। ਛੋਟੇ ਤੋਂ ਛੋਟੇ ਬੱਚੇ ਨੂੰ 'ਤੁਸੀਂ' ਕਰਕੇ ਬੁਲਾਉਂਦੇ ਸੀ। ਆਪ ਜੀ ਨੇ ਬਚਨ ਕੀਤਾ, ਇਧਰ ਸੰਗਤ ਰੱਬ ਰੂਪ ਪਿਆਰ ਹੀ ਪਿਆਰ। ਓਧਰ ਪਿਆਰਾ ਹੈ। ਕਹਿਣ ਲੱਗੇ, ਜਦੋਂ ਮੈਨੂੰ ਮੇਰੇ ਪਿਆਰੇ ਦਾ ਹੁਕਮ ਆਇਆ ਮੈਂ ਸੰਗਤ ਕੋਲੋਂ ਖਿਮਾ ਮੰਗ ਲਵਾਂਗਾ। ਵਾਹਿਗੁਰੂ ਦੇ ਪਿਆਰੇ ਉਸ ਮਾਲਕ ਦਾ ਹੁਕਮ ਨਹੀਂ ਟਾਲ਼ਦੇ ਕਦੇ ਵੀ ਸਾਧਸੰਗਤ ਜੀ। ਸਦਾ ਹੀ ਮੰਨਦੇ ਨੇ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*

*ਅੰਗ- ੧*

ਸਮਾਂ ਫੇਰ ਨੇੜੇ ਜਾ ਰਿਹੈ। ਆਪ ਜੀ ਪੀ.ਜੀ.ਆਈ ਦਾਖਲ ਹੋਏ। ਉਥੇ ਇਸ ਤਰ੍ਹਾਂ ਰਹਿੰਦੇ ਸਨ ਜਿਵੇਂ ਬਿਲਕੁਲ ਤੰਦਰੁਸਤ ਨੇ। ਦਸਤਾਰ ਸਜਾਉਂਦੇ, ਵਸਤਰ ਪਾਉਂਦੇ, ਅਖਬਾਰ ਵੀ ਪੜ੍ਹਦੇ, ਅੰਮ੍ਰਿਤ ਵੇਲੇ ਨਿਤਨੇਮ, ਬਾਣੀ ਸੁਣਨੀ, ਪੜ੍ਹਨੀ ਤੇ ਜਿਹੜਾ ਭੋਜਨ ਪੀ.ਜੀ.ਆਈ ਵਾਲੇ ਦਿੰਦੇ ਸੀ, ਉਹ ਨਹੀਂ ਸੀ ਛਕਦੇ। ਇਥੋਂ ਸ੍ਰੀ ਮਾਨ ਬਾਬਾ ਕਰਨੈਲ ਸਿੰਘ ਜੀ ਲੈ ਕੇ ਜਾਂਦੇ ਸੀ ਪ੍ਰਸ਼ਾਦਾ। ਡਾਕਟਰ ਕਹਿੰਦੇ, 28 ਤਰੀਖ ਨੂੰ ਛੁੱਟੀ ਦੇ ਦੇਣੀ ਹੈ। ਮਹਾਂਪੁਰਸ਼ਾਂ ਦੀਆਂ ਦੋਵੇਂ ਬੇਟੀਆਂ ਵੀ ਆਈਆਂ ਹੋਈਆਂ ਸਨ। ਸਿੰਘ, ਕੁਝ ਰਾਤ ਨੂੰ ਰਹਿੰਦੇ, ਕੁਝ ਦਿਨੇ ਰਹਿੰਦੇ। ਡਾਕਟਰ ਕਹਿੰਦੇ 28 ਨੂੰ ਛੁੱਟੀ ਕਰ ਦੇਣੀ ਹੈ, ਪਰ ਮਹਾਂਪੁਰਸ਼ ਕਹਿੰਦੇ, 31 ਨੂੰ ਅਸੀਂ ਆਪਣੇ ਘਰ ਜਾਣੈ। 30 ਰਾਤ ਦਾ ਬਚਨ ਹੈ, ਪਹਿਲਾਂ ਤਾਂ ਸਾਨੂੰ ਸ਼ਾਮ ਨੂੰ, ਜਿਹੜੇ ਦਿਨ ਦੇ ਪ੍ਰੇਮੀ ਹੁੰਦੇ ਉਹਨਾਂ ਨੂੰ ਰਾਤ ਨੂੰ ਛੇਤੀ ਭੇਜ ਦਿੰਦੇ। ਉਸ ਦਿਨ 30 ਰਾਤ ਨੂੰ ਆਗਿਆ ਨਹੀਂ ਦਿਤੀ, ਰਾਤ ਦੇ 10 ਵਜੇ ਕਾਫੀ ਲੇਟ ਜਾ ਕੇ ਕਹਿੰਦੇ, ਹੁਣ ਤੁਸੀਂ ਜਾਓ। ਦਾਸ ਸਵੇਰੇ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਕਰ ਰਿਹਾ ਸੀ ਤੇ ਭਾਈ ਸੁਖਵਿੰਦਰ ਸਿੰਘ ਜੀ ਗਏ, ਭਾਈ ਜਸਵਿੰਦਰ ਸਿੰਘ ਘੋਲਾ ਜੀ ਰਾਹੀਂ ਸੁਨੇਹਾ ਭੇਜਿਆ ਕਿ ਇਕ ਦਮ ਬੁਲਾਇਆ। ਗਏ ਉਥੇ, ਬਾਕੀ ਸਿੰਘ ਵੀ ਇਕੱਠੇ ਹੋਏ-ਹੋਏ ਸੀ। ਮਹਾਂਪੁਰਸ਼ ਉਸ ਵੇਲੇ ਬਿਲਕੁਲ ਸਹੀ ਬਚਨ ਕਰ ਰਹੇ ਸੀ ਤੇ ਨਾਲ ਬਚਨ ਕੀ ਕੀਤਾ ਕਿ ਹੁਣ ਕੋਈ ਡਾਕਟਰਾਂ ਦਾ ਕੰਮ ਨਹੀਂ ਰਿਹਾ।

ਸਮਾਂ ਜਿਹੜਾ ਸੀ, ਉਹ ਨਜ਼ਦੀਕ ਆ ਰਿਹਾ ਸੀ, ਜਿਹੜਾ ਅਸੀਂ ਨਾ ਦੇਖਣਾ ਚਾਹੁੰਦੇ ਸੀ, ਨਾ ਸੁਣਨਾ ਚਾਹੁੰਦੇ ਸੀ। ਪਰ ਉਹ ਸਮਾਂ ਆ ਜਾਂਦੈ ਸਾਧਸੰਗਤ ਜੀ।

*ਸਮਾਂ ਰੋਕਿਆਂ ਕਦੇ ਵੀ ਰੁਕਦਾ ਨਹੀਂ।*
*ਯਤਨ ਕਰੀਏ ਭਾਵੇਂ ਲੱਖ ਹਜ਼ਾਰਾਂ ਜੀ।*

ਭਾਈ ਡਾ. ਵੀਰ ਸਿੰਘ ਜੀ ਤਾਂ ਇਸ ਤਰ੍ਹਾਂ ਕਹਿੰਦੇ ਨੇ -

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਅਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੋਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ,*
*ਲੰਘ ਗਿਆ ਨ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥*
*ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ਅੰਗ - ੬੪*

ਜਿਥੇ ਆਪ ਜੀ ਨੇ ਬਚਨ ਕੀਤਾ ਕਿ ਡਾਕਟਰਾਂ ਦਾ ਕੋਈ ਕੰਮ ਨਹੀਂ ਤੇ ਕੁਝ ਸਮੇਂ ਬਾਅਦ ਦਾਸ ਦੇ ਨਾਲ ਕੁਝ ਹੋਰ ਸਿੰਘ ਵੀ ਸਨ। ਮਹਾਂਪੁਰਸ਼ਾਂ ਦੀਆਂ ਬੇਟੀਆਂ ਵੀ ਸਨ। ਮਹਾਂਪੁਰਸ਼ਾਂ ਨੇ ਬਚਨ ਕੀਤਾ, ਦਾਸ ਵਲ ਦ੍ਰਿਸ਼ਟੀ ਕਰਦਿਆਂ ਕਹਿੰਦੇ, ਥੋੜ੍ਹੀ ਦੇਰ ਨੂੰ ਤੁਸੀਂ ਕਹੋਂਗੇ ***'ਬਾਬਾ ਬੋਲਤੇ ਤੇ ਕਹਾਂ ਗਏ।'*** ਚੌਪਈ ਸਾਹਿਬ ਦਾ ਪਾਠ ਸਾਰਿਆਂ ਨੇ ਕੀਤਾ। ਉਸ ਵੇਲੇ ਉਪਦੇਸ਼ ਦਿਤਾ ਮਹਾਂਪੁਰਸ਼ਾਂ ਨੇ ਇਸ ਤਰ੍ਹਾਂ -

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥ ੧ ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥ਅੰਗ- ੫੫*

ਉਸ ਤੋਂ ਬਾਅਦ ਆਪ ਜੀਆਂ ਨੇ ਤਿੰਨ ਵਾਰ - ਸਤਿਨਾਮੁ ਵਾਹਿਗੁਰੂ, ਸਤਿਨਾਮੁ ਵਾਹਿਗੁਰੂ, ਸਤਿਨਾਮੁ ਵਾਹਿਗੁਰੂ ਕਿਹਾ। ਇਹ ਉਪਦੇਸ਼ ਸਾਨੂੰ ਦਿਤਾ ਉਹਨਾਂ ਨੇ। ਜਿਵੇਂ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਬਚਨ ਕਰਿਆ ਕਰਦੇ ਸਨ, ਪ੍ਰੇਮੀਓ! ਦੋ

ਗੱਲਾਂ ਭੁਲਾਓ, ਦੋ ਯਾਦ ਰੱਖੋ। ਕਿਸੇ ਨਾਲ ਨੇਕੀ ਕਰਕੇ ਭੁੱਲ ਜਾਓ ਕਿਸੇ ਨੇ ਮਾੜਾ ਕੀਤਾ ਹੈ, ਬਦਲੇ ਦੀ ਭਾਵਨਾ ਮਨ ਵਿਚ ਨਾ ਰੱਖੋ। ਯਾਦ ਰੱਖੋ ਇਕ ਮੌਤ ਤੇ ਇਕ ਵਾਹਿਗੁਰੂ। ਮਹਾਂਪੁਰਸ਼ਾਂ ਨੇ ਵੀ ਇਹ ਉਪਦੇਸ਼ ਦਿਤਾ। ਪਹਿਲਾਂ ਪੂਰਾ ਗਾ ਕੇ ਪੜ੍ਹਿਆ, 'ਪੈ ਜੂ ਅਚਿੰਤਾ ਜਾਲ ਇਕ ਦਿਨ ਪੈ ਜੂ-ਇਕ ਦਿਨ ਪੈ ਜੂ।' ਫੇਰ ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ-ਸਤਿਨਾਮੁ ਵਾਹਿਗੁਰੂ। ਦਾਸ ਨੇ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕੀਤਾ। ਸਾਰੇ, ਮਹਾਂਪੁਰਸ਼ਾਂ ਦੇ ਉਸ ਵੇਲੇ ਦਰਸ਼ਨ ਕਰ ਰਹੇ ਨੇ। ਕੋਈ ਵੀ ਨਹੀਂ ਚਾਹੁੰਦਾ ਕਿ ਅਗਲਾ ਸਮਾਂ ਆਵੇ। ਪਰ ਸਮਾਂ ਆ ਜਾਂਦਾ ਹੈ, ਸਾਧਸੰਗਤ ਜੀ।

ਆਪ ਜੀ ਨੇ, ਜਿਸ ਵੇਲੇ ਸੁਖਮਨੀ ਸਾਹਿਬ ਆਰੰਭ ਹੋਇਆ, ਬੈਠੇ ਗੋਡਿਆਂ 'ਤੇ ਹੱਥ ਰੱਖ ਲਏ ਨੇ, ਨੇਤਰ ਬੰਦ ਕਰਕੇ ਬੈਠੇ ਸੀ, ਫੇਰ ਸਹਿਜ-ਸਹਿਜ ਪਿੱਛੇ ਨੂੰ ਢਾਸਣਾ ਲਾਇਆ। ਜਦੋਂ ਇਹ ਬਚਨ ਸੁਖਮਨੀ ਸਾਹਿਬ ਦਾ ਆਇਆ ਕਿ -

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ- ੨੯੦*

ਉਸ ਵੇਲੇ ਆਪ ਜੀ ਨੇ ਭਾਣਾ ਵਰਤਾਅ ਦਿਤਾ। ਫੇਰ ਸੰਗਤਾਂ ਦੇ ਨੇਤਰਾਂ 'ਚੋਂ ਹੰਝੂ ਜਾ ਰਹੇ ਸੀ। ਉਸ ਵੇਲੇ ਤਾਂ ਸਾਧਸੰਗਤ ਜੀ ਆਹ ਹਾਲ ਇਕ ਦਾ ਨਹੀਂ, ਸਭ ਦਾ ਇਸ ਪ੍ਰਕਾਰ ਹੋਇਆ - ਧਾਰਨਾ - ***'ਸਾਨੂੰ ਭੁੱਲ ਗਏ ਮਾਲਾ ਦੇ ਮਣਕੇ, ਹੰਝੂਆਂ ਦੀ ਮਾਲਾ ਫੇਰਦੇ।'***

*ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥*
*ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥ ਅੰਗ- ੨੩*

ਹਰ ਨੇਤਰ 'ਚੋਂ ਪਿਆਰ ਦਾ ਜਲ ਬਹਿ ਰਿਹੈ। ਇਹ ਸਮਾਂ ਆਉਣ ਤੋਂ ਪਹਿਲਾਂ ਕੁਝ 9 ਕੁ ਵਜੇ ਦੇ ਕਰੀਬ, ਆਪ ਜੀਆਂ ਨੇ ਪ੍ਰਬੰਧ ਦੇ ਵੀ ਸਾਰੇ ਬਚਨ ਕੀਤੇ, ਸੇਵਾ ਬਖਸ਼ੀਆਂ। ਆਪ ਜੀਆਂ ਨੇ ਆਪਣੇ ਸਰੀਰ ਦੇ ਹੁੰਦਿਆਂ ਕਿਹਾ ਸੀ ਕਿ ਸਾਡਾ ਸਰੀਰ ਜਲ ਪ੍ਰਵਾਹ ਨਹੀਂ ਕਰਨਾ, ਸਸਕਾਰ ਕਰਨਾ ਹੈ। ਇਹ ਮਹਾਂਪੁਰਸ਼ਾਂ ਦੇ ਬਚਨ ਨੇ। ਫੇਰ ਭਾਅ ਜੀ ਮਨਜੀਤ ਸਿੰਘ ਜੀ ਵੀ ਆ ਗਏ। ਜਿਵੇਂ ਮਹਾਂਪੁਰਸ਼ਾਂ ਦਾ ਬਚਨ ਸੀ, ਆਪ ਜੀਆਂ ਦੀਆਂ ਅਸਥੀਆਂ ਜਿਹੜੀਆਂ ਸਨ, ਕੀਰਤਪੁਰ ਸਾਹਿਬ ਜਾ ਕੇ ਜਲ ਪ੍ਰਵਾਹ ਕੀਤੀਆਂ। ਸੋ ਸਰੀਰ ਕਰਕੇ ਵੀ ਵਿਛੋੜਾ ਝੱਲਣਾ ਬੜਾ ਔਖਾ ਹੈ। ਵੈਸੇ ਤਾਂ ਸਦਾ ਨਾਲ ਨੇ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ - ੨੭੩*

ਪਰ ਸਰੀਰ ਦਾ ਵਿਛੋੜਾ ਝੱਲਣਾ ਵੀ ਬੜਾ ਔਖਾ ਹੁੰਦੈ। ਆਪਾਂ ਉਹਨਾਂ ਦੇ ਬਚਨਾਂ ਦੀ ਕਮਾਈ ਕਰੀਏ। ਉਹ ਸਦਾ ਹੀ ਨਾਲ ਹਨ। ਉਹਨਾਂ ਨੇ ਸਾਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ ਹੈ।

ਦਸਮ ਪਾਤਸ਼ਾਹ ਜੀ ਨੇ ਪੰਜ ਭੂਤਕ ਸਰੀਰ ਤਿਆਗ ਕਰਨ ਦੇ ਸਮੇਂ ਕਿਹਾ ਸੀ, ਸਥੂਲ ਸਰੀਰ ਸੰਜੋਗ ਵਿਯੋਗ, ਈਸਰ ਨੇਤ ਚੌਦਹ ਲੋਗ ਪਿਆਰਿਓ ਜਿਹੜਾ ਸਥੂਲ ਸਰੀਰ ਹੈ, ਇਹ ਸੰਜੋਗ ਵੀ ਹੈ, ਵਿਯੋਗ ਵੀ ਹੈ, ਮਿਲਾਪ ਵੀ ਹੈ, ਵਿਛੋੜਾ ਵੀ ਹੈ। ਇਹਦਾ ਭਾਵ ਕੀ ਸੀ? ਦਸਮ ਪਾਤਸ਼ਾਹ ਨੇ ਜੋ ਕ੍ਰਿਪਾ ਕੀਤੀ ਉਹ ਬਚਨ ਸਨ ਵਿਛੋੜਾ ਸਰੀਰ ਦਾ ਪੈਂਦਾ ਹੈ, ਗੁਰੂ ਦਾ ਕਦੇ ਵਿਛੋੜਾ ਨਹੀਂ ਪੈਂਦਾ। ਇਹ ਮਹਾਂਪੁਰਸ਼ਾਂ ਨੇ ਸਾਨੂੰ ਸ਼ਬਦ ਗੁਰੂ ਨਾਲ ਜੋੜਿਆ ਹੈ, ਪਿਆਰਿਓ। ਉਹਨਾਂ ਦੀਆਂ ਜੇ ਅਸੀਸਾਂ ਲੈਣੀਆਂ ਨੇ ਤਾਂ ਉਹਨਾਂ ਦੇ ਬਚਨਾਂ ਦੀ ਕਮਾਈ ਕਰੀਏ। ਜਿਨ੍ਹਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ ਉਹ ਭਾਗਾਂ ਵਾਲੇ ਨੇ, ਜਿਨ੍ਹਾਂ ਨੇ ਨਹੀਂ ਛਕਿਆ, ਉਹ ਖੰਡੇ ਬਾਟੇ ਦਾ ਅੰਮ੍ਰਿਤ ਛਕੋ ਤੇ ਉਹ ਬਚਨ ਗੁਰੂ ਦਾ ਯਾਦ ਰੱਖੋ ਕਿਉਂਕਿ ਜਿਥੇ ਵੀ ਆਪ ਜੀ ਗਏ ਨੇ ਆਪ ਜੀ ਨੇ ਆਹ ਬਚਨ ਸਾਡੇ ਹਿਰਦੇ 'ਚ ਵਸਾਇਆ ਹੈ-

*ਆਗਿਆ ਭਈ ਅਕਾਲ ਕੀ,*
*ਤਬੈ ਚਲਾਇਓ ਪੰਥ।*
*ਸਭ ਸਿੱਖਨ ਕੋ ਹੁਕਮ ਹੈ,*
*ਗੁਰੂ ਮਾਨਿਓ ਗ੍ਰੰਥ।*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ - ੯੮੨*

ਕੋਟਨ-ਕੋਟਾਨ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਨਮਸ਼ਕਾਰ ਹੈ। ਦਾਸ ਕੋਲ ਗੁਰਬਾਣੀ ਪੜ੍ਹਦਿਆਂ, ਗੁਰਮਤਿ ਵਿਚਾਰਾਂ ਕਰਦਿਆਂ, ਇਕ ਨਹੀਂ ਅਨੇਕਾਂ ਭੁੱਲਾਂ ਹੋ ਗਈਆਂ ਹੋਣਗੀਆਂ। ਅਣਜਾਣ ਸਮਝ ਕੇ ਆਪ ਜੀ ਨੇ ਖਿਮਾ ਕਰਨੀ।

***ਵਾਹਿਗੁਰੂ ਜੀ ਕਾ ਖ਼ਾਲਸਾ॥***

***ਵਾਹਿਗੁਰੂ ਜੀ ਕੀ ਫ਼ਤਹਿ॥***

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

**(ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਵਾਹਿਗੁਰੂ ਜੀ ਦੀ ਮਹਾਨ ਮੇਹਰ ਹੈ ਕਿ ਜਦੋਂ ਸੰਸਾਰ ਘੂਕ ਨੀਂਦ ਵਿਚ ਸਖੋਪਤ ਅਵਸਥਾ ਵਿਚ ਰਾਤ ਲੰਘਾ ਰਿਹਾ ਹੈ ਤੁਸੀਂ ਨੀਂਦ ਅਤੇ ਆਲਸ ਦੀ ਪਰਵਾਹ ਨਾ ਕਰਦੇ ਹੋਏ ਆਪੋ ਆਪਣੀਆਂ ਸਵਾਰੀਆਂ ਰਾਹੀਂ ਸਤਿਸੰਗ ਵਿਚ ਪੁੱਜੇ ਹੋਂ। ਵਾਹਿਗੁਰੂ ਜੀ ਨੇ, ਆਪ ਨੂੰ ਲਗਨ ਲਾਈ ਹੈ। ਕੀਰਤਨ ਦਾ ਮਹਾਨ ਰਸ ਮਾਣ ਰਹੇ ਹੋਂ। ਗ੍ਰਹਿਸਤ ਵਿਚ ਰਹਿੰਦੇ ਹੋਏ ਸਾਧੂਆਂ ਵਰਗਾ ਤਪ ਕਰ ਰਹੇ ਹੋਂ, ਸਾਰਾ ਦਿਨ ਕ੍ਰਿਤ ਕਰਨੀ ਹੈ ਕੋਈ ਦਫ਼ਤਰ ਜਾਂਦਾ ਹੈ, ਕੋਈ ਵਪਾਰ ਕਰਦਾ ਹੈ, ਕੋਈ ਖੇਤੀ ਕਰਦਾ ਹੈ ਅਤੇ ਕਿਸੇ ਨੇ ਮੱਝਾਂ, ਗਊਆਂ ਦੀਆਂ ਧਾਰਾਂ ਕੱਢਣੀਆਂ ਹਨ, ਜਾ ਕੇ ਪਸ਼ੂ ਸੰਭਾਲਣੇ ਹਨ। ਅਨੇਕ ਤਰ੍ਹਾਂ ਦੀ ਕ੍ਰਿਤ ਕਰਨ ਵਾਲੇ ਆਪ ਕ੍ਰਿਤੀ ਹੋਂ ਪਰ ਪੂਰਬਲੇ ਸੰਸਕਾਰਾਂ ਤੇ ਗੁਰੂ ਮਿਹਰ ਕਰਕੇ ਆਪ ਨੀਂਦ ਖੰਡਤ ਕਰਕੇ ਸਤਿਸੰਗ ਵਿਚ ਉਸੇ ਤਰ੍ਹਾਂ ਹਾਜ਼ਰੀਆਂ ਭਰਦੇ ਹੋਂ ਜਿਵੇਂ ਭਾਈ ਗੁਰਦਾਸ ਦੇ ਕਥਨ ਮੁਤਾਬਿਕ ਹਰੀ ਰਾਜੇ ਦੀ ਤਾਰਾ ਲੋਚਨ ਰਾਣੀ ਭਰਿਆ ਕਰਦੀ ਸੀ। ਹਿਰਦੇ ਵਿਚ ਵਸਾਉਣ ਵਾਲੀ ਗੱਲ ਇਹ ਹੈ ਕਿ ਜੋ ਮਨੁੱਖ ਹੈ, ਇਸ ਦਾ ਜੀਵ ਆਤਮਾ, 84 ਲੱਖ ਜੂਨੀਆਂ ਤੋਂ ਪਹਿਲਾਂ 83,99,999 ਜੂਨੀਆਂ ਵਿਚ ਘੁੰਮਦਾ ਹੋਇਆ, ਜਦੋਂ ਮਾਨਸ ਜਨਮ ਪ੍ਰਾਪਤ ਕਰ ਲੈਂਦਾ ਹੈ, ਇਸ ਦੀ ਜੋ ਜੂਨ ਹੈ ਇਹ ਕੇਵਲ ਭੋਗ ਜੂਨੀ ਨਹੀਂ ਹੈ, ਇਹ ਕਰਮ ਜੂਨੀ ਹੈ, ਪਿਛਲੇ ਕੀਤੇ ਹੋਏ ਕਰਮਾਂ ਨੂੰ ਭੋਗਦਾ ਹੈ ਤੇ ਨਵੇਂ ਕਰਮ ਬੀਜਦਾ ਹੈ। ਉਨ੍ਹਾਂ ਕਰਮਾਂ ਨੂੰ ਭੋਗਣ ਵਾਸਤੇ ਫੇਰ ਲੰਮੇ ਚੱਕਰ ਵਿਚ ਚਲਿਆ ਜਾਂਦਾ ਹੈ, ਕੋਈ ਸਵਰਗ ਵਿਚ ਚਲਿਆ ਜਾਂਦਾ ਹੈ, ਕੋਈ ਨਰਕ ਵਿਚ ਚਲਿਆ ਜਾਂਦਾ ਹੈ, ਕੋਈ ਕਿਸੇ ਜੂਨੀ 'ਚ ਪੈ ਜਾਂਦਾ ਹੈ। ਮੁੜ ਕੇ ਫੇਰ ਓਹੀ ਚੱਕਰ ਸ਼ੁਰੂ ਹੋ ਜਾਂਦਾ ਹੈ, ਫੇਰ ਦੁਬਾਰਾ ਚੌਰਾਸੀ ਦਾ ਗੇੜਾ ਖਾ ਕੇ, ਮਨੁੱਖ ਸਰੀਰ ਵਿਚ ਆਉਂਦਾ ਹੈ। ਇਹ ਵਾਹਿਗੁਰੂ ਦੀ ਦਇਆ ਹੈ, ਕ੍ਰਿਪਾ ਹੈ ਕਿ ਸਾਨੂੰ ਯਾਦ ਨਹੀਂ ਰਹਿੰਦਾ ਕਿ ਪਹਿਲੇ ਜਨਮ ਵਿਚ ਮੈਂ ਕੀ ਸੀ? ਜੇ ਕਿਤੇ ਯਾਦ ਰਹਿੰਦਾ ਬੜੀ ਮੁਸ਼ਕਲ ਹੋ ਜਾਇਆ ਕਰਨੀ ਸੀ। ਸੋ ਮਹਾਰਾਜ ਯਾਦ ਕਰਾ ਦਿੰਦੇ ਨੇ ਕਿ ਤੈਨੂੰ ਬਹੁਤ ਸਮਾਂ ਹੋ ਗਿਆ ਘੁੰਮਦੇ ਨੂੰ –

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥*   *ਅੰਗ – ੧੭੬*

ਬਹੁਤ ਦੇਰ ਤੋਂ ਬਾਅਦ ਤੈਨੂੰ ਇਹ ਦੇਹੀ ਪ੍ਰਾਪਤ ਹੋਈ ਹੈ, ਇਹ ਲੰਘ ਜਾਏਗੀ ਜੇ ਤੂੰ ਹੁਣ ਵੀ ਮੌਕਾ ਨਾ ਸੰਭਾਲਿਆ। ਇਹ ਮਿਲੀ ਹੈ ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਸੋ ਪ੍ਰਮੇਸ਼ਰ ਨੂੰ ਮਿਲਣ ਦਾ ਕੀ ਸਾਧਨ ਕੀਤਾ ਜਾਵੇ? ਕਿਸ ਤਰ੍ਹਾਂ ਦੇ ਨਾਲ ਮਿਲ ਸਕਦਾ ਹੈ? ਪ੍ਰਮੇਸ਼ਰ ਦਾ ਪਤਾ ਹੋਵੇ ਕਿ ਕਿਥੇ ਰਹਿੰਦਾ ਹੈ? ਕਿੰਨਾ ਕੁ ਸਫਰ ਹੈ? ਕੀ ਖਰਚਾ ਆਏਗਾ? ਕੀ ਸਾਨੂੰ ਕਰਨਾ ਚਾਹੀਦਾ ਹੈ?

ਸੋ ਜਿਸ ਵਕਤ ਅਸੀਂ ਗੁਰੂ ਦੇ ਕੋਲ ਆਉਂਦੇ ਹਾਂ ਤਾਂ ਸੋਝੀ ਪੈਂਦੀ ਹੈ ਕਿ ਗੁਰੂ ਤੋਂ ਬਗੈਰ ਕੋਈ ਰਾਹ ਨਹੀਂ ਮਿਲਿਆ ਕਰਦਾ। ਨਿਗੁਰੇ ਦਾ ਤਾਂ ਨਾਉਂ ਲੈਣਾ ਹੀ ਬੁਰਾ ਹੈ ਕਿਉਂਕਿ ਪਸ਼ੂਆਂ ਵਿਚ ਤੇ ਨਿਗੁਰੇ ਵਿਚ ਕੋਈ ਫਰਕ ਨਹੀਂ ਹੁੰਦਾ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ*
*ਸਰਪਨਹ ਤੁਲਿ ਖਲਹ ॥*   *ਅੰਗ – ੧੩੫੬*

ਕੁੱਤੇ, ਬਿੱਲੇ, ਸੂਰ, ਸੱਪ, ਗਧੇ ਤੇ ਕਾਵਾਂ ਵਰਗੇ, ਉਸ ਦੇ ਜੀਵਨ ਦੀ ਤੁਲਨਾ ਹੁੰਦੀ ਹੈ। ਉਸ ਨੂੰ ਮਨੁੱਖ ਕਹਿਣਾ ਹੀ ਗਲਤੀ ਹੈ ਕਿਉਂਕਿ ਸੰਸਾਰ 'ਚ ਆ ਕੇ ਜੋ ਅਸਲੀ ਮੰਤਵ ਸੀ, ਕਰਮ ਸੀ, ਉਸ ਨੂੰ ਤਾਂ ਕਰਿਆ ਨਹੀਂ।

ਸਭ ਤੋਂ ਪਹਿਲਾਂ ਤਾਂ ਇਹ ਹੁੰਦਾ ਹੈ ਕਿ ਗੁਰੂ

ਦਾ ਬਣਨਾ, ਨਿਗੁਰਾ ਨਾ ਰਹਿਣਾ ਅਵੱਸ਼ਕ ਹੈ। ਗੁਰੂ ਫੇਰ ਸਾਨੂੰ ਦਸਦੇ ਨੇ ਹੌਲੀ-ਹੌਲੀ ਕਿ ਤੈਨੂੰ ਜੇ ਹਰਿ ਕੀਰਤ ਤੇ ਸਤਿਸੰਗ ਲੱਭ ਜਾਣ ਨਾ, ਫੇਰ ਤੇਰਾ ਰਸਤਾ ਸੁਖਾਲਾ ਹੋ ਸਕਦਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਅੰਗ - ੬੪੨*

ਲੇਕਿਨ ਲੱਭਦੀਆਂ ਤਾਂ ਹਨ ਜੇ ਪੂਰਬਲੇ ਭਾਗ ਹੋਣ -

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਇਸ ਦੇ ਵਿਚ ਕੀ ਹੋਏਗਾ? ਮਹਾਰਾਜ ਕਹਿੰਦੇ ਇਸ ਦੇ ਵਿਚ ਤੈਨੂੰ ਰਾਹ ਲੱਭ ਜਾਏਗਾ ਕਿਉਂਕਿ ਜਿਹੜੇ ਹੋਰ ਸਾਧਨ ਨੇ -

*ਪਾਠੁ ਪੜਿਓ ਅਰੁ ਬੇਦੁ ਬੀਚਾਰਿਓ*
*ਨਿਵਲਿ ਭੁਅੰਗਮ ਸਾਧੇ॥*
*ਪੰਚ ਜਨਾ ਸਿਉ ਸੰਗੁ ਨ ਛੁਟਕਿਓ*
*ਅਧਿਕ ਅਹੰਬੁਧਿ ਬਾਧੇ ॥ ੧ ॥*
*ਪਿਆਰੇ ਇਨ ਬਿਧਿ ਮਿਲਣੁ ਨ ਜਾਈ*
*ਮੈ ਕੀਏ ਕਰਮ ਅਨੇਕਾ ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ*
*ਦੀਜੈ ਬੁਧਿ ਬਿਬੇਕਾ ॥ ਅੰਗ - ੬੪੧*

ਬੇਅੰਤ ਸਾਧਨ ਆਪ ਨੇ ਫੁਰਮਾਨ ਕੀਤੇ ਨੇ -

*ਮੋਨਿ ਭਇਓ ਕਰਪਾਤੀ ਰਹਿਓ*
*ਨਗਨ ਫਿਰਿਓ ਬਨ ਮਾਹੀ ॥*
*ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥*
*ਅੰਗ - ੬੪੧*

ਨਗਨ ਵੀ ਰਿਹਾ, ਕਰਪਾਤੀ ਵਾਲੀ ਬਿਰਤੀ ਵੀ ਧਾਰਨ ਕਰ ਲਈ, ਪ੍ਰਾਣਾਯਾਮ ਵੀ ਕੀਤਾ, 84 ਆਸਨ ਵੀ ਸਿੱਧਾਂ ਦੇ ਕਰਕੇ ਦੇਖ ਲਏ, ਤਟ-ਤੀਰਥਾਂ ਤੇ ਭਰਮ ਕੇ ਵੀ ਦੇਖ ਲਿਆ, ਹੋਰ ਬੇਅੰਤ ਜਪ-ਤਪ ਕਰਕੇ ਦੇਖ ਲਏ ਪਰ ਕੋਈ ਗੱਲ ਬਣੀ ਨਾ, ਤੇ ਦੂਜੇ ਪਾਸੇ ਰਾਜ ਭੋਗਾਂ ਦੀ ਦੁਨੀਆਂ 'ਚ ਜਾ ਕੇ ਵੀ ਦੇਖ ਲਿਆ -

*ਰਾਜ ਲੀਲਾ ਰਾਜਨ ਕੀ ਰਚਨਾ*
*ਕਰਿਆ ਹੁਕਮੁ ਅਫਾਰਾ ॥*
*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*
*ਅੰਗ - ੬੪੨*

ਹਰੀ ਦਾ ਕੀਰਤਨ ਤੇ ਸਾਧੂ ਦੀ ਸੰਗਤ ਇਹ ਸ਼੍ਰੋਮਣੀ ਕਰਮ ਨੇ ਲੇਕਿਨ ਮਿਲਦੇ ਉਸ ਨੂੰ ਨੇ, ਜਿਸ ਦੇ ਪਿਛਲੇ ਲੇਖ, ਮੱਥੇ 'ਚ ਲਿਖੇ ਹੋਏ ਹੋਣ।

ਸੋ ਇਸ ਕਰਕੇ ਮੈਂ ਕਹਿੰਦਾ ਹਾਂ ਕਿ ਛੋਟੇ-ਛੋਟੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਚਿਤ ਬਿਰਤੀ ਇਕਾਗਰ ਕਰਕੇ ਜੋ ਸਤਿਸੰਗ ਕਰਦੇ ਨੇ ਉਨ੍ਹਾਂ ਨੂੰ ਰਸਤੇ ਦੀ ਸੋਝੀ ਪੈ ਜਾਣੀ ਹੈ ਕਿਉਂਕਿ ਰਾਹ ਤੁਰ ਪਏ ਉਹ।

ਹੁਣ ਇਹ ਜੋ ਬਚਨ ਆਇਆ ਮਹਾਰਾਜ ਜੀ ਦਾ, ਇਸ ਦੇ ਵਿਚ ਫੁਰਮਾਨ ਕੀਤਾ ਹੈ ਕਿ ਐ ਪਿਆਰਿਆ! ਮੈਨੂੰ ਦਸ ਤਾਂ ਸਹੀ ਜਿਸ ਨੂੰ ਮਿਲਣ ਵਾਸਤੇ ਆਇਆ ਹੈਂ, ਮਿਲੇਗਾ ਕਿਵੇਂ? ਬੜਾ ਸੰਖੇਪ ਜਿਹਾ ਦੋ ਲਾਈਨਾਂ ਵਿਚ ਹੀ ਹੈ ਕਿ ਐ ਮੇਰੇ ਪਿਆਰਿਆ! ਐ ਮੇਰੇ ਮਿੱਤਰ! ਤੂੰ ਮੇਰਾ ਪਿਆਰਾ ਮਿੱਤਰ ਹੈਂ, ਤੂੰ ਮੈਨੂੰ ਇਹ ਦਸ ਦੇ ਕਿ ਮੈਨੂੰ ਮਿਲੇਗਾ ਕਿਵੇਂ? ਮੇਰੇ ਅੰਦਰ ਲਗਨ ਲੱਗੀ ਹੋਈ ਹੈ। ਮੈਨੂੰ ਰੋਟੀ ਵੀ ਚੰਗੀ ਨਹੀਂ ਲਗਦੀ ਤੇ ਮੈਨੂੰ ਅੰਨ-ਪਾਣੀ ਵੀ ਚੰਗਾ ਨਹੀਂ ਲਗਦਾ, ਬਸਤਰ ਵੀ ਮੈਨੂੰ ਚੰਗੇ ਨਹੀਂ ਲਗਦੇ, ਜੀਅ ਮੇਰਾ ਹਰ ਵਕਤ ਉਦਾਸ ਰਹਿੰਦਾ ਹੈ ਜਿਵੇਂ ਕਿ -

*ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥*
*ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥*
*ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ*
*ਬਿਨੁ ਦੇਖੇ ਗੁਰ ਦਰਬਾਰੇ ਜੀਉ ॥ ੩ ॥*
*ਹਉ ਘੋਲੀ ਜੀਉ ਘੋਲਿ ਘੁਮਾਈ*
*ਤਿਸੁ ਸਚੇ ਗੁਰ ਦਰਬਾਰੇ ਜੀਉ ॥ ਅੰਗ - ੯੬*

ਰੈਣ ਮੇਰੀ ਲੰਘਦੀ ਨਹੀਂ ਹੈ, ਮੈਂ ਹਰ ਵਕਤ ਇਸ ਕੋਸ਼ਿਸ਼ ਵਿਚ ਰਹਿੰਦਾ ਹਾਂ, ਇਕ ਲਗਨ ਲੱਗੀ ਹੋਈ ਹੈ ਮੇਰੇ ਅੰਦਰ, ਮੇਰੇ ਸੀਨੇ 'ਚ ਖਿੱਚ ਪਈ ਹੋਈ ਹੈ ਕਿ ਮੈਂ ਕਦੋਂ ਮਿਲਾਂ। ਮੇਰੀ ਇਹ ਅਵਸਥਾ ਹੋਈ-ਹੋਈ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਤੇ ਮੈਨੂੰ ਰਾਹ ਨਹੀਂ ਲੱਭ ਰਿਹਾ, ਕ੍ਰਿਪਾ ਕਰ ਮੇਰੇ ਤੇ ਮੈਨੂੰ ਕੋਈ ਰਸਤਾ ਲੱਭ ਜਾਵੇ।

*ਚਲਦਾ.............।*

# ਸ੍ਰੀ ਗੁਰੂ ਨਾਨਕ ਦੇਵ ਜੀ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ ਜਿਨਿ*
*ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ ੨ ॥*
*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*
*ਅੰਗ - ੪੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਕਰੀਏ ਇਕਾਗਰ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਰਹਿਮਤ ਹੋਈ ਹੈ, ਚੜ੍ਹਦੀ ਪੂਰਨਮਾਸੀ 'ਤੇ ਸਤਿਸੰਗ ਪ੍ਰਾਪਤ ਹੋਏ ਹਨ, ਐਤਕੀ ਧੰਨ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਆਇਆ ਹੈ। ਜਿਸ ਨੂੰ ਸਾਰੇ ਹੀ ਬਹੁਤ ਸ਼ਰਧਾ ਦੇ ਨਾਲ, ਖੁਸ਼ੀਆਂ ਦੇ ਨਾਲ ਮਨਾ ਰਹੇ ਹਨ।

ਕੱਤਕ ਦੀ ਪੂਰਨਮਾਸ਼ੀ, 1469 ਈਸਵੀ ਦਾ ਉਹ ਦਿਨ ਕਿੰਨਾਂ ਭਾਗਾਂ ਵਾਲਾ ਸੀ। ਉਹ ਭਾਗਾਂ ਵਾਲੀ ਧਰਤੀ, ਰਾਇ ਭੋਇ ਦੀ ਤਲਵੰਡੀ, ਜ਼ਿਲਾ ਸੇਖੂਪੁਰਾ ਜਿਸ ਨੂੰ ਪਾਕਿਸਤਾਨ ਅੱਜ ਕਹਿੰਦੇ ਹਨ, ਉਸ ਜਗ੍ਹਾ 'ਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਹੋਇਆ। ਉਸੇ ਤਰ੍ਹਾਂ ਹੀ ਅੱਜ ਵੀ ਇਹ ਖੁਸ਼ੀ ਵਰਤ ਰਹੀ ਹੈ। ਉਹ ਖੁਸ਼ੀ ਸੰਗਤ ਕਿਸ ਤਰ੍ਹਾਂ ਦੇ ਨਾਲ ਮਨਾ ਰਹੀ ਹੈ। ਕਿੱਡੀਆਂ ਬਖਸ਼ਿਸ਼ਾਂ ਹਨ, ਰਹਿਮਤਾਂ ਹਨ। ਗੁਰੂ ਦਰਬਾਰ ਵਿਚ ਆ ਕੇ ਖੁਸ਼ੀਆਂ ਦੇ ਵਿਚ ਹੋਰ ਵਾਧਾ ਹੋ ਜਾਂਦਾ ਹੈ। ਸਾਡੇ ਜੀਵਨ ਦੇ ਵਿਚ ਖੁਸ਼ੀ, ਖੇੜਾ, ਅਨੰਦ ਵਰਤ ਜਾਂਦਾ ਹੈ।

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥*
*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥ ਅੰਗ - ੪੪*

ਗੁਰੂ ਬਾਬਾ ਜੀ ਨੇ ਕਿੰਨੀ ਬਖਸ਼ਿਸ਼ ਕੀਤੀ। 36 ਯੁੱਗ ਦੀ ਕਮਾਈ ਕਰਕੇ, 'ਵਾਹਿਗੁਰੂ' ਮੰਤ੍ਰ ਆਪ ਲੈ ਕੇ ਆਏ। ਇਸ ਮਾਤ ਲੋਕ ਵਿਚ ਆ ਕੇ ਵੀ ਉਹਨਾਂ ਦਾ ਐਸਾ ਜੀਵਨ ਨਹੀਂ ਕਿ ਸੁਖ ਰਹਿਣਾ ਜੀਵਨ, ਬਚਪਨ ਤੋਂ ਹੀ ਨਾਨਕ ਲੀਲਾ ਨਿਆਰੀ ਹੈ। ਕਿਹੋ ਜਿਹੀਆਂ ਖੇਡਾਂ ਵਰਤਦੀਆਂ ਨੇ। ਪਹਿਲਾਂ ਪੜ੍ਹਨ ਭੇਜੇ ਗਏ ਉਲਟਾ ਪਾਧੇ ਨੂੰ ਹੀ ਪੜ੍ਹਾ ਆਏ। ਫੇਰ ਮੱਝਾਂ ਚਾਰਨ ਭੇਜੇ, ਮੱਝਾਂ ਦੂਜਿਆਂ ਦਾ ਖੇਤ ਚਰ ਜਾਂਦੀਆਂ ਨੇ। ਜਦੋਂ ਸ਼ਿਕਾਇਤ ਲੱਗੀ ਰਾਇ ਬੁਲਾਰ ਕੋਲ, ਜਦੋਂ ਆ ਕੇ ਦੇਖਦੇ ਨੇ ਤਾਂ ਫਸਲ 'ਚ ਹੋਰ ਵਾਧਾ ਹੋਇਆ ਹੁੰਦਾ ਹੈ। ਰਾਇ ਬੁਲਾਰ, ਸਭ ਤੋਂ ਪਹਿਲਾ ਨਵਾਬ ਸਿੱਖ ਆਪ ਜੀ ਦਾ ਬਣਿਆ। ਜੋ ਉਥੋਂ ਦਾ ਨਵਾਬ ਸੀ।

ਫੇਰ ਸੱਚਾ ਸੌਦਾ ਕਰਨ ਜਾਂਦੇ ਨੇ। ਪਿਤਾ ਜੀ ਨੇ 20 ਰੁਪਏ ਦੇ ਕੇ ਭੇਜਿਆ। ਆਪ ਸਾਧੂਆਂ ਨੂੰ ਪ੍ਰਸ਼ਾਦਾ ਛਕਾ ਆਉਂਦੇ ਹਨ। ਮੋਦੀਖਾਨੇ ਦੇ ਵਿਚ ਤੇਰਾ-ਤੇਰਾ ਕਹਿ ਕੇ ਮੋਦੀਖਾਨਾ ਗਰੀਬਾਂ 'ਚ ਲੁਟਾ ਦਿੰਦੇ ਹਨ। ਜਦੋਂ ਹਿਸਾਬ ਕੀਤਾ ਗਿਆ ਤਾਂ ਆਪ ਦਾ 790 ਰੁਪਏ ਵਾਧਾ ਹੀ ਨਿਕਲਿਆਂ। ਕੈਸੀਆਂ ਨਿਆਰੀਆਂ ਖੇਡਾਂ ਸਨ ਆਪ ਜੀ ਦੀਆਂ।

ਵੇਈਂ ਨਦੀ ਦੇ ਵਿਚ ਤਿੰਨ ਦਿਨ ਪ੍ਰਵੇਸ਼ ਕਰਦੇ ਹਨ। ਆਪ ਸਚਖੰਡ ਵਿਚ ਜਾਂਦੇ ਹਨ, ਜੋ ਪਰੰਪਰਾ ਹੈ ਗੁਰੂ ਧਾਰਨ ਦੀ। ਉਹ ਆਪ ਜੀ ਨਿਰੰਕਾਰ ਜੀ ਨੂੰ ਗੁਰੂ ਧਾਰਨ ਕਰਦੇ ਹਨ -

*ਅਪਰੰਪਰ ਪਾਰਬ੍ਰਹਮੁ ਪਰਮੇਸਰੁ*
*ਨਾਨਕ ਗੁਰੁ ਮਿਲਿਆ ਸੋਈ ਜੀਉ ॥ ਅੰਗ - ੫੯੯*

ਪ੍ਰਮੇਸ਼ਰ ਆਪ ਜੀ ਨੂੰ ਗੁਰ ਪ੍ਰਮੇਸ਼ਰ ਦਾ ਦਰਜਾ ਪ੍ਰਦਾਨ ਕਰਦੇ ਹਨ। ਤਿੰਨ ਦਿਨ ਬਾਅਦ ਵੇਈਂ ਨਦੀ 'ਚੋਂ ਬਾਹਰ ਆ ਕੇ ਆਪ ਜੀ ਨੇ ਮੂਲਮੰਤ੍ਰ ਦੇ ਰੂਪ ਵਿਚ ਦਸਿਆ ਕਿ ਇਸ ਤਰ੍ਹਾਂ ਦਾ ਉਸ ਪ੍ਰਮੇਸ਼ਰ ਦਾ ਸਰੂਪ ਹੈ। ਫੇਰ ਗੁਰਮੰਤ੍ਰ ਲਿਆਂਦਾ, ਫੇਰ ਇਹ ਪਰੰਪਰਾ ਚਲਾਈ ***'ਸਬਦਿ ਗੁਰੂ ਸੁਰਤਿ ਧੁਨ ਚੇਲਾ।'*** ਇਹ ਜੋ ਗੁਰਮੰਤ੍ਰ ਆਪ ਜੀ ਨੇ ਕਲਜੁਗ ਵਿਚ ਲਿਆਂਦਾ, ਜੋ ਬਹੁਤ ਹੀ ਸੁਖਾਲਾ ਹੈ। ਕਲਜੁਗ ਦੇ ਵਿਚ ਨਾਮ ਮਾਰਗ, ਆਪ ਜੀ ਨੇ ਪ੍ਰਚਲਿਤ ਕੀਤਾ ਕਿਉਂਕਿ ਉਸ ਸਮੇਂ ਹੋਰ ਮਾਰਗ ਵੀ ਚਲ ਰਹੇ ਸਨ। ਵਾਮ ਵਰਗੇ, ਕਿੰਨੇ ਹੀ ਐਸੇ ਮਾਰਗ ਸਨ, ਕਸ਼ਟ ਯੋਗ ਸਨ, ਰਾਜ ਯੋਗ, ਭਗਤ ਯੋਗ। ਗੁਰੂ ਪਾਤਸ਼ਾਹ ਨੇ ਕਿੱਡੀ ਕ੍ਰਿਪਾ ਕੀਤੀ ਕਿ ਬਹੁਤ ਹੀ ਸੁਖਾਲਾ ਮਾਰਗ

ਲਿਆਂਦਾ। ਜਦੋਂ ਉਸ ਸਮੇਂ ਆਪ ਨੇ ਉਦਾਸੀਆਂ ਸ਼ੁਰੂ ਕੀਤੀਆਂ। ਚਾਰੋਂ ਦਿਸ਼ਾਵਾਂ ਦੇ ਵਿਚ ਚਾਰ ਉਦਾਸੀਆਂ ਕੀਤੀਆਂ - ਪੂਰਬ, ਪੱਛਮ, ਉੱਤਰ, ਦੱਖਣ ਵਿਚ। ਜਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਲੰਘ ਕੇ, ਹਿਮਾਲਿਆ 'ਚ, ਸੁਮੇਰ ਪਰਬਤ 'ਤੇ ਪਹੁੰਚਦੇ ਹਨ, ਉਸ ਜਗ੍ਹਾ 'ਤੇ ਪਹੁੰਚੇ, ਜਿੱਥੇ ਸਿੱਧ ਪੁਰਸ਼ ਆਸਣ ਜੰਮਾਈਂ ਬੈਠੇ ਸਨ। ਉਸ ਸਭਾ 'ਚ ਪਹੁੰਚ ਕੇ ਆਪ ਜੀ ਕਹਿੰਦੇ ਹਨ ਕਿ - ਸੰਤ ਸਭਾ ਜੈਕਾਰੋ। ਉਹ ਦੇਖਦੇ ਨੇ ਕਿ ਕਿਹੜੀ ਸ਼ਕਤੀ ਹੈ ਇਨ੍ਹਾਂ ਕੋਲ ਜਿਹੜੀ ਕਿ ਇਨ੍ਹਾਂ ਨੂੰ ਐਨਾ ਉੱਚੇ ਪਹਾੜਾਂ 'ਤੇ ਲੈ ਕੇ ਆਈ ਹੈ। ਕਹਿ ਰਹੇ ਨੇ ਕਿ ਐਸਾ ਪੁਰਸ਼ ਤਾਂ ਸਾਡੇ ਪੰਥ ਵਿਚ ਆ ਜਾਵੇ। ਇਹਦੇ ਨਾਲ ਸਾਡਾ ਪੰਥ ਬਹੁਤ ਫੈਲ ਜਾਵੇਗਾ। ਇਹ ਗੁਰੂ ਮਹਾਰਾਜ ਨੂੰ 'ਬਾਲਾ' ਕਹਿ ਕੇ ਸੰਬੋਧਨ ਕਰਦੇ ਨੇ। ਸਵਾਲ ਪੁੱਛਦੇ ਨੇ ਗੁਰੂ ਬਾਬਾ ਜੀ ਤੋਂ ਸਿੱਧ ਗੋਸ਼ਟ ਦੇ ਵਿਚ। ਉਹਨਾਂ ਨੂੰ ਉਹਨਾਂ ਦੇ ਸਵਾਲਾਂ ਦਾ ਜਵਾਬ ਦਿੰਦੇ ਹਨ। ਵਿਦਵਾਨ ਪੁਰਸ਼ ਹਨ, ਤਿਆਗੀ ਪੁਰਸ਼ ਹਨ। ਕਮਾਈਆਂ ਕੀਤੀਆਂ ਹਨ, ਘਰ-ਬਾਰ ਛੱਡੇ ਸਨ। ਛੋਟੇ ਨਹੀਂ ਸਨ, ਵੱਡੇ-ਵੱਡੇ ਸਨ। ਰਾਜੇ ਭਰਥਰੀ ਵਰਗੇ, ਗੋਪੀ ਚੰਦ ਵਰਗੇ, ਮਾਮਾ ਭਾਣਜਾ ਜਿਨ੍ਹਾਂ ਦੀ 500-500 ਪਦਮਨੀ ਰਾਣੀਆਂ ਸਨ। ਐਸੀਆਂ ਰਾਣੀਆਂ ਨੂੰ ਛੱਡ ਕੇ ਗਏ ਸਨ। ਸੁੱਖ-ਆਰਾਮ ਛੱਡ ਕੇ ਗਏ ਸਨ। ਗੋਰਖ ਨਾਥ ਦੇ ਚੇਲੇ ਬਣੇ। ਕਿਉਂਕਿ ਪਹਿਲਾਂ ਤਾਂ ਉਹਨਾਂ ਨੇ ਪੁੱਛਿਆ ਕਿ ਜਗਤ ਦਾ ਕੀ ਹਾਲ ਹੈ? ਕੀ ਵਰਤਾਰਾ ਹੈ ਸੰਸਾਰ ਦਾ? ਉਸ ਵੇਲੇ ਗੁਰੂ ਬਾਬਾ ਜੀ ਨੇ ਦਸਿਆ ਕਿ ਤੁਸੀਂ ਚੰਗੇ ਪੁਰਸ਼ ਤਾਂ ਉਥੋਂ, ਪਹਾੜਾਂ 'ਤੇ ਲੈ ਆਏ, ਘਰ-ਬਾਰ, ਰਾਜ ਭਾਗ ਛਡਾ ਦਿਤੇ। ਜਦੋਂ ਚੰਗਿਆਈ ਕੱਢ ਲਈ, ਫੇਰ ਪਿੱਛੇ ਕੀ ਰਹਿ ਗਿਆ? ਬੁਰਿਆਈ। ਤੁਸੀਂ ਤਾਂ -

*ਸਿਧ ਛਪਿ ਬੈਠੇ ਪਰਬਤੀ*
*ਕਉਣੁ ਜਗਤਿ ਕਉ ਪਾਰਿ ਉਤਾਰਾ॥ ਭਾਈ ਗੁਰਦਾਸ ਜੀ*

ਸਿੱਧੋ! ਤੁਸੀਂ ਸਵਾਲ ਕੀਤਾ ਹੈ ਕਿ ਸੰਸਾਰ ਦੀ ਹਾਲਤ ਕੀ ਹੈ? ਉਥੇ ਤਾਂ ਕੂੜ ਦਾ ਵਰਤਾਰਾ ਹੋ ਚੁੱਕਿਆ ਹੈ। ਕੂੜ ਦੀ ਮੱਸਿਆ ਛਾ ਚੁੱਕੀ ਹੈ।

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*
*ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥*
*ਵਿਚਿ ਹਉਮੈ ਕਰਿ ਦੁਖੁ ਰੋਈ ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫*

ਇਸ ਤਰ੍ਹਾਂ ਦੀ ਹਾਲਤ ਹੈ। ਹੁਣ ਉਹਨਾਂ ਦਾ ਸਵਾਲ ਸੀ ਕਿ ਹੇ ਗੁਰੂ ਬਾਬਾ ਜੀ! ਹੇ ਨਾਨਕ! -

*ਦੁਨੀਆ ਸਾਗਰੁ ਦੁਤਰੁ ਕਹੀਐ*
*ਕਿਉ ਕਰਿ ਪਾਈਐ ਪਾਰੋ ॥ ਅੰਗ - ੯੩੮*

ਇਸੇ ਕਰਕੇ ਅਸੀਂ ਕਿਨਾਰਾ ਕਰ ਲਿਆ ਕਿਉਂਕਿ ਦੁਨੀਆਂ ਦੋ ਨੀਹਾਂ 'ਤੇ ਅਧਾਰਿਤ ਹੈ। ਬਹੁਤ ਔਖਾ ਹੈ। ਤੁਸੀਂ ਕਿਵੇਂ ਪਾਰ ਲਾਓਂਗੇ? ਫੇਰ ਗ੍ਰਿਹਸਤ ਦੇ ਵਿਚ? ਇਹਦੇ ਵਿਚ ਤਾਂ ਕਿੰਨੇ ਝਮੇਲੇ ਹਨ। ਇਕ ਮਿੰਟ ਦੀ ਵਿਹਲ ਨਹੀਂ। ਦਿਨ ਕੰਮਾਂ-ਕਾਰਾਂ ਵਿਚ, ਰਾਤ ਵਿਸ਼ੇ-ਵਿਕਾਰਾਂ 'ਚ ਬਤੀਤ ਹੋ ਜਾਣਾ ਹੈ। ਫੇਰ ਕਦੋਂ ਇਹ ਨਾਮ ਨਾਲ ਜੁੜ ਸਕੇਗਾ? ਇਹ ਇਨਸਾਨ ਕਿਵੇਂ ਪਾਰ ਲੱਗੇਗਾ? ਤੁਸੀਂ ਕਹਿੰਦੇ ਹੋਂ ਕਿ -

*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ*
*ਵਿਚੇ ਮਾਇਆ ਪਾਇਆ ॥ ਅੰਗ - ੯੨੧*

ਮਹਾਰਾਜ ਕਹਿਣ ਲੱਗੇ ਕਿ ਇਹਦੇ ਵਿਚ ਹੀ ਪਾਰ ਲਾ ਦੇਣਾ। ਕਹਿੰਦੇ, ਗੁਰਮੁਖਾਂ ਦੀ ਸੰਗਤ ਨਾਲ। ਤੁਹਾਡੇ ਵਾਂਗੂੰ ਨਹੀਂ ਕਿ ਚੰਗੇ ਮਨੁੱਖਾਂ ਨੂੰ ਕਹਿਣ ਕਿ ਸੰਸਾਰ ਛੱਡ ਦਿਓ। ਦੁੱਖ ਦਾ ਘਰ ਹੈ। ਠੀਕ ਹੈ ਕਹਿੰਦੇ, ਅਸੀਂ ਵੀ ਹਾਂ। 'ਨਾਨਕ ਦੁਖੀਆ ਸਭੁ ਸੰਸਾਰੁ।' ਪਰ ਨਾਲ ਅਸੀਂ ਜੁਗਤ ਵੀ ਦਸਦੇ ਹਾਂ ਕਿ ਇਹ -

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪*

ਉਹ ਕਰਮ ਕਰਨਗੇ, ਗੁਰਮੁਖਾਂ ਦੀ ਸੰਗਤ ਪਾਰ ਲਾਵੇਗੀ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਹੁਣ ਉਹਨਾਂ ਨੇ ਹੋਰ ਵੀ ਬੜੇ ਸਵਾਲ ਕੀਤੇ ਕਿਉਂਕਿ ਉਹਨਾਂ ਦੇ ਪੰਥ ਬੜੇ ਮਸ਼ਹੂਰ ਸਨ। 'ਆਈ ਪੰਥੀ ਸਗਲ ਜਮਾਤੀ' ਐਸੀਆਂ ਉਹ ਜਮਾਤਾਂ ਸਨ ਕਿ -

*ਖਿੰਥਾ ਕਾਲੁ ਕੁਆਰੀ ਕਾਇਆ*
*ਜੁਗਤਿ ਡੰਡਾ ਪਰਤੀਤਿ ॥ ਅੰਗ - ੬*

ਕਾਇਆ ਕੁਆਰੀ ਰਖਦੇ। ਇਸ ਤਰ੍ਹਾਂ ਦੇ ਨਾਲ ਇਹ ਹੋਰ ਹੀ ਪਾਸੇ ਨੂੰ ਚੱਲ ਪਏ। ਕਹਿੰਦੇ, ਇਸ ਤਰ੍ਹਾਂ ਨਹੀਂ, ਗ੍ਰਿਹਸਤ ਦੇ ਵਿਚ ਰਹਿ ਕੇ -

*ਦੇਖਿ ਪਰਾਈਆਂ ਚੰਗੀਆਂ,*
*ਮਾਵਾਂ ਭੈਣਾਂ ਧੀਆਂ ਜਾਣੈ। ਭਾਈ ਗੁਰਦਾਸ ਜੀ*

ਇਸ ਤਰ੍ਹਾਂ ਦੇ ਨਾਲ ਮਰਿਆਦਾ ਦੇ ਵਿਚ ਰਹਿ ਕੇ ਇਹ ਕੰਮ ਕਰੇਗਾ। ਖੱਤਰੀ ਵਾਲੇ ਵੀ, ਬ੍ਰਾਹਮਣ ਵਾਲੇ ਵੀ, ਸ਼ੂਦਰ ਵਾਲੇ ਵੀ, ਤੇ ਸਾਡਾ ਜਿਹੜਾ ਉਪਦੇਸ਼ ਹੈ ਇਹ ਇਕ ਵਾਸਤੇ ਨਹੀਂ ਹੈ, ਇਹ ਸਾਰਿਆਂ ਵਾਸਤੇ ਹੀ ਹੈ।

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ - ੭੪੭*

ਇਹ ਗੁਰਸਿੱਖ ਐਸੇ ਹੋਣਗੇ ਕਿ ਅੰਮ੍ਰਿਤ ਵੇਲੇ ਬ੍ਰਾਹਮਣ ਵਾਲਾ ਕੰਮ ਕਰਨਗੇ। ਬ੍ਰਹਮ ਵਿਚਾਰ, ਬ੍ਰਹਮ ਮਹੂਰਤ ਵਿਚ, ਨਾਮ ਦੇ ਵਿਚ ਅਸਥਿਤ ਹੋਣਗੇ। ਫੇਰ ਦਿਨ ਦੇ ਵਿਚ ਇਹ ਸੇਵਾ ਕਰਨਗੇ। ਕਿਰਤ ਕਰਨਗੇ। ਉਹ ਸ਼ੂਦਰ, ਵੈਸ਼ ਵਾਲੇ ਕੰਮ ਹੋਣਗੇ। ਖੱਤਰੀ ਦਾ ਕੰਮ ਕਿ ਇਹ ਅੰਦਰਲੇ ਵੈਰੀਆਂ ਦੇ ਨਾਲ ਜੂਝ ਕੇ ਇਹ ਸੂਰਮ ਗਤੀ ਦਿਖਾਉਣਗੇ-

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥*
*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ ॥ ੧ ॥*
*ਠਾਕੁਰੁ ਗਾਈਐ ਆਤਮ ਰੰਗਿ ॥*
*ਸਰਣੀ ਪਾਵਨ ਨਾਮ ਧਿਆਵਨ*
*ਸਹਜਿ ਸਮਾਵਨ ਸੰਗਿ ॥ ਅੰਗ - ੬੭੦*

ਉਹਦੀ ਚਰਨ ਸ਼ਰਨ ਲੈ ਕੇ, ਉਹ ਸਹਿਜ ਵਿਚ ਚੱਲਣਗੇ -

*ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥*
*ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ ਅੰਗ - ੪੭੮*

ਤੁਸੀਂ ਪੁੱਛਿਆ ਹੈ ਕਿ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ - ੯੪੬*

ਕਿਵੇਂ ਸੰਸਾਰ ਦੀ ਉਤਪਤੀ ਹੋਈ? ਦੁਖ ਕਿਵੇਂ ਆ ਗਿਆ? ਇਥੇ ਤਾਂ ਦੁਖ ਆਉਣਾ ਨਹੀਂ ਸੀ? ਇਥੇ ਇਹ ਸੰਸਾਰ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਇਕਨ੍ਹਾ ਹੁਕਮਿ ਸਮਾਇ ਲਏ*
*ਇਕਨ੍ਹਾ ਹੁਕਮੇ ਕਰੇ ਵਿਣਾਸੁ ॥*
*ਇਕਨ੍ਹਾ ਭਾਣੈ ਕਢਿ ਲਏ*
*ਇਕਨ੍ਹਾ ਮਾਇਆ ਵਿਚਿ ਨਿਵਾਸੁ ॥*
*ਏਵ ਭਿ ਆਖਿ ਨ ਜਾਪਈ*
*ਜਿ ਕਿਸੈ ਆਣੇ ਰਾਸਿ ॥*
*ਨਾਨਕ ਗੁਰਮੁਖਿ ਜਾਣੀਐ*
*ਜਾ ਕਉ ਆਪਿ ਕਰੇ ਪਰਗਾਸੁ ॥ ਅੰਗ - ੪੬੩*

ਇਹ ਜਿਹੜਾ ਸੰਸਾਰ ਹੈ ਇਹ ਉਸ ਪਰਮੇਸ਼ਰ ਨੇ ਆਪਣੇ ਪਿਆਰਿਆਂ ਦੇ ਰਹਿਣ ਵਾਸਤੇ ਬਣਾਇਆ। ਇਥੇ ਤਾਂ ਦੁਖ ਆਉਣਾ ਨਹੀਂ ਸੀ? ਕਿਉਂਕਿ ਸਾਜਨਾ ਹੋਈ ਹੈ ਸੰਸਾਰ ਦੀ।

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਅੰਗ - ੪੬੩*

ਇਹ ਕੁਦਰਤ ਹੈ ਜਿਹੜੀ, ਇਹ ਕਿਵੇਂ ਸਾਜਨਾ ਹੋਈ? ਤੁਸੀਂ ਕਹਿੰਦੇ ਹੋਂ? -

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥*
*ਅੰਗ - ੭*

ਇਹ ਜਿਹੜਾ ਸੰਸਾਰ ਹੈ ਇਹ ਮਾਈ, ਮਾਇਆ ਜਿਵੇਂ ਚਲਦੀ ਹੈ ਪ੍ਰਮੇਸ਼ਰ ਦੇ ਨਾਲ ਇਹ ਕੁਦਰਤ ਹੈ।

*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥*
*ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥*
*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਕੁਦਰਤ ਉਸ ਪ੍ਰਮੇਸ਼ਰ ਨੇ ਆਪ ਪਸਾਰੀ ਹੈ -

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ - ੫੩੭*

ਇਹ ਵਿਚੇ ਹੀ ਜੁਗਤ ਦੇ ਨਾਲ ਮੁਕਤ ਹੋਵੇਗਾ -

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ ॥ ਅੰਗ - ੫੨੨*

ਤੁਸੀਂ ਤਾਂ ਐਸਾ ਕੰਮ ਕਰ ਬੈਠੇ -

*ਜਤੀ ਸਦਾਵਹਿ ਜੁਗਤਿ ਨ ਜਾਣਹਿ*
*ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ ॥ ੨ ॥*
*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥ਅੰਗ - ੪੬੯*

ਤੁਸੀਂ ਹੁਣ ਇਹ ਜੁਗਤ ਪੁਛਦੇ ਓਂ?

ਇਸ ਤਰ੍ਹਾਂ ਗੱਲ ਤਾਂ ਪਿਆਰਿਓ ਜੁਗਤ ਦੀ ਹੈ। ਜੁਗਤ ਨਾਲ ਮੁਕਤ ਹੋਣਗੇ। ਤੁਸੀਂ ਕਹਿ ਰਹੇ ਹੋਂ ਕਿ ਇਹ ਕਿਵੇਂ ਹੋ ਗਿਆ? –

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ ॥ ਅੰਗ – ੯੪੬*

ਬਾਬਾ ਜੀ ਨੇ ਜਵਾਬ ਦਿਤਾ –

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ ॥ ਅੰਗ – ੯੪੬*

ਦੁਖ ਕਿਉਂ ਆ ਗਿਆ? ਦੁਖ ਨਾਮ ਨੂੰ ਭੁੱਲ ਕੇ ਆਇਆ? ਕਿਉਂਕਿ –

*ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ॥*
*ਅੰਗ – ੧੨੮੭*

ਜਦੋਂ ਵੀ ਕੋਈ ਮਿਲਣਗੇ, ਦੁਖ ਦੀ ਹੀ ਗੱਲ ਕਰਨਗੇ। ਦੁਖ ਵੀ ਕਿਹੋ ਜਿਹਾ? ਦੂਜੇ ਦਾ ਸੁਖ ਦੇਖ ਕੇ ਦੁਖ ਮਹਿਸੂਸ ਕਰਨਗੇ। ਜੁਗਤ ਨਾਲ ਮੁਕਤ ਹੋਣਾ ਹੈ। ਜੁਗਤ ਹੈ ਕਿ ਜਿਹੜੀ ਹਉਮੈ ਕਰਕੇ ਸਾਰੀ ਉਪਜ ਹੋਈ ਹੈ, ਹਉਮੈ ਦਾ ਇਲਾਜ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥*
*ਅੰਗ – ੯੯੯*

ਉਹਦੇ ਕਰਕੇ ਹੀ ਆਉਣਾ ਹੈ, ਉਹਦੇ ਕਰਕੇ ਹੀ ਜਾਣਾ ਹੈ ਤੇ ਇਲਾਜ ਵੀ ਨਾਲ ਹੀ ਰੱਖ ਦਿਤਾ। ਉਹ ਗੁਰੂ ਬਾਬਾ ਜੀ ਐਸਾ ਫੁਰਮਾਨ ਕਰਦੇ ਨੇ –

*ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ – ੨੭੪*

*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥*
*ਭਾਈ ਗੁਰਦਾਸ ਜੀ*

ਇਸੇ ਕਰਕੇ ਹੀ ਦੁਖ ਹੈ ਕਿਉਂਕਿ ਉਹਨੂੰ ਭੁੱਲ ਗਿਆ। ਹਉਮੈ ਵਿਚ ਆ ਕੇ ਇਹਨੂੰ ਪਤਾ ਹੀ ਨਹੀਂ ਕਿ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥ ਅੰਗ –੯੯੯*

ਕਿੰਨਾ ਲੰਬਾ ਸਫਰ ਹੈ। ਗੁਰੂ ਬਾਬਾ ਜੀ ਦਾ ਬਚਨ ਹੈ ਕਿ ਗੁਰਮੁਖਾਂ ਦੀ ਸੰਗਤ ਪਾਰ ਲਗਾ ਦੇਵੇਗੀ। ਇਹ ਨਹੀਂ ਪਤਾ ਲਗਣਾ ਜੇ ਕਹੇ ਕਿ ਮੈਂ ਆਪੇ ਹੀ ਪਾ ਲਵਾਂਗਾ –

*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ*
*ਤਾ ਨਾਨਕ ਤੋਲਿਆ ਜਾਪੈ ॥*
*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*
*ਅੰਗ – ੪੬੯*

ਜੁਗਤਿ ਕਿਹੜੀ ਹੈ? 'ਜੋਗ' ਹੈ ਜੁੜਨ ਦਾ ਨਾਮ। ਜੁਗਤਿ ਹੈ ਕਿ ਕਿਵੇਂ ਜੁੜਨਾ ਹੈ। ਜਿਵੇਂ ਫਾਰਮੂਲਾ ਹੁੰਦੈ। ਸੋ ਬਾਬਾ ਜੀ ਨੇ ਸਿੱਧਾਂ ਨੂੰ ਕਿਹਾ ਕਿ ਗੁਰਮੁਖਾਂ ਦੀ ਸੰਗਤ ਪਾਰ ਲਾਵੇਗੀ –

*ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥*
*ਅੰਗ – ੧੩੬੯*

ਅੰਤ ਦੇ ਸਮੇਂ ਵੀ ਇਹ ਜੁਗਤ ਕੰਮ ਆਵੇਗੀ। ਸੰਗਤ ਪਾਰ ਲਾਵੇਗੀ –

*.....ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ – ੯੪*

ਕ੍ਰਿਪਾ ਹੋਵੇਗੀ, ਸੰਗਤ ਵਿਚ ਜਾਵੇਗਾ ਇਹਨੂੰ ਜੁਗਤ ਮਿਲੇਗੀ, ਜੁਗਤ ਨਾਲ ਉਹ ਅਭਿਆਸ ਕਰੇਗਾ। ਜਦੋਂ ਇਹ ਅਭਿਆਸ ਵਧ ਗਿਆ, ਕਰਦੇ–ਕਰਦੇ ਬੁੱਲ੍ਹ ਵੀ ਹਿੱਲਣਗੇ, ਜੀਭ ਵੀ ਹਿੱਲੇਗੀ, ਫੇਰ ਅਵਾਜ਼ ਬਾਹਰ ਨਹੀਂ ਆਵੇਗੀ। ਇਹਨੂੰ ਫੇਰ ਪਸੰਤੀ ਬਾਣੀ ਕਿਹਾ ਹੈ। ਪਹਿਲਾਂ ਹੈ ਬੈਖਰੀ, ਫੇਰ ਹੈ ਮਧਮਾ, ਫੇਰ ਹੈ ਪਸੰਤੀ, ਪਸੰਤੀ ਵਿਚ ਅੰਦਰ ਸੁਣੇਗੀ। ਜੀਭ ਤੋਂ ਬਿਨਾਂ ਹੀ ਨਾਮ ਦੀ ਪ੍ਰਕਿਰਿਆ ਹੋਣੀ ਸ਼ੁਰੂ ਹੋ ਜਾਵੇਗੀ –

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ – ੧੨੫੬*

ਪਰਾ ਬਾਣੀ 'ਚ ਨਾਭੀ ਦੇ ਉਤੇ ਜ਼ੋਰ ਦੇ ਕੇ ਸਵਾਸ–ਸਵਾਸ ਨਾਮ ਜਪਿਆ ਜਾਵੇਗਾ ਫੇਰ। ਨਾਭੀ ਦੇ ਉਤੇ ਦਿਤਾ ਜ਼ੋਰ ਸੁਰਤਿ ਨੂੰ ਸਵਾਸ ਦੀ ਮਦਦ ਦੇ ਨਾਲ ਉੱਚਾ ਚੁੱਕਿਆ। ਜਿਸ ਪਾਸੋਂ ਧੁਨ ਆਈ ਉਸ ਪਾਸੇ ਧਿਆਨ ਲਿਜਾਣਾ ਹੈ। ਉਹ ਧੁਨ ਕੀ ਹੈ?

*ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਅੰਗ–੯੪੩*

ਗੁਰੂ ਮੂਰਤਿ ਕੀ ਹੈ? ਉਹ ਹੈ ਸ਼ਬਦ। ਸ਼ਬਦ ਹੈ ਧੁਨ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*

*ਗੁਰਮੁਖਿ ਅਕਥ ਕਹਾਨੀ ॥ ਅੰਗ - ੮੨੯*

ਨਾ ਕਥੀ ਜਾਣ ਵਾਲੀ ਕਹਾਣੀ, ਗੂੰਗੇ ਦੀ ਮਠਿਆਈ ਵਾਲੀ ਬਾਤ ਅਗੰਮ ਕੀ ਹੈ। ਸ਼ੁਰੂਆਤੀ ਧਿਆਨ ਸਾਕਾਰ ਦਾ, ਉਹ ਧਿਆਨ ਹੈ ਬਹੁਤ ਸੁਖੈਨ, ਜਿਹਦੀ ਸੰਗਤ ਕਰਦੇ ਹਾਂ, ਉਹਦਾ ਧਿਆਨ ਵੀ ਆਉਂਦਾ ਹੈ।

*ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥*
*ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ*
*ਪਰਿਓ ਸਾਧ ਕੀ ਸਰਨਾ ॥ ਅੰਗ - ੫੩੧*

ਹੁਣ ਧਿਆਨ ਸਾਕਾਰ 'ਚੋਂ ਲੰਘ ਕੇ ਪ੍ਰਤੀਕ ਤੋਂ ਸੰਪਤ ਬਣਿਆ, ਸੰਪਤ ਵਿਚ ਕੀ ਹੋ ਗਿਆ? ਮਹਾਂਪੁਰਸ਼ ਆਪਣਾ ਨਿੱਜ ਤਜਰਬਾ ਦਸਦੇ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰਦੇ, ਹਲ ਵਾਹੁੰਦੇ, ਬਲਦਾਂ ਨੂੰ ਵੀ ਕਹੀ ਜਾਣਾਂ ਗੁਰਮੁਖਾ-ਗੁਰਮੁਖਾ, ਸੋਟੀ ਨਾ ਮਾਰਨੀ। ਦੂਜੇ ਭਰਾ ਵੀ ਹਲ ਚਲਾਉਂਦੇ ਉਹ ਜੋੜੀਆਂ ਅੱਗੇ ਲੰਘ ਜਾਂਦੀਆਂ। ਫੇਰ ਮਹਾਂਪੁਰਸ਼ਾਂ ਦੇ ਬਲਦਾਂ ਨੂੰ ਵੀ ਫੜ ਕੇ ਪਰਾਣੀਆਂ ਮਾਰਦੇ। ਮਹਾਂਪੁਰਸ਼ ਕਹਿੰਦੇ ਜਦੋਂ ਮੈਂ ਸੋਟੀ ਚੁਕਣੀ, ਤਾਂ ਅੱਗੇ ਗੁਰੂ ਨਾਨਕ ਸਾਹਿਬ ਜ਼ਰੇ-ਜ਼ਰੇ 'ਚ ਨਜ਼ਰ ਆਉਣੇ। ਅਵਸਥਾ ਹੈ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ - ੧੩੭੫*

ਉਹੀ ਨਜ਼ਰ ਆਉਂਦਾ ਹੈ, ਹੋਰ ਨਜ਼ਰ ਆਉਂਦਾ ਹੀ ਨਹੀਂ।

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - ੧੨੯੧*

ਹੁਣ ਇਹ, ਉਹ ਅਵਸਥਾ ਹੈ ਜਿਸਨੂੰ ਕਿਹਾ ਹੈ 'ਅਹੰਗ੍ਰਹਿ ਧਿਆਨ। ਫੇਰ ਜ਼ਰੇ-ਜ਼ਰੇ ਵਿਚ ਉਹ ਨਜ਼ਰ ਆ ਜਾਂਦਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*
*ਅੰਗ - ੨੭੨*

ਅਵਸਥਾਵਾਂ ਹਨ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ - ੯੪੧*

ਐਸਾ ਬ੍ਰਹਮ ਗਿਆਨ ਦੀ ਅਵਸਥਾ ਫੇਰ ਤਾਂ-

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥*
*ਅੰਗ - ੧੪੨੦*

ਸੋ ਇਹ ਅਵਸਥਾਵਾਂ ਹਨ ਉੱਚੀਆਂ ਤੋਂ ਉੱਚੀਆਂ। ਐਸਾ ਜੀਵਨ ਗੁਰੂ ਬਾਬਾ ਜੀ ਨੇ ਬਖਸ਼ਿਸ਼ ਕੀਤਾ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ - ੬੨*

ਕਿਉਂਕਿ ਧਰਮ ਇਕ ਹੈ, ਉਹ ਹੈ universal character, ਐਸਾ ਜੀਵਨ ਗੁਰੂ ਬਾਬਾ ਜੀ ਨੇ ਬਖਸ਼ਿਸ਼ ਕੀਤਾ। ਗੁਰਮੁਖਿ ਗਾਡੀ ਰਾਹ ਚਲਾਇਆ, ਇਹੀ ਮੰਤਰ ਸਾਰੇ ਜਪਦੇ ਆਏ ਤੇ ਹੁਣ ਵੀ ਜਪਿਆ। ਜਪ ਕੇ ਕਿੱਡੀ ਵੱਡੀ ਪਰਮਗਤੀ ਨੂੰ ਪ੍ਰਾਪਤ ਹੋਏ। ਸੋ ਆਪਾਂ ਇਕ ਸਬਕ ਹੀ ਦੋਹਰਾਇਆ ਹੈ। ਅੱਜ ਦੇ ਇਸ ਸ਼ੁਭ ਦਿਨ ਉਤੇ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਲੈ ਕੇ ਆਏ, ਉਹ ਚਾਬੀ ਮਿਲ ਗਈ ਪੰਜ ਪਿਆਰਿਆਂ ਤੋਂ, ਉਹਨੂੰ ਲਾਓ ਤਾਂ ਸਹੀ। ਕਿਉਂਕਿ ਜੇ ਚਾਬੀ ਦੀ ਵਰਤੋਂ ਹੀ ਨਾ ਕੀਤੀ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਸੋ ਇਸ ਤਰ੍ਹਾਂ ਜੁਗਤੀਆਂ ਹਨ ਜੋ ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ ਵਿਚ ਦਰਸਾਈਆਂ ਨੇ। ਇਸੇ ਕਰਕੇ ਸਟੇਜ ਤੋਂ ਬਾਰ-ਬਾਰ ਇਹਦੇ ਉਤੇ ਜ਼ੋਰ ਦਿਤਾ ਜਾਂਦਾ ਹੈ ਕਿ ਇਹ ਕਰੋ। ਜਪਣਾ ਕਿਵੇਂ ਹੈ? 'ਆਤਮ ਮਾਰਗ' ਵਿਚ ਸਾਰੀਆਂ ਜੁਗਤੀਆਂ, ਜਿੰਨੀਆਂ ਪੁਸਤਕਾਂ ਬਣੀਆਂ ਇਹਨਾਂ ਵਿਚ ਦਿਤੀਆਂ ਹੋਈਆਂ ਹਨ। 'ਸੁਰਤਿ ਸਬਦਿ ਮਾਰਗ' ਪੁਸਤਕ ਹੀ ਲੈ ਲਓ, ਪੰਜ ਵਾਰ ਛਪ ਚੁਕੀ ਹੈ। 5000,5000, 3000, ਫੇਰ 10,000 ਛਪੀ। ਬਾਰ-ਬਾਰ ਛਪ ਰਹੀ ਹੈ। ਕਿੰਨੇ ਹੀ ਪ੍ਰੇਮੀ ਇਸ ਨੂੰ ਪੜ੍ਹ ਕੇ ਨਾਮ ਮਾਰਗ ਨੂੰ ਅਪਣਾਅ ਰਹੇ ਹਨ। ਕਿਵੇਂ ਸੁਰਤਿ ਨੂੰ ਸਬਦਿ ਨਾਲ ਜੋੜਨਾ ਹੈ ਇਹਦੇ ਵਿਚੋਂ ਪਤਾ ਲਗਦਾ ਹੈ -

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥ ਅੰਗ - ੯੩੮*

*ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਲੋਕ ਮਃ ੧ ॥
ਦਾਤੀ ਸਾਹਿਬ ਸੰਦੀਆ
ਕਿਆ ਚਲੈ ਤਿਸੁ ਨਾਲਿ ॥

ਹੇ ਭਾਈ! ਇਹ ਸਾਰੀਆਂ ਦਾਤੀ=ਦਾਤਾਂ ਉਸ ਸਾਹਿਬ=ਮਾਲਕ ਪਰਮੇਸ਼ਰ ਸੰਦੀਆਂ=ਦੀਆਂ ਹਨ, ਤਿਸੁ=ਉਸ ਪਰਮੇਸ਼ਰ ਦੇ ਨਾਲ ਕਿਸੇ ਦਾ ਕਿਆ=ਕੀ ਜੋਰ ਚਲੈ=ਚੱਲ ਸਕਦਾ ਹੈ।

ਇਕ ਜਾਗੰਦੇ ਨਾ ਲਹੰਨਿ
ਇਕਨਾ ਸੁਤਿਆ ਦੇਇ ਉਠਾਲਿ ॥ ੧ ॥

ਇਕ ਜਾਗੰਦੇ=ਜਾਗਦੇ ਵੀ ਤੁਸੀਂ ਉਤਨੀ ਦਾਤ ਨਾ=ਨਹੀਂ ਲਹੰਨਿ=ਲੈ ਸਕਦੇ ਅਤੇ ਇਕਨਾ ਨੂੰ ਪਰਮੇਸ਼ਰ ਸੁਤਿਆਂ ਪਿਆ ਨੂੰ ਉਠਾਲਿ=ਉਠਾ ਕੇ ਦੇਇ=ਦਿੰਦਾ ਹੈ, ਇਹ ਦੇਖਣਾ ਕਰੋ ਕਿ ਬਾਕੀ ਦਾ ਬਚਿਆ ਸਾਰਾ ਦੁੱਧ ਅਤੇ ਮੋਹਰਾਂ ਸਾਡੇ ਕੋਲ ਪਈਆਂ ਹਨ।

ਮਃ ੧ ॥ ਸਿਦਕੁ ਸਬੂਰੀ ਸਾਦਿਕਾ
ਸਬਰੁ ਤੋਸਾ ਮਲਾਇਕਾਂ ॥

ਸਾਦਿਕਾ=ਸ਼ਰਧਾਵਾਨ ਜਗਿਆਸੂ ਦੇ ਹਿਰਦੇ ਅੰਦਰ ਸਿਦਕੁ=ਭਰੋਸਾ ਤੇ ਸਬੂਰੀ=ਸੰਤੋਖ ਹੋਣਾ ਚਾਹੀਦਾ ਹੈ ਅਤੇ ਮਲਾਇਕਾਂ=ਦੇਵਤਿਆਂ ਵਰਗੇ ਸੁਭਾਅ ਵਾਲੇ ਸੰਤ ਜਨਾਂ ਦੇ ਪਾਸ ਸਬਰੁ=ਸੰਤੋਖ ਰੂਪੀ ਤੋਸਾ=ਖਰਚ ਹੋਣਾ ਚਾਹੀਦਾ ਹੈ ਵਾ: ਮਲਾਇਕਾਂ=ਦੇਵ ਸਰੂਪ ਗੁਰੂ ਦੇ ਅੰਦਰ ਸਬਰੁ=ਸੰਤੋਖ ਦਾ ਤੋਸਾ=ਖਰਚ ਹੋਣਾ ਚਾਹੀਦਾ ਹੈ ਭਾਵ ਗੁਰੂ ਸੰਤੋਖੀ ਹੋਣਾ ਚਾਹੀਦਾ ਹੈ।

ਦੀਦਾਰੁ ਪੂਰੇ ਪਾਇਸਾ
ਥਾਉ ਨਾਹੀ ਖਾਇਕਾ ॥ ੨ ॥

ਇਹੋ ਜਿਹੇ ਸਿਦਕ ਵਾਲੇ ਜਗਿਆਸੂ ਜਨ ਸੰਤੋਖੀ ਗੁਰਾਂ ਨਾਲ ਮਿਲ ਕੇ ਪੂਰੇ=ਪੂਰਨ ਪਰਮੇਸ਼ਰ ਦਾ ਦੀਦਾਰੁ=ਦਰਸ਼ਨ ਪਾਇਸਾ=ਪਾ ਲੈਂਦੇ ਹਨ, ਪਰ ਖਾਇਕਾ=ਮੂਰਖਾਂ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਕੋਈ ਥਾਉ=ਥਾਂ ਨਾਹੀ=ਨਹੀਂ ਮਿਲਦਾ।

ਪਉੜੀ ॥ ਸਭ ਆਪੇ ਤੁਧੁ ਉਪਾਇ ਕੈ
ਆਪਿ ਕਾਰੈ ਲਾਈ ॥

ਹੇ ਪਰਮੇਸ਼ਰ! ਤੁਧੁ=ਤੂੰ ਆਪ ਹੀ ਸਭ=ਸਾਰੀ ਸ੍ਰਿਸ਼ਟੀ ਉਪਾਇ ਕੈ=ਪੈਦਾ ਕਰਕੇ ਜਿਹੋ ਜਿਹੀ ਕਿਸੇ ਦੀ ਕਰਨੀ ਸੀ, ਉਸ ਦੀ ਭਾਵਨਾ ਅਨੁਸਾਰ ਆਪ ਹੀ ਸਾਰੀ ਸ੍ਰਿਸ਼ਟੀ ਕਾਰੈ=ਕਾਰਹ ਲਾਈ=ਲਾਉਣਾ ਕੀਤੀ ਹੈ।

ਤੂੰ ਆਪੇ ਵੇਖਿ ਵਿਗਸਦਾ
ਆਪਣੀ ਵਡਿਆਈ ॥

ਤੂੰ ਆਪ ਹੀ ਸਾਰਿਆਂ ਦੀਆਂ ਕਰਤੂਤਾਂ ਵੇਖਿ=ਵੇਖਦਾ ਹੈਂ ਅਤੇ ਆਪ ਹੀ ਵਿਗਸਦਾ=ਪ੍ਰਸੰਨ ਹੁੰਦਾ ਹੈਂ ਅਤੇ ਆਪਣੀ ਵਡਿਆਈ=ਸ਼ੋਭਾ ਨੂੰ ਤੂੰ ਆਪ ਹੀ ਜਾਣਦਾ ਹੈ।

ਹਰਿ ਤੁਧਹੁ ਬਾਹਰਿ ਕਿਛੁ ਨਾਹੀ
ਤੂੰ ਸਚਾ ਸਾਈ ॥

ਹੇ ਹਰਿ=ਹਰੀ ਪਰਮੇਸ਼ਰ ਤੁਧਹੁ=ਤੁਹਾਡੇ ਤੋਂ ਬਾਹਰ ਕਿਛੁ=ਕੁਝ ਵੀ ਨਹੀਂ ਹੈ। ਤੂੰ ਆਪ ਹੀ ਸਾਰਿਆਂ ਦਾ ਸੱਚਾ ਸਾਈਂ=ਸੁਆਮੀ ਮਾਲਕ ਹੈਂ।

ਤੂੰ ਆਪੇ ਆਪਿ ਵਰਤਦਾ
ਸਭਨੀ ਹੀ ਥਾਈ ॥

ਤੂੰ ਆਪਣੇ ਆਪ ਵਿਚ ਹੀ ਵਰਤਦਾ=ਵਰਤ ਰਿਹਾ ਹੈਂ। ਲੋਕ ਪਰਲੋਕ, ਧਰਤੀ ਪਾਤਾਲ ਆਦਿ ਸਾਰੀਆਂ ਥਾਈ=ਥਾਵਾਂ ਵਿਚ ਆਪ ਹੀ ਵਿਆਪਕ ਹੈਂ।

ਹਰਿ ਤਿਸੈ ਧਿਆਵਹੁ ਸੰਤ ਜਨਹੁ
ਜੋ ਲਏ ਛਡਾਈ ॥ ੨ ॥

ਹੇ ਸੰਤ ਜਨਹੁ=ਸ਼ਾਂਤ ਬਿਰਤੀ ਵਾਲੇ ਅਧਿਕਾਰੀ ਮਹਾਂਪੁਰਸ਼ੋ! ਤੁਸੀਂ ਉਸ ਹਰਿ=ਪਰਮੇਸ਼ਰ ਨੂੰ ਇਕ ਚਿਤ ਹੋ ਕੇ ਧਿਆਵਹੁ=ਧਿਆਉਣਾ ਕਰੋ ਭਾਵ ਅਰਾਧਨਾ ਕਰੋ। ਉਹ ਪਰਮੇਸ਼ਰ ਐਸਾ ਕ੍ਰਿਪਾਲੂ ਦਇਆਲੂ ਹੈ ਜੋ ਅੰਤ ਵੇਲੇ ਜਮਾਂ ਤੋਂ ਛਡਾਈ=ਛੁਡਾ ਭਾਵ ਬਚਾਅ ਲਏ=ਲੈਂਦਾ ਹੈ।

ਸਲੋਕ ਮਃ ੧ ॥
ਫਕੜ ਜਾਤੀ ਫਕੜੁ ਨਾਉ ॥

ਹੇ ਭਾਈ! ਜੋ ਹੰਕਾਰ ਦੇ ਸਹਿਤ ਫਕੜ=ਫੱਕਰਪੁਣੇ ਦੀ ਜਾਤੀ=ਜਾਤ ਅਤੇ ਫਕੜੇ=ਫੱਕਰਪੁਣੇ ਦਾ ਨਾਉ=ਨਾਮ ਹੈ, ਇਹ ਖੁਆਰ ਹੋਣ ਵਾਲਾ ਹੈ ਵਾ: ਜਾਤੀ ਦਾ ਅਭਿਮਾਨ ਵੀ ਫਕੜੁ=ਫਜ਼ੂਲ ਹੈ ਅਤੇ ਨਾਉ=ਨਾਮ ਦਾ ਅਭਿਮਾਨ ਵੀ ਫਕੜ=ਫਜ਼ੂਲ ਹੈ ਕਿਉਂਕਿ ਹਰੇਕ ਜਾਤੀ ਤੇ ਹਰੇਕ ਨਾਮ ਵਾਲੇ –

ਸਭਨਾ ਜੀਆ ਇਕਾ ਛਾਉ ॥

ਸਭਨਾ=ਸਾਰਿਆਂ ਜੀਆ=ਜੀਵਾਂ ਤੇ ਇਕਾ=ਇਕ ਪਰਮੇਸ਼ਰ ਵਾਹਿਗੁਰੂ ਦਾ ਹੀ ਛਾਉ=ਆਸਰਾ ਹੈ ਵਾ: ਸਾਰਿਆਂ ਵਿਚ ਇੱਕੋ ਹੀ ਚੇਤਨ ਛਾਇਆ ਹੋਇਆ ਹੈ। ਅਰਥਾਤ ਸਾਰਿਆਂ ਵਿਚ ਇਕ ਈਸ਼ਵਰ ਦਾ ਪਰਛਾਵਾਂ ਪੈਣ ਕਰਕੇ ਸਾਰੇ ਉਸ ਦੇ ਤਾਈਂ ਮਾਇਆ ਸਬਲ, ਅਬਿਆਕ੍ਰਿਤ, ਵਿਰਾਟ, ਹਿਰਨ ਗਰਭ, ਕਹਿਣ ਲੱਗ ਗਏ। ਇਸ ਪ੍ਰਕਾਰ ਆਤਮਾ ਦਾ ਪਰਛਾਵਾਂ ਪੈਣ ਕਰਕੇ ਉਸ ਦੇ ਤਾਈਂ ਪਰਾਗ, ਵਿਸ਼ਵਨਾਮੇ ਜੀਵ ਕਹਿਣ ਲੱਗ ਪਏ। ਸਾਰੇ ਜੀਵਾਂ ਦੇ ਅੰਦਰ ਮਾਇਆ, ਅਵਿਦਿਆ ਦੀ ਉਪਾਧੀ ਕਰਕੇ ਭੇਦ ਪ੍ਰਤੀਤ ਹੋ ਰਿਹਾ ਹੈ। ਇਉਂ ਵਾਹਿਗੁਰੂ ਦਾ ਸਾਰਿਆਂ 'ਤੇ ਇਕੋ ਜਿਹਾ ਛਾਉ=ਆਸਰਾ ਹੈ ਅਥਵਾ ਉਹ ਇਕਾ=ਇਕਾ ਪਰਮੇਸ਼ਰ ਹੀ ਚੇਤਨ ਸੱਤਾ ਦੇ ਛਾਉ=ਆਸਰੇ ਕਰਕੇ ਸਾਰਿਆਂ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ।

ਆਪਹੁ ਜੇ ਕੋ ਭਲਾ ਕਹਾਏ ॥

ਜੇ=ਜੇਕਰ ਕੋ=ਕੋਈ ਜੀਵ ਜਾਤੀ ਜਾਂ ਵਡਿਆਈ ਦੇ ਆਸਰੇ ਆਪਹੁ=ਆਪਣੇ ਆਪ ਨੂੰ ਬੇਸ਼ੱਕ ਭਲਾ=ਚੰਗਾ ਕਹਾਏ=ਅਖਵਾਉਣਾ ਕਰੇ।

ਨਾਨਕ ਤਾ ਪਰੁ ਜਾਪੈ
ਜਾ ਪਤਿ ਲੇਖੈ ਪਾਏ ॥੧॥

ਗੁਰੂ ਜੀ ਕਥਨ ਕਰਦੇ ਹਨ ਪਰ ਜੀਵ ਤਾ=ਤਦ ਹੀ ਪਰੁ=ਵਿਸ਼ੇਸ਼ ਕਰਕੇ ਚੰਗਾ ਜਾਪੈ=ਜਾਣਿਆ ਜਾ ਸਕਦਾ ਹੈ, ਜਾ=ਜੇਕਰ ਵਾਹਿਗੁਰੂ ਦੇ ਲੇਖੇ ਵਿਚ ਪਤਿ=ਇੱਜ਼ਤ ਪਾਏ=ਪੈ ਜਾਵੇ ਅਥਵਾ ਜੇਕਰ ਵਾਹਿਗੁਰੂ ਦੇ ਦਰ 'ਤੇ ਪਤ ਲੇਖੇ ਵਿਚ ਪੈ ਜਾਵੇ ਤਾਂ ਵਿਸ਼ੇਸ਼ ਕਰਕੇ ਪਰਾ ਰੂਪ ਬ੍ਰਹਮ ਦਾ ਸਰੂਪ ਜਾਣਿਆ ਜਾ ਸਕਦਾ ਹੈ।

ਮਃ ੨ ॥
ਜਿਸੁ ਪਿਆਰੇ ਸਿਉ ਨੇਹੁ
ਤਿਸੁ ਆਗੈ ਮਰਿ ਚਲੀਐ ॥

ਹੇ ਗੁਰਸਿੱਖੋ! ਜਿਸ ਪਿਆਰੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨਾਲ ਸਾਡਾ ਨੇਹੁ=ਪਿਆਰ ਹੈ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਤੋਂ ਆਗੈ=ਪਹਿਲਾਂ ਹੀ ਮਰਿ=ਮਰ ਕੇ ਭਾਵ ਮਨ ਕਰਕੇ, ਮਰ ਕੇ ਚੱਲੀਏ ਭਾਵ ਆਤਮ ਸਮਰਪਣ ਕਰੀਏ।

ਧ੍ਰਿਗੁ ਜੀਵਣੁ ਸੰਸਾਰਿ
ਤਾ ਕੈ ਪਾਛੈ ਜੀਵਣਾ ॥੨॥

ਤਾ=ਉਨ੍ਹਾਂ ਸਤਿਗੁਰਾਂ ਕੇ=ਦੇ ਚਲੇ ਜਾਣ ਤੋਂ ਪਾਛੈ=ਪਿੱਛੋਂ ਜੋ ਵਿਛੋੜੇ ਵਿਚ ਜੀਵਣਾ=ਜਿਉਣਾ ਹੈ, ਉਹ ਜੀਵਣੁ=ਜ਼ਿੰਦਗੀ ਸੰਸਾਰਿ=ਜਗਤ ਵਿਚ ਧ੍ਰਿਗੁ=ਧ੍ਰਿਕਾਰ ਯੋਗ ਹੈ।

ਪਉੜੀ ॥ ਤੁਧੁ ਆਪੇ ਧਰਤੀ ਸਾਜੀਐ
ਚੰਦੁ ਸੂਰਜੁ ਦੁਇ ਦੀਵੇ ॥

ਗੁਰੂ ਰਾਮਦਾਸ ਪਾਤਸ਼ਾਹ ਜੀ ਸਿਰੀਰਾਗ ਦੀ ਵਾਰ ਦੀਆਂ ਪਉੜੀਆਂ ਵਿਚ ਫੁਰਮਾਨ ਕਰਦੇ ਹਨ ਕਿ ਹੇ ਅੰਤਰਜਾਮੀ! ਤੁਧੁ=ਤੂੰ ਆਪ ਹੀ ਧਰਤੀ ਦੀ ਸਾਜੀਐ=ਸਾਜਨਾ ਕੀਤੀ ਹੈ ਅਤੇ ਚੰਦ ਸੂਰਜ ਦੁਇ=ਦੋ ਦੀਵੇ ਪ੍ਰਕਾਸ਼ ਕਰਨ ਲਈ ਰੱਖੇ ਹੋਏ ਹਨ ਭਾਵ ਰਾਤ ਦਾ ਚੰਦਰਮਾ ਤੇ ਦਿਨ ਦਾ ਸੂਰਜ।

ਦਸ ਚਾਰਿ ਹਟ ਤੁਧੁ ਸਾਜਿਆ
ਵਾਪਾਰੁ ਕਰੀਵੇ ॥

ਦਸ ਚਾਰਿ=ਚੌਦਾਂ ਲੋਕ ਰੂਪ ਹਟ=ਦੁਕਾਨਾਂ ਪਰਮੇਸ਼ਰ ਜੀ ਤੁਧੁ=ਤੁਸੀਂ ਸਾਜਿਆ=ਸਾਜਣਾ ਕੀਤੀਆਂ ਹਨ। ਇਨ੍ਹਾਂ ਵਿਚ ਜਿਹੜੇ ਜੀਵ ਵਸ ਰਹੇ ਹਨ, ਉਹ ਸਾਰੇ ਆਪੋ-ਆਪਣੇ ਕਰਮਾਂ ਅਤੇ ਵਾਸ਼ਨਾ ਅਨੁਸਾਰ ਪਾਪਾਂ ਅਤੇ ਪੁੰਨਾਂ ਦੇ ਵਾਪਾਰ ਕਰੀਵੇ=ਕਰਦੇ ਹਨ। ਜਿਨ੍ਹਾਂ ਵਿਚ ਪਾਪ ਅਤੇ ਪੁੰਨ ਮਿਸ਼ਰਤ ਹਨ, ਉਹ ਮਾਤ ਲੋਕ ਵਾਲੇ ਮਨੁੱਖ ਹਨ। ਜਿਨ੍ਹਾਂ ਵਿਚ ਪੁੰਨ ਜ਼ਿਆਦਾ ਹਨ ਉਹ ਸਵਰਗ ਲੋਕ ਦੇ ਦੇਵਤੇ ਹਨ ਅਤੇ ਜਿਨ੍ਹਾਂ ਵਿਚ ਪਾਪਾਂ ਦੀ ਗਿਣਤੀ ਜ਼ਿਆਦਾ ਹੈ, ਉਹ ਪਾਤਾਲ ਲੋਕ ਦੇ ਦੈਂਤ ਹਨ। ਇਉਂ ਇਸ ਪ੍ਰਕਾਰ ਵਾਪਾਰ ਕਰ ਰਹੇ ਹਨ।

ਇਕਨਾ ਨੋ ਹਰਿ ਲਾਭੁ ਦੇਇ
ਜੋ ਗੁਰਮੁਖਿ ਥੀਵੇ ॥

ਹੇ ਹਰਿ=ਪਰਮੇਸ਼ਰ! ਇਕਨਾ ਨੂੰ ਆਪ ਹੀ ਆਪਣੀ ਪ੍ਰਾਪਤੀ ਦਾ ਲਾਭੁ=ਨਫਾ ਬਖਸ਼ ਦੇਇ=ਦਿੰਦਾ ਹੈਂ, ਜੋ-ਜਿਹੜੇ ਗੁਰਾਂ ਦੀ ਸੰਗਤ ਕਰਕੇ ਗੁਰਮੁਖ ਥੀਵੇ=ਹੋਏ ਹਨ।

ਤਿਨ ਜਮਕਾਲੁ ਨ ਵਿਆਪਈ
ਜਿਨ ਸਚੁ ਅੰਮ੍ਰਿਤੁ ਪੀਵੇ ॥

ਓਇ ਆਪਿ ਛੁਟੇ ਪਰਵਾਰ ਸਿਉ
ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥

ਓਇ=ਉਹ ਆਪਣੇ ਪਰਿਵਾਰ ਦੇ ਸਿਉ=ਸਮੇਤ ਜੰਮਣ ਮਰਣ ਦੇ ਬੰਧਨਾਂ ਤੋਂ ਛੁਟੇ=ਮੁਕਤ ਹੋ ਗਏ ਹਨ ਅਤੇ ਤਿਨ=ਉਨ੍ਹਾਂ ਦੇ ਪਿੱਛੇ ਸਭੁ=ਸਾਰੇ ਜਗਤ ਦਾ ਵੀ ਛੁਟੀਵੇ=ਛੁਟਕਾਰਾ ਹੋ ਜਾਂਦਾ ਹੈ।

*'ਚਲਦਾ..........।'*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਪ੍ਰਭਾਵ

*ਡਾ. ਸਰਬਜਿੰਦਰ ਸਿੰਘ*
*ਵਾਇਸ ਚਾਂਸਲਰ ਯੂਨੀਵਰਸਿਟੀ,*
*ਸ੍ਰੀ ਅਨੰਦਪੁਰ ਸਾਹਿਬ*

ਮੌਤ, ਜ਼ਿੰਦਗੀ ਦੀ ਅਟੱਲ ਸਚਾਈ ਹੈ। ਕੁਦਰਤ ਦੀ ਹਰ ਸਿਰਜਨਾ ਦਾ ਅੰਤ ਅਟੱਲ ਹੈ। ਇਹ ਅਜਿਹਾ ਸੱਚ ਹੈ ਜਿਸ ਨੂੰ ਰੋਕ ਸਕਣਾ ਜਾਂ ਅੱਗੇ ਪਾਉਣਾ ਕਿਸੇ ਵੀ ਤਰ੍ਹਾਂ ਮੁਮਕਿਨ ਨਹੀਂ ਹੈ। ਆਧੁਨਿਕ ਸਮੇਂ ਵਿਚ ਵਿਗਿਆਨ ਅਤੇ ਤਕਨੀਕ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਕੇ ਹਰ ਨਾ-ਮੁਮਕਿਨ ਨੂੰ ਮੁਮਕਿਨ ਵਿਚ ਤਬਦੀਲ ਕਰ ਰਹੀ ਹੈ। ਅਜਿਹੇ ਢੰਗ ਈਜਾਦ ਕਰ ਲਏ ਗਏ ਹਨ ਕਿ ਸਰੀਰ ਦੇ ਅੰਦਰ ਅਤੇ ਬਾਹਰ ਦੇ ਹਰ ਅੰਗ ਦੇ ਸੂਖਮ ਤੋਂ ਸੂਖਮ ਹਿੱਸੇ ਦੇ ਰਹੱਸ ਤੋਂ ਪਰਦਾ ਉਠ ਚੁੱਕਾ ਹੈ। ਬ੍ਰਹਿਮੰਡ ਕਿਸ ਤਰ੍ਹਾਂ ਦਾ ਹੈ ਅਤੇ ਕੀ ਹੈ, ਕੀ ਵਾਪਰਨਾ ਹੈ ਅਤੇ ਕਿਸ ਤਰ੍ਹਾਂ ਦੇ ਵਾਪਰਨ ਦੀ ਸੰਭਾਵਨਾ ਹੈ, ਇਹ ਮਨੁੱਖੀ ਗਿਆਨ ਦਾ ਹਿੱਸਾ ਬਣ ਚੁੱਕਾ ਹੈ। ਪਰ ਬਾਵਜੂਦ ਇਸ ਦੇ, ਨਾ ਤਾਂ ਮੌਤ ਦੇ ਰਹੱਸ ਤੋਂ ਪਰਦਾ ਉੱਠ ਸਕਿਆ ਹੈ ਅਤੇ ਨਾ ਹੀ ਮੌਤ ਨੂੰ ਰੋਕਣ ਦਾ ਕੋਈ ਢੰਗ ਈਜ਼ਾਦ ਹੋ ਸਕਿਆ ਹੈ। ਇਸ ਲਈ ਸਮੁੱਚਾ ਸੰਸਰ ਹੀ ਮੌਤ ਦੇ ਡਰ ਤੋਂ ਭੈ-ਭੀਤ ਹੈ ਅਤੇ ਰਹੇਗਾ ਵੀ।

ਪਰ ਇਸ ਮੌਤ ਦੇ ਖੌਫ਼ ਦੇ ਬਾਵਜੂਦ ਸੰਸਾਰ ਦੇ ਕਿਸੇ ਵੀ ਧਰਮ ਜਾਂ ਕੌਮ ਦੇ ਇਤਿਹਾਸ ਵੱਲ ਜੇਕਰ ਝਾਤ ਮਾਰੀ ਜਾਵੇ ਤਾਂ ਕੁਝ ਲੋਕ ਅਜਿਹੇ ਵੀ ਨਜ਼ਰ ਆਉਂਦੇ ਹਨ ਜਿਹੜੇ ਮੌਤ ਤੋਂ ਬੇਖੌਫ਼, ਮੌਤ ਨੂੰ ਮਖੌਲਾਂ ਕਰਨ ਵਾਲਿਆਂ ਦੀ ਪੰਗਤੀ ਵਿਚ ਖੜ੍ਹੇ ਨਜ਼ਰ ਆਉਂਦੇ ਹਨ। ਇਹ ਲੋਕ ਆਪਣੀ ਕੁਦਰਤੀ ਮੌਤ ਦੀ ਉਡੀਕ ਨਾ ਕਰਦੇ ਹੋਏ, ਹਰ ਤਰ੍ਹਾਂ ਦੇ ਸ਼ੋਸ਼ਣ, ਜ਼ੁਲਮ, ਧਾਰਮਿਕ ਪੱਖਪਾਤ ਅਤੇ ਮਨੁੱਖਤਾ ਦੇ ਬੋਲ-ਬਾਲੇ ਵਾਸਤੇ ਆਪਣੀ ਮੌਤ ਨੂੰ ਆਪ ਗਲੇ ਮਿਲਦੇ ਹਨ। ਅਜਿਹੇ ਲੋਕਾਂ ਨੂੰ 'ਸ਼ਹੀਦ' ਅਤੇ ਉਨ੍ਹਾਂ ਦੀ ਸਵੈ-ਕੁਰਬਾਨੀ ਨੂੰ 'ਸ਼ਹਾਦਤ' ਦੇ ਦਰਜੇ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ, ਸਗੋਂ ਅਜਿਹੀ ਸਿਦਕ ਸਬੂਰੀ ਹੈ ਜਿਸ ਦੇ ਧਾਰਨੀ ਹੋ ਕੇ ਤਸ਼ੱਦਦ, ਜ਼ੁਲਮ ਅਤੇ ਸ਼ੋਸ਼ਣ ਵਿਰੁੱਧ ਸ਼ਹਿਨਸ਼ੀਲਤਾ ਦੀ ਦਿਗ-ਵਿਜੈ ਸਥਾਪਿਤ ਕਰਨੀ ਹੈ। ਇਸ ਤਰ੍ਹਾਂ ਦੇ ਮਹਾਨ ਲੋਕਾਂ ਦੀਆਂ ਸਵੈ-ਸ਼ਹਾਦਤਾਂ ਨਾਲ ਹੀ ਕੌਮੀਅਤਾਂ ਦੀ ਆਜ਼ਾਦੀ ਅਤੇ ਧਰਮ ਦੀ ਰਖਵਾਲੀ ਸੰਭਵ ਹੁੰਦੀ ਹੈ।

ਸਪੱਸ਼ਟ ਹੈ ਕਿ ਮਨੁੱਖ ਜਦੋਂ ਦੇਹ ਤੋਂ ਮੁਕਤ ਹੁੰਦਾ ਹੈ, ਤਾਂ ਉਹ ਇਲਾਹੀ ਗੁਹਜ ਨਾਲ ਇਕਸੁਰਤਾ ਪ੍ਰਾਪਤ ਕਰ ਲੈਂਦਾ ਹੈ। ਇਥੇ ਤੂੰ ਤੂੰ ਕਰਤਾ ਤੂ ਹੂਆ' ਵਾਲੀ ਸਥਿਤੀ ਦਾ ਜਨਮ ਹੁੰਦਾ ਹੈ। ਜਦੋਂ 'ਮੈਂ' ਤੋਂ 'ਤੂੰ' ਵਿਚ ਪ੍ਰਵੇਸ਼ ਕਰ ਲਿਆ ਤਾਂ ਫਿਰ ਮੌਤ ਦਾ ਭੈਅ ਕਿਥੇ। ਉਹ ਨਿਰਭਉ ਸ਼ਕਤੀ ਦਾ ਮਾਲਕ ਬਣ ਜਾਂਦਾ ਹੈ। ਇਸੇ ਨੂੰ ਇਕ ਸਿੱਖ ਵਿਦਵਾਨ ਆਪਣੇ ਕਾਵਿਕ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਗਟਾਉਂਦਾ ਹੈ - ਸ਼ਹਾਦਤ, ਮਨੁੱਖ ਦਾ ਰੂਹਾਨੀ ਸਫ਼ਰ ਅਜੀਮ ਸਾਬਤ ਹੋ ਜਾਂਦਾ ਹੈ ਅਤੇ ਉਸ ਨੂੰ ਹਾਸਲ ਕਰਦੇ ਹੋਏ ਰਹਿਮ ਵਿਚ ਅੰਤਮ-ਨਾਂਹ ਨੂੰ ਆਪਣੇ ਵਿਚ ਸਮੋ ਲੈਣ ਦੀ ਤਾਕਤ ਆ ਜਾਂਦੀ ਹੈ ਅਤੇ ਫਿਰ ਸ਼ਹੀਦ ਸਦਾ ਜਿਉਂਦਾ ਹੈ।

ਸ਼ਹੀਦ ਦੀ ਸ਼ਹਾਦਤ ਜੀਵਨ ਜਿਊਣ ਦੀ ਜਾਚ ਸਿਖਾਉਂਦੀ ਹੈ। ਅਜਿਹੀ ਅਵਸਥਾ ਵੱਲ ਗੁਰਬਾਣੀ ਇਸ ਤਰ੍ਹਾਂ ਇਸ਼ਾਰਾ ਕਰਦੀ ਹੈ -

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥*

*ਅੰਗ - ੧੧੦੫*

ਉਪਰੋਕਤ ਦੇ ਸੰਕਲਪੀ ਪ੍ਰਕਾਸ਼ਨ ਅਧੀਨ ਅਸੀਂ ਇਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਕਾਰਨਾਂ 'ਤੇ ਸੰਖੇਪ ਰੂਪ ਵਿਚ ਨਜ਼ਰਸਾਨੀ ਕਰਨ ਦਾ ਯਤਨ ਕਰਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਗੁਰੂ ਨਾਨਕ ਘਰ ਦੀ ਨੌਵੀਂ ਜੋਤ ਹਨ। ਆਪ ਜੀ ਦਾ ਪ੍ਰਕਾਸ਼ ਛੇਵੇਂ ਪਾਤਸ਼ਾਹ ਹਜ਼ੂਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਹਿ ਮਾਤਾ ਨਾਨਕੀ ਜੀ ਦੀ ਕੁੱਖੋਂ 1621 ਈ: ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦੀ ਪਰਵਰਿਸ਼ ਮਹਾਨ ਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿਚ ਹੋਈ। ਬਾਬਾ ਬੁੱਢਾ

ਜੀ ਨੇ ਜਿਥੇ ਬਚਪਨ ਤੋਂ ਹੀ ਆਪ ਨੂੰ ਗੁਰੂ ਨਾਨਕ ਨੂਰ ਨਾਲ ਸਰਸ਼ਾਰ ਕਰਕੇ ਪ੍ਰਮਾਤਮਾ ਦੇ ਰਹੱਸ ਨਾਲ ਇਕਸੁਰ ਕੀਤਾ, ਉਥੇ ਭਾਈ ਗੁਰਦਾਸ ਜੀ ਨੇ ਆਪ ਨੂੰ ਵੱਖ-ਵੱਖ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਗੂੜ੍ਹ ਗਿਆਨ, ਹਾਸਿਲ ਕਰਾਉਂਦੇ ਹੋਏ ਬ੍ਰਜ, ਸੰਸਕ੍ਰਿਤ, ਫਾਰਸੀ ਅਤੇ ਪੰਜਾਬੀ ਆਦਿ ਭਾਸ਼ਾਵਾਂ ਵਿਚ ਵੀ ਪ੍ਰਬੀਨ ਕਰ ਦਿਤਾ। ਆਪਣੇ ਗੁਰ ਪਿਤਾ ਵਾਲੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਵੀ ਬਾਬਾ ਬੁੱਢਾ ਜੀ ਦਾ ਹੀ ਯੋਗਦਾਨ ਸੀ। ਇਸ ਲਈ ਬਚਪਨ ਤੋਂ ਹੀ ਜਿਥੇ ਕੋਮਲਤਾ, ਦਇਆ ਤੇ ਨਿਮਰਤਾ ਆਪ ਦੇ ਗੁਣਾਂ ਵਿਚ ਸੰਮਿਲਤ ਸਨ, ਉਥੇ ਜ਼ੁਲਮ ਨਾਲ ਟੱਕਰ ਲੈਣ ਦੀ ਹਿੰਮਤ ਅਤੇ ਦ੍ਰਿੜ੍ਹਤਾ ਆਪ ਦੇ ਮੀਰੀ ਗੁਣਾਂ ਵਿਚ ਸ਼ਾਮਲ ਸੀ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ 14 ਸਾਲਾਂ ਦੀ ਉਮਰ ਵਿਚ ਕਰਤਾਰਪੁਰ ਦੇ ਯੁੱਧ ਵਿਚ ਕੀਤਾ ਅਤੇ ਸਭ ਨੂੰ ਹੈਰਾਨ ਕਰਕੇ ਰੱਖ ਦਿਤਾ। ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਦਾ ਨਾਂ ਤੇਗ ਬਹਾਦਰ ਵੀ ਇਸ ਯੁੱਧ ਤੋਂ ਬਾਅਦ ਹੀ ਰੱਖਿਆ ਗਿਆ ਸੀ।

1635 ਈ: ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਰਿਵਾਰ ਅਤੇ ਸਿੱਖ ਸੰਗਤ ਸਮੇਤ ਸ਼ਿਵਾਲਿਕ ਪਹਾੜੀਆਂ ਦੇ ਵਿਚ ਵਸੇ ਨਗਰ ਕੀਰਤਪੁਰ ਜਾ ਵਸੇ। ਪਾਤਸ਼ਾਹ ਨੇ ਇਸੇ ਅਸਥਾਨ ਗੁਰਿਆਈ, ਬਾਬਾ ਗੁਰਦਿਤਾ ਜੀ ਦੇ ਛੋਟੇ ਪੁੱਤਰ ਹਰਿ ਰਾਏ ਜੀ ਨੂੰ ਦੇ ਕੇ 1644 ਈ: ਨੂੰ ਅਕਾਲ ਪਿਆਨਾ ਕੀਤਾ। ਪਿਤਾ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਮਹਲ (ਮਾਤਾ) ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ 'ਬਕਾਲੇ' ਆ ਗਏ।

ਸ੍ਰੀ ਗੁਰੂ ਹਰਿ ਰਾਇ ਜੀ 1661 ਈ: ਵਿਚ ਜੋਤੀ-ਜੋਤਿ ਸਮਾ ਗਏ ਅਤੇ ਗੁਰਗੱਦੀ ਉਪਰ ਅੱਠਵੇਂ ਗੁਰੂ ਦੇ ਰੂਪ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਜਿਨ੍ਹਾਂ ਦੀ ਉਮਰ ਉਸ ਸਮੇਂ 5 ਸਾਲ ਦੀ ਸੀ, ਪਰ ਉਸ ਤੋਂ ਪਹਿਲਾਂ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਦੁਰਘਾ ਮੱਲ ਜੀ ਨੂੰ ਬੁਲਾਇਆ ਅਤੇ ਪੰਜ ਪੈਸੇ ਤੇ ਨਾਰੀਅਲ ਲਿਆਉਣ ਦਾ ਹੁਕਮ ਕੀਤਾ। ਉਪਰੰਤ ਸੱਜੀ ਬਾਂਹ ਨੂੰ ਉਪਰ ਚੁੱਕਿਆ ਅਤੇ 'ਬਾਬਾ ਵਸੇ ਗ੍ਰਾਮ ਬਕਾਲੇ' ਦਾ ਇਲਾਹੀ ਫੁਰਮਾਨ ਕਰਦੇ ਹੋਏ ਜੋਤੀ-ਜੋਤਿ ਸਮਾ ਗਏ।

ਬਕਾਲੇ ਜਾ ਕੇ ਗੁਰੂ ਦੀ ਭਾਲ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ। ਗੁਰਿਆਈ ਦੇ ਲਾਲਚ ਵਿਚ ਬਹੁਤ ਸਾਰੇ ਗੁਰੂ ਪਰਿਵਾਰਾਂ ਦੇ ਮੈਂਬਰ ਬਕਾਲੇ ਆ ਕੇ ਗੁਰਗੱਦੀ 'ਤੇ ਆਪਣਾ ਹੱਕ ਜਤਾਉਣ ਲੱਗ ਪਏ ਸਨ ਜਿਨ੍ਹਾਂ ਵਿਚੋਂ ਧੀਰਮੱਲ ਪ੍ਰਮੁੱਖ ਸੀ। ਸਿੱਖ ਬਹੁਤ ਦੁਬਿਧਾ ਵਿਚ ਸਨ। ਹੱਕ-ਸੱਚ ਦਾ ਫੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੌਂਵੇਂ ਗੁਰੂ ਦੇ ਰੂਪ ਵਿਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਰਿਸ਼ਤੇਦਾਰਾਂ ਦੀ ਈਰਖਾ ਅਤੇ ਨਫ਼ਰਤ ਸਾਰੀਆਂ ਹੱਦਾਂ ਬੰਨੇ ਪਾਰ ਕਰ ਗਈ ਸੀ। ਇਥੋਂ ਤਕ ਕਿ ਧੀਰਮੱਲ ਨੇ ਸੀਹੇਂ ਮਸੰਦ ਰਾਹੀਂ ਆਪ ਜੀ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਸਿੱਖ ਸੰਗਤਾਂ ਇਸ ਘਟਨਾ 'ਤੇ ਬੇਹੱਦ ਕ੍ਰੋਧਿਤ ਹੋਈਆਂ ਅਤੇ ਇਸ ਦੀ ਸਜ਼ਾ ਧੀਰਮੱਲ ਤੇ ਸੀਹੇਂ ਮਸੰਦ ਨੂੰ ਦਿਤੀ ਗਈ। ਪਰ ਗੁਰੂ ਸਾਹਿਬ ਦੇ ਨਿਮਰਤਾ ਵਾਲੇ ਸੁਭਾਅ ਲਈ ਇਹ ਅਸਹਿ ਸੀ, ਇਸ ਲਈ ਉਹ ਖੁਦ ਹੀ ਬਕਾਲੇ ਤੋਂ ਕੂਚ ਕਰ ਗਏ ਓਤੇ ਕੀਰਤਪੁਰ ਆਣ ਵਸੇ। ਇਥੇ ਰਹਿੰਦੇ ਹੋਏ ਹੀ ਆਪ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਸਾਇਆ ਅਤੇ ਫਿਰ ਇਥੋਂ ਹੀ ਸਿੱਖ ਧਰਮ ਦੇ ਪ੍ਰਚਾਰ ਹਿਤ ਦੂਰ-ਦੁਰਾਡੇ ਪ੍ਰਦੇਸਾਂ ਵਿਚ ਯਾਤਰਾਵਾਂ ਦਾ ਸਿਲਸਿਲਾ ਸ਼ੁਰੂ ਹੋਇਆ, ਫਲਸਰੂਪ ਸਿੱਖ ਧਰਮ ਦੇ ਵਿਕਾਸ ਅਤੇ ਵਿਗਾਸ ਨੂੰ ਵੱਡਾ ਹੁੰਗਾਰਾ ਮਿਲਿਆ। ਸ੍ਰੀ ਅਨੰਦਪੁਰ ਸਾਹਿਬ ਗੁਰੂ ਪਾਤਸ਼ਾਹ ਅਤੇ ਸਿੱਖਾਂ ਦੀ ਮੰਜ਼ਿਲ ਵਜੋਂ ਸਥਾਪਿਤ ਹੋ ਗਿਆ ਅਤੇ ਆਪਣੀ ਸ਼ਹਾਦਤ ਦਾ ਜਾਮ ਪੀਣ ਲਈ ਇਥੋਂ ਹੀ ਆਪ ਜੀ ਨੇ 1675 ਈ: ਵਿਚ ਦਿੱਲੀ ਵਲ ਚਾਲੇ ਪਾਏ ਸਨ। ਉਨ੍ਹਾਂ ਦੀ ਸ਼ਹਾਦਤ ਲਈ ਜ਼ਿੰਮੇਵਾਰ ਕੁਝ ਇਕ ਕਾਰਨਾਂ ਨੂੰ ਇਥੇ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ -

## ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਹਿੰਦੁਸਤਾਨ ਦੀ ਧਰਤੀ ਤੇ '੧' ਦਾ ਦੈਵੀ ਨਾਦ ਗੁੰਜਾ ਕੇ, ਉਨ੍ਹਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਹੋਣ ਦਾ ਅਹਿਸਾਸ ਕਰਾਇਆ। ਉਨ੍ਹਾਂ ੧ ਤੇ ਉਸ ਦੀ ਕਿਰਤ ਵੀ ੧ ਦਾ ਅਜਿਹਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ ਲੋਕਾਈ ਦੀਆਂ ਨਾੜਾਂ ਵਿਚ ਸਦੀਆਂ ਤੋਂ ਜਮੇ ਹੋਏ ਖੂਨ ਨੇ ਰੁਮਕਣਾ ਸ਼ੁਰੂ ਕਰ ਦਿਤਾ। ਹੁਣ ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸਨ ਅਤੇ ਉਹ ਉਸ ਦੇ 'ਬੰਦੇ'। ਦੂਰ-ਦਰਾਜ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ

ਹੋਣ ਲੱਗੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਨਕਾਰੀਆਂ ਦੀ ਧੱਕੇ-ਸ਼ਾਹੀ ਵਿਰੁੱਧ ਪਾਠ ਪੜ੍ਹਾਉਣ ਲਈ ਦੂਰ-ਦੂਰ ਤਕ ਭਰਮਣ ਕੀਤਾ। ਬਰਾਬਰੀ, ਮਨੁੱਖੀ, ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ। ਭੂਤ ਅਤੇ ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ 'ਤੇ ਰਹਿਮਤੇ ਬਾਰਿਸ਼ ਸਿੱਧ ਹੋਏ। ਗੁਲਾਮ ਜ਼ਹਿਨੀਅਤ ਦੇ ਕਾਲੇ ਬਦਲ ਛੱਡਣ ਲੱਗੇ ਅਤੇ ਇਨ੍ਹਾਂ ਵਿਚੋਂ ਨਵੇਂ-ਨਵੇਲੇ ਸੂਰਜ ਦੇ ਲਿਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲੱਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿਤੀ ਜੋ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸੰਕਲਪ ਨਾਲ ਸਰਸ਼ਾਰ ਹੋਈ ਪਈ ਸੀ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ-ਮੁਸਲਮਾਨ ਦਾ ਫਰਕ ਸੀ, ਨਾ ਹੀ ਊਚ-ਨੀਚ ਅਤੇ ਔਰਤ-ਮਰਦ ਦਾ। ਸ੍ਰੀ ਗੁਰੂ ਨਾਨਕ ਸਾਹਿਬ ਦਾ ਸੰਗੀ ਸਾਥੀ ਭਾਈ ਮਰਦਾਨਾ, ਜਿਸ ਨੇ ਉਨ੍ਹਾਂ ਨਾਲ ਅੰਤਿਮ ਸੁਆਸ ਤਕ ਸੇਵਾ ਨਿਭਾਈ, ਮੁਸਲਮਾਨ ਧਰਮ ਨਾਲ ਸਬੰਧਿਤ ਸੀ ਅਤੇ ਅਖੌਤੀ ਨੀਵੀਂ ਮੰਨੀ ਜਾਂਦੀ ਸ਼੍ਰੇਣੀ ਮਰਾਸੀ ਜਾਤ ਦਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਨੇ ਸਭ ਕਿਸਮ ਦੀਆਂ ਭ੍ਰਾਂਤੀਆਂ ਨੂੰ ਹਮੇਸ਼ਾ-ਹਮੇਸ਼ਾ ਲਈ ਖਤਮ ਕਰਦਿਆਂ 'ਕੋਈ ਬੋਲੈ ਰਾਮ ਰਾਮ ਕੋਈ ਖੁਦਾਇ' ਦਾ ਅਜਿਹਾ ਸਬਕ ਪੜ੍ਹਾਇਆ ਕਿ ਜਨ ਸਧਾਰਨ ਲਈ ਗੁਰੂ-ਘਰ ਅੰਤਿਮ ਸਤ ਹੋ ਨਿਬੜਿਆ ਸੀ। ਹੁਣ ਹਿੰਦੁਸਤਾਨ ਦੇ ਕੋਨੇ-ਕੋਨੇ ਵਿਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਸਨ, ਇਲਾਹੀ ਨਾਦ ਦੀ ਗੂੰਜ ਸੀ ਅਤੇ ਇਹ ਗੂੰਜ ਕਿਸੇ ਵੱਡੇ ਸੱਚ ਵੱਲ ਇਸ਼ਾਰਾ ਕਰ ਰਹੀ ਸੀ। ਜਿਥੇ ਸੱਚ ਦੇ ਰਹਿਬਰਾਂ ਤੇ ਪ੍ਰਗਟ ਹੋਈ 'ਧੁਰ ਕੀ ਬਾਣੀ' ਦੇ ਨਾਦ ਨੇ ਹਿੰਦੁਸਤਾਨ ਦੇ ਕਣ-ਕਣ ਨੂੰ ਰੁਸ਼ਨਾ ਦਿਤਾ ਸੀ, ਉਥੇ ਕਾਲੀਆਂ ਬਦਰੂਹਾਂ ਦੇ ਧੁਰ ਅੰਦਰ ਤਕ ਕੰਬਣੀ ਵੀ ਛੇੜ ਕੇ ਰੱਖ ਦਿਤੀ ਸੀ। ਸਿੱਟੇ ਵਜੋਂ ਚੜ੍ਹਦੇ ਸੂਰਜ ਨੂੰ ਰੋਕਣ ਦੇ ਅਨੇਕਾਂ ਉਪਰਾਲੇ ਸ਼ੁਰੂ ਹੋ ਗਏ। ਇਹ ਉਪਰਾਲੇ ਬਾਹਰੀ ਵੀ ਸਨ ਅਤੇ ਅੰਦਰੂਨੀ ਵੀ।

ਕਾਲੀਆਂ ਅਤੇ ਬਦਰੂਹਾਂ ਲਈ ਇਹ ਅਸਹਿ ਸੀ। ਉਹ ਆਪਣੀ ਦੰਭੀ ਚਾਦਰ ਨਾਲ ਇਸ ਚੜ੍ਹਦੇ ਸੂਰਜ ਦਾ ਪ੍ਰਕਾਸ਼ ਰੋਕਣ ਲਈ ਤਰਲੋ ਮੱਛੀ ਹੋ ਰਹੇ ਸਨ। ਗੁਰੂ ਸਿਧਾਂਤ ਦੇ ਤੇਜ਼ ਨੇ ਇਨ੍ਹਾਂ ਬੌਣ ਧਾਰੀਆਂ ਨੂੰ ਨੰਗਿਆਂ ਕਰਕੇ ਰੱਖ ਦਿਤਾ ਸੀ। ਉਹ ਗੁੱਸੇ ਵਿਚ ਤਿਲਮਿਲਾ ਰਹੇ ਸਨ ਅਤੇ ਇਸ ਤਿਲਮਿਲਾਹਟ ਵਿਚ ਹਰ ਅਸੂਲ ਦਾ ਛਿੱਕੇ ਟੰਗਿਆ ਜਾਣਾ ਸੁਭਾਵਿਕ ਸੀ। ਉਨ੍ਹਾਂ ਦਾ ਸ੍ਰੀ ਗੁਰੂ ਅਰਜਨ ਪਾਤਸ਼ਾਹ ਨੂੰ ਸ਼ਹੀਦ ਕਰਕੇ ਖੁਸ਼ੀ ਦੇ ਡੰਕੇ ਵਜਾਉਣਾ ਬੌਣੀ ਜ਼ਹਿਨੀਅਤ ਦਾ ਨਤੀਜਾ ਹੀ ਸੀ। ਪਰ ਸੱਚ ਦੇ ਹਾਣੀ ਤਾਂ ਆਪਣੀ ਮੰਜ਼ਿਲ ਤਕ ਪਹੁੰਚਣ ਲਈ ਸਿਰ 'ਤੇ ਕਫ਼ਨ ਬੰਨ੍ਹ ਕੇ ਨਿਕਲ ਚੁੱਕੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਿਆਈ ਵੇਲੇ ਤਕ ਗੁਰੂ ਨਾਨਕ ਘਰ ਦੇ ਸੱਚੇ ਨਾਦ ਨੇ ਪੂਰੇ ਹਿੰਦੁਸਤਾਨ ਵਿਚ ਹਕੂਮਤ ਨੂੰ ਤਰਲੋਮੱਛੀ ਕਰਕੇ ਰੱਖ ਦਿਤਾ ਸੀ। ਸਰਕਾਰੇ-ਦਰਬਾਰੇ ਸ਼ਿਕਾਇਤਾਂ ਦੇ ਜੰਗਲ ਉੱਗ ਆਏ ਸਨ। ਹੁਣ ਇਕੋ ਰਸਤਾ ਸੀ, ਜਾਂ ਤੇ ਹਥਿਆਰਬੰਦ ਘੋਲ ਜਾਂ ਪੰਚਮ ਪਾਤਸ਼ਾਹ ਵਾਂਗ ਸਿੱਖੀ ਦੇ ਬੂਟੇ ਨੂੰ ਹਰਾ-ਭਰਾ ਰੱਖਣ ਲਈ ਆਪਣੇ ਖੂਨ ਦੀ ਆਹੂਤੀ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੂਜਾ ਰਾਹ ਚੁਣਿਆ।

## ਔਰੰਗਜ਼ੇਬ ਦੀ ਧਾਰਮਿਕ ਕੱਟੜਤਾ

1526 ਈ: ਨੂੰ ਪਾਨੀਪਤ ਦੇ ਮੈਦਾਨੇ-ਜੰਗ ਵਿਚ ਜਹੀਰੂਦੀਨ ਬਾਬਰ ਨੇ ਫ਼ਤਹਿ ਹਾਸਲ ਕਰਕੇ, ਦਿੱਲੀ ਤੇ ਮੁਗਲੀਆ ਸਲਤਨਤ ਦਾ ਝੰਡਾ ਗੱਡ ਦਿਤਾ। ਬਾਬਰ ਤੋਂ ਬਾਅਦ ਉਸ ਦੇ ਪੁੱਤਰ ਹੰਮਾਯੂੰ ਨੂੰ ਅਨੇਕਾਂ ਦੁੱਖਾਂ-ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਜਿਨ੍ਹਾਂ ਵਿਚੋਂ ਇਕ ਸ਼ੇਰਸ਼ਾਹ ਸੂਰੀ ਦਾ ਉਸ ਕੋਲੋਂ ਰਾਜ-ਭਾਗ ਖੋਹ ਕੇ ਉਸ ਨੂੰ ਜਲਾਵਤਨ ਕਰ ਦੇਣਾ ਵੀ ਸ਼ਾਮਿਲ ਹੈ ਪਰ ਵਿਰਸੇ ਵਿਚ ਮਿਲੀ ਦ੍ਰਿੜ੍ਹਤਾ ਅਤੇ ਲਗਨ ਨਾਲ ਉਹ ਫਿਰ ਹਿੰਦੁਸਤਾਨ ਦੇ ਤਖ਼ਤ ਦਾ ਮਾਲਕ ਬਣ ਗਿਆ। ਹੰਮਾਯੂੰ ਤੋਂ ਬਾਅਦ ਉਸ ਦਾ ਪੁੱਤਰ ਅਕਬਰ ਸ਼ਹਿਨਸ਼ਾਹੇ ਆਲਮ ਬਣਿਆ ਅਤੇ ਲੰਮਾ ਸਮਾਂ ਰਾਜ ਕਰਕੇ ਮੁਗਲੀਆ ਹਕੂਮਤ ਦੀਆਂ ਜੜ੍ਹਾਂ ਨੂੰ ਪੱਕਿਆਂ ਕਰ ਗਿਆ। ਇਹੋ ਸਮਾਂ ਮੁਗਲ ਰਾਜ ਦਾ ਸਿਖਰ ਪ੍ਰਵਾਨ ਕੀਤਾ ਜਾ ਸਕਦਾ ਹੈ। ਬੇਹੱਦ ਨਿਮਰ, ਦਿਆਲੂ

ਸ਼ਹਿਨਸ਼ਾਹ ਨੇ ਪਰਜਾ ਨੂੰ ਹਿੰਦੂ ਮੁਸਲਮਾਨਾਂ ਦੇ ਰੂਪ ਵਿਚ ਨਾ ਵੇਖਦੇ ਹੋਏ ਕੁਲ ਹਿੰਦੁਸਤਾਨੀਆਂ ਦੇ ਦਿਲਾਂ ਅੰਦਰ ਆਪਣੀ ਥਾਂ ਬਣਾ ਲਈ। ਗੈਰ-ਮੁਸਲਮਾਨਾਂ ਨਾਲ ਵਿਆਹ ਸਬੰਧ ਸਥਾਪਿਤ ਕਰਕੇ ਇਸ ਦਵੈਤ ਨੂੰ ਖਤਮ ਕਰਨ ਵਲ ਇਸ਼ਾਰਾ ਵੀ ਕਰ ਦਿਤਾ। ਉਸ ਤੋਂ ਬਾਅਦ ਜਹਾਂਗੀਰ ਗੱਦੀ 'ਤੇ ਬੈਠਾ, ਸ਼ੁਰੂ ਵਿਚ ਉਹ ਬੇਹੱਦ ਮਜਹਬੀ-ਤੁਅੱਸਬ ਨਾਲ ਭਰਿਆ ਪਿਆ ਸੀ ਜਿਸ ਕਾਰਨ ਉਸ ਨੇ ਹਿੰਦੁਸਤਾਨੀਆਂ ਨੂੰ ਆਮ ਕਰਕੇ ਅਤੇ ਸਿੱਖਾਂ ਨੂੰ ਖਾਸ ਕਰਕੇ ਆਪਣੇ ਰਸਤੇ ਦੀ ਰੁਕਾਵਟ ਸਮਝਿਆ। ਇਸ ਦੇ ਸਿੱਟੇ ਵਜੋਂ ਪੰਚਮ ਪਾਤਸ਼ਾਹ ਦੀ ਸ਼ਹਾਦਤ ਹੋਈ ਪਰ ਬਾਅਦ ਵਿਚ ਉਸ ਦੇ ਵਿਚਾਰਾਂ ਵਿਚ ਵੱਡੀ ਤਬਦੀਲੀ ਆਈ। ਜਹਾਂਗੀਰ ਤੋਂ ਬਾਅਦ ਸ਼ਾਹਜਹਾਂ ਨੇ ਵੀ ਧਾਰਮਿਕ ਮਾਮਲਿਆਂ ਤੋਂ ਆਪਣੇ ਆਪ ਨੂੰ ਵੱਖ ਰੱਖਣ ਦੀ ਕੋਸ਼ਿਸ਼ ਕੀਤੀ।

1658 ਈ: ਵਿਚ ਔਰੰਗਜ਼ੇਬ ਰਾਜ ਗੱਦੀ 'ਤੇ ਬੈਠਾ। ਉਸ ਨੇ ਆਪਣੇ ਵਾਰਸਾਂ ਦੀ ਹਿੰਦੁਸਤਾਨ ਦੇ ਵਾਸੀਆਂ ਨੂੰ ਧਰਮ ਦੇ ਮਾਮਲੇ ਵਿਚ ਦਿਤੀ ਖੁਲ੍ਹ ਨੂੰ ਇਸਲਾਮ ਅਤੇ ਇਸਲਾਮਿਕ ਰਾਜ ਲਈ ਵੱਡਾ ਖਤਰਾ ਮੰਨਿਆ। ਗੱਦੀ 'ਤੇ ਬੈਠਦਿਆਂ ਹੀ ਉਸ ਨੇ ਆਪਣੀ ਦਿਲੀ ਇੱਛਾ ਅਨੁਸਾਰ ਨਿਰੋਲ ਇਸਲਾਮੀ ਰਾਜ ਦੀ ਸਥਾਪਨਾ ਦਾ ਐਲਾਨ ਕਰ ਦਿਤਾ, ਜਿਸ ਵਿਚ ਹੋਰ ਧਰਮਾਂ ਦੇ ਲੋਕਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਹੀ ਜਿਊਣਾ ਪ੍ਰਵਾਨ ਕਰਨਾ ਪੈਣਾ ਸੀ ਜਾਂ ਉਨ੍ਹਾਂ ਨੂੰ ਇਸਲਾਮ ਧਰਮ ਗ੍ਰਹਿਣ ਕਰਨਾ ਪੈਣਾ ਸੀ। ਉਹ ਆਪਣੇ ਪੜਦਾਦੇ ਅਕਬਰ ਨੂੰ ਹਿੰਦੂ ਧਰਮ ਪ੍ਰਤੀ ਵਰਤੇ ਸਨੇਹ ਕਾਰਨ ਸਖਤ ਨਫਰਤ ਕਰਦਾ ਸੀ ਅਤੇ ਉਸ ਦੇ ਪਦ ਚਿੰਨ੍ਹਾਂ 'ਤੇ ਚੱਲਣ ਵਾਲੇ ਆਪਣੇ ਭਰਾ ਦਾਰੇ ਨੂੰ ਕਤਲ ਕਰਨਾ, ਇਸ ਦਾ ਹੀ ਅਮਲ ਵਿਚ ਪ੍ਰਗਟਾਅ ਸੀ। ਗੱਦੀ 'ਤੇ ਬੈਠਦਿਆਂ ਗੈਰ-ਮੁਸਲਮ ਧਰਮੀਆਂ ਵਿਰੁੱਧ ਉਸ ਨੇ ਜਬਰ ਜ਼ੁਲਮ ਦਾ ਕੁਹਾੜਾ ਚਲਾਉਣਾ ਸ਼ੁਰੂ ਕਰ ਦਿਤਾ। ਹਿੰਦੂ ਤਿਉਹਾਰ ਮਨਾਉਣ, ਸੰਗੀਤ ਤੇ ਨਾਚ ਦੀ ਮਨਾਹੀ ਦੇ ਸਖਤ ਹੁਕਮ ਜਾਰੀ ਕਰ ਦਿਤੇ। ਅਵੱਗਿਆ ਕਰਨ ਤੇ ਮੌਤ, ਨਾ ਵਕੀਲ ਨਾ ਦਲੀਲ, ਸੰਪੂਰਨ ਤਾਨਾਸ਼ਾਹੀ ਦਾ ਨਾਦ। ਅਗਲੇ ਹੁਕਮਾਂ ਵਿਚ ਹਿੰਦੂਆਂ ਨੂੰ ਨੌਕਰੀਆਂ 'ਤੇ ਲਾਉਣ ਦੇ ਨਾਲ-ਨਾਲ ਦਾੜ੍ਹੀ ਰੱਖਣ ਦੀ ਵੀ ਸਖ਼ਤ ਮਨਾਹੀ ਕਰ ਦਿਤੀ। ਮੰਦਰਾਂ ਦੀ ਉਸਾਰੀ ਅਤੇ ਗੈਰ-ਮੁਸਲਮਾਨਾਂ 'ਤੇ ਕਰਾਂ ਦੇ ਮਸਲਿਆਂ ਵਿਚ ਅਜਿਹਾ ਦਮਨਕਾਰੀ ਚੱਕਰ ਚਲਾਇਆ ਕਿ ਕੁਲ ਕਾਇਨਾਤ ਭੈ-ਭੀਤ ਹੋ ਗਈ। ਹਿੰਦੂ ਸਮਾਜ ਵਿਚ ਕੁਰਲਾਹਟ ਮੱਚ ਗਈ ਪਰ ਬੇਬਸੀ ਦੇ ਆਲਮ ਵਿਚ ਹੱਥ ਮਲਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ।

1666 ਈ: ਨੂੰ ਇਕ ਹੋਰ ਤਾਨਸ਼ਾਹੀ ਹੁਕਮ ਜਾਰੀ ਕੀਤਾ ਕਿ ਹਿੰਦੁਸਤਾਨ ਦੀ ਧਰਤੀ 'ਤੇ ਅੱਗੇ ਤੋਂ ਨਵੇਂ ਮੰਦਰ ਉਸਾਰੇ ਨਹੀਂ ਜਾਣਗੇ। ਇਸ ਦੇ ਨਾਲ ਹੀ ਮਥੁਰਾ ਦੇ ਕੇਸ਼ਵ ਰਾਏ ਮੰਦਰ ਨੂੰ ਢਾਹ-ਢੇਰੀ ਕਰਨ ਦਾ ਫੁਰਮਾਨ ਵੀ ਜਾਰੀ ਹੋ ਗਿਆ ਸੀ। ਇਹ ਪਹਿਲਾ ਹਿੰਦੂ ਤੀਰਥ ਅਸਥਾਨ ਸੀ ਜੋ ਔਰੰਗਜ਼ੇਬ ਦੀ ਦਮਨਕਾਰੀ ਨੀਤੀ ਦੀ ਭੇਟ ਚੜ੍ਹਿਆ। ਇਸ ਤੋਂ ਬਾਅਦ ਇਹ ਸਿਲਸਿਲਾ ਨਿਰੰਤਰ ਜਾਰੀ ਰਿਹਾ। 1669 ਈ: ਨੂੰ ਬਨਾਰਸ ਦਾ ਵਿਸ਼ਵਨਾਥ ਅਤੇ ਗੋਪੀਨਾਥ ਮੰਦਰ ਢਾਹ ਕੇ ਮਸੀਤਾਂ ਉਸਾਰ ਦਿਤੀਆਂ ਗਈਆਂ। 1670 ਈ: ਦੇ ਫ਼ਰਮਾਨਾਂ ਰਾਹੀਂ ਹਿੰਦੂਆਂ ਦੇ ਘੋੜੇ 'ਤੇ ਚੜ੍ਹਨ, ਹਥਿਆਰ ਰੱਖਣ ਤੇ ਪੱਗ ਬੰਨ੍ਹਣ 'ਤੇ ਪੂਰਨ ਪਾਬੰਦੀ ਲਾ ਦਿਤੀ ਗਈ। 1671 ਈ: ਦੇ ਫਰਮਾਨ ਨਾਲ ਨੌਕਰੀਆਂ 'ਤੇ ਲੱਗੇ ਸਾਰੇ ਹਿੰਦੂ ਸ਼ਾਹੀ ਨਛੱਤਰ, ਨਜੂਮੀ ਅਤੇ ਅਹਿਲਕਾਰ ਨੌਕਰੀਆਂ ਤੋਂ ਕੱਢ ਬਾਹਰ ਕੀਤੇ। ਅਕਬਰ ਦੇ ਵੇਲੇ ਖਤਮ ਕੀਤੇ ਜਜ਼ੀਆ ਅਤੇ ਯਾਤਰੂ ਟੈਕਸ ਮੁੜ ਲਾਗੂ ਕੀਤੇ, ਜਿਨ੍ਹਾਂ ਨੇ ਲੋਕਾਂ ਦਾ ਬੁਰੀ ਤਰ੍ਹਾਂ ਲਹੂ ਨਿਚੋੜ ਲਿਆ। ਰੋਜ਼ਾਨਾ ਸਖ਼ਤ ਸ਼ਾਹੀ ਫਰਮਾਨ ਜਾਰੀ ਕੀਤੇ ਜਾਣ ਲੱਗੇ ਤਾਂ ਜੋ ਲੋਕ ਖੁਦ-ਬਖੁਦ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਹੋ ਜਾਣ। ਉਨ੍ਹਾਂ ਫ਼ਤਵਿਆਂ ਵਿਚ ਇਕ ਫ਼ਤਵੇ ਦੀ ਇਬਾਰਤ ਇਸ ਤਰ੍ਹਾਂ ਸੀ -

ਕਾਫ਼ਰਾਂ ਨੂੰ ਮੋਮਿਨ ਬਣਾਓ, ਜੇ ਨਾ ਬਣਨ ਤਾਂ ਗੁਲਾਮ ਜ਼ਰੂਰ ਬਣਾਓ, ਨਾ ਮੰਨਣ ਤੇ ਉਨ੍ਹਾਂ ਦੀ ਧਨ-ਸੰਪਤੀ 'ਤੇ ਕਬਜ਼ਾ ਕਰਕੇ ਉਨ੍ਹਾਂ ਦੀ ਹੋਂਦ ਦੇ ਸਾਧਨ ਖੋਹ ਲਓ। ਅਜਿਹਾ ਕਰਨ ਦੇ ਬਾਵਜੂਦ ਵੀ ਜੇਕਰ ਉਹ ਅੜੇ ਰਹਿਣ ਤਾਂ ਮਾਰ ਮੁਕਾ ਦਿਓ।

ਜਦੋਂ ਅਜਿਹਾ ਦਮਨਕਾਰੀ ਚੱਕਰ ਚੱਲ ਰਿਹਾ ਸੀ ਤਾਂ ਸਿੱਖ ਧਰਮ ਵਲੋਂ ਸਾਹਮਣੇ ਆਉਣਾ ਲਾਜ਼ਮੀ ਹੀ ਸੀ। ਨਤੀਜੇ ਵਜੋਂ ਖ਼ੂਨ ਦੀਆਂ ਨਦੀਆਂ ਦਾ ਤਾਂ ਵਹਿਣਾ ਹੀ ਵਹਿਣਾ ਸੀ। ਇਹ ਸੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖ ਇਤਿਹਾਸ ਦੇ ਤੌਰ 'ਤੇ ਸਾਹਮਣੇ ਆਇਆ। ਔਰੰਗਜ਼ੇਬ ਦੇ ਜਬਰ ਅਤੇ ਜ਼ੁਲਮ ਨੂੰ ਠਲ੍ਹ ਪਾਉਣ ਲਈ ਗੁਰੂ ਪਾਤਸ਼ਾਹ ਨੇ ਅੱਗੇ ਆ ਕੇ ਅਜਿਹਾ ਇਤਿਹਾਸ ਸਿਰਜ ਦਿਤਾ ਕਿ ਜੋ ਸੰਸਾਰੀ ਇਤਿਹਾਸ ਵਿਚ ਅਦੁੱਤੀ ਮਿਸਾਲ ਦੇ ਤੌਰ 'ਤੇ ਹਮੇਸ਼ਾ-ਹਮੇਸ਼ਾ ਲਈ ਮਹਿਫ਼ੂਜ਼ ਹੋ ਗਿਆ।

## ਨਕਸ਼ਬੰਦੀ ਸਿਲਸਿਲਾ

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼, ਜਦੋਂ ਇਸਲਾਮੀ ਕੱਟੜਤਾ ਦੀ ਭੇਟ ਚੜ੍ਹ ਗਏ ਤਾਂ ਇਸ ਦੇ ਵਿਰੁੱਧ ਵਿਚ ਸੂਫੀਵਾਦ ਨਾਂ ਦੀ ਇਕ ਲਹਿਰ ਚੱਲੀ, ਜਿਸ ਨੇ ਕੱਟੜਤਾ ਦੀ ਹਨ੍ਹੇਰੀ ਨੂੰ ਠਲ੍ਹ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਦਾ ਬਾਨੀ ਅਬੂ ਹਾਸ਼ਮ ਕੂਫ਼ੀ ਸੀ ਜੋ ਕੂਫ਼ ਸ਼ਹਿਰ ਦਾ ਵਸਨੀਕ ਸੀ। ਇਹ ਲਹਿਰ ਬਹੁਤ ਹੀ ਹਰਮਨ ਪਿਆਰੀ ਹੋਈ ਅਤੇ ਹਿੰਦੁਸਤਾਨ ਦੀ ਧਰਤੀ ਤਕ ਪਹੁੰਚਣ ਤਕ ਇਹ ਕਈ ਹਿੱਸਿਆਂ ਵਿਚ ਵੰਡੀ ਗਈ, ਜਿਨ੍ਹਾਂ ਨੂੰ ਸਿਲਸਿਲੇ ਦਾ ਨਾਮ ਦਿਤਾ ਗਿਆ। ਇਨ੍ਹਾਂ ਵਿਚ ਪ੍ਰਮੁੱਖ ਸਿਲਸਿਲੇ-ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ ਸਨ, ਜਿਨ੍ਹਾਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਤਰ੍ਹਾਂ ਦੇ ਹੀ ਸੰਬੰਧ ਰਹੇ। ਚਿਸ਼ਤੀ ਸਿਲਸਿਲੇ ਦੇ ਦੈਵੀ ਫਕੀਰ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ, ਕਾਦਰੀ ਸਿਲਸਿਲੇ ਦੇ ਫਕੀਰ ਸਾਈਂ ਮੀਆਂ ਮੀਰ ਨੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੇ ਹੁਕਮ 'ਤੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ। ਨਕਸ਼ਬੰਦੀ ਸਿਲਸਿਲੇ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾਈ। ਸੁਹਰਾਵਰਦੀ ਸਿਲਸਿਲੇ ਨਾਲ ਸਬੰਧਤ ਮਲੇਰਕੋਟਲੇ ਦੇ ਨਵਾਬ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਹਾਅ ਦਾ ਨਾਅਰਾ ਮਾਰਿਆ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ ਪਿਆਰ ਵਾਲੇ ਸਿਧਾਂਤਾਂ ਨੂੰ ਤਿਲਾਂਜਲੀ ਦੇ ਕੇ ਪੂਰਨ ਤੌਰ 'ਤੇ ਕੱਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ। ਆਪਣੀ ਕੱਟੜਤਾ ਦੀ ਇਸ ਅਗਨੀ ਵਿਚ ਉਹ ਕੁਲ 'ਕਾਫਰਾਂ' ਨੂੰ ਫਨਾਹ ਕਰਨ ਦੀ ਤਾਕਤ ਲਈ ਅੱਲਾਹ ਅੱਗੇ ਅਰਜੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗੈਰ-ਧਰਮੀਆਂ ਨੂੰ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ। ਨਫਰਤ ਦੇ ਇਸ ਕਰਮ ਦੀ ਸਿਖਰ ਸ਼ੇਖ ਅਹਿਮਦ ਸਰਹਿੰਦੀ ਦੇ ਵੇਲੇ ਸੀ। ਉਹ ਮੁਜ਼ਦਦ ਅਲਫ਼ਿਸਾਨੀ (ਹਜ਼ਾਰਾਂ ਯੁੱਗਾਂ ਦਾ ਸੁਧਾਰਕ) ਦਾ ਖਿਤਾਬ ਧਾਰਨ ਕਰਕੇ ਪਿਛਾਂਹ ਖਿੱਚੂ ਸ਼ਕਤੀਆਂ ਦਾ ਆਗੂ ਬਣ ਬੈਠਾ। ਉਸ ਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮੁਆਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨਿ-ਇਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿੱਥਾਂ-ਤਿਉਹਾਰਾਂ ਵਿਚ ਉਸਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਤਸੱਵਰ ਕਰਦਾ। ਇਕ ਅਜਿਹਾ ਖਤਰਾ ਜੋ ਇਸਲਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਸਕਦਾ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਸ ਸਿਲਸਿਲੇ ਦੀ ਅਗਵਾਈ ਸ਼ੇਖ ਮਾਸੂਮ ਕਰਦਾ ਸੀ। ਉਸ ਵੇਲੇ ਪੰਜਾਬ ਦੀ ਸਾਰੀ ਧਰਤੀ 'ਤੇ ਗੁਰੂ ਮਹਿਮਾ ਦਾ ਗਾਇਨ ਸੀ, ਜੋ ਸ਼ੇਖ ਮਾਸੂਮ ਲਈ ਅਸਹਿ ਸੀ। ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਉਸ ਲਈ ਕਿਆਮਤ ਦੇ ਦਿਨ ਵਰਗਾ ਹੀ ਸੀ। ਉਹ ਗੁਰੂ ਪਾਤਸ਼ਾਹ ਵਿਰੁੱਧ ਸਖਤ ਕਦਮ ਚੁੱਕਣ ਦੇ ਹੱਕ ਵਿਚ ਸੀ। ਗੁਰੂ ਪਾਤਸ਼ਾਹ ਦੀਆਂ ਧਰਮ ਪ੍ਰਚਾਰ ਲਈ ਯਾਤਰਾਵਾਂ ਨੂੰ ਉਹ ਇਸਲਾਮ ਅਤੇ ਇਸਲਾਮਕ ਸਰਕਾਰ ਵਿਰੁੱਧ ਪ੍ਰਚਾਰ ਮੰਨਦਾ ਸੀ। ਉਸ ਨੇ ਸਿੱਖ ਧਰਮ ਨੂੰ ਤਕੜੇ ਹੱਥੀਂ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਿਕ ਫਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫਰਮਾਨ ਵਜੋਂ ਜਾਰੀ ਕਰਵਾਉਣ ਵਿਚ ਸਫਲ ਹੋ ਗਿਆ। ਇਕ ਫਤਵਾ ਉਦਾਹਰਨ ਲਈ ਪੇਸ਼ ਹੈ -

ਅੱਲਾਹ ਬਿਨਾ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲਾਹ ਦਾ ਸੁਨੇਹਾ ਦੇਣ ਵਾਲੇ ਪੈਗੰਬਰ ਹਨ। ਇਸ ਕਲਮੇ ਤੇ ਯਕੀਨ ਰੱਖਣ ਵਾਲਾ ਮੋਮਿਨ (ਇਮਾਨ ਵਾਲਾ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ। ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੁਲ-ਹਰਬ) ਦੁਨੀਆਂ ਨੂੰ ਸ਼ਾਂਤੀ ਦੀ ਦੁਨੀਆਂ (ਦਾਰੁਲ-ਇਸਲਾਮ) ਵਿਚ ਤਬਦੀਲ ਕਰਨ ਲਈ ਧਰਮ-ਯੁੱਧ (ਜਹਾਦ) ਕਰਨ।

ਮੁਗਲੀਆ ਹਕੂਮਤ ਵਿਚ ਜਦੋਂ-ਜਦੋਂ ਵੀ ਬਾਦਸ਼ਾਹ ਨਕਸ਼ਬੰਦੀ ਸਕੂਲ ਦਾ ਧਾਰਨੀ ਬਣਿਆ ਤਾਂ ਸਿੱਖ ਧਰਮ ਲਈ ਸਖਤੀਆਂ ਦਾ ਦੌਰ ਸ਼ੁਰੂ ਹੋਇਆ। ਜਹਾਂਗੀਰ ਨੂੰ ਚੜ੍ਹਾਈ ਗਈ ਕੱਟੜਤਾ ਦੀ ਪੁੱਠ ਵਿਚ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸ਼ਾਮ੍ਹਣੇ ਆਈ ਸੀ ਅਤੇ ਹੁਣ ਔਰੰਗਜ਼ੇਬ ਦੇ ਇਸ ਸਿਲਸਿਲੇ ਨੂੰ ਸਿਰ ਨਿਵਾਉਣ ਵਿਚੋਂ ਜੋ ਸਾਹਮਣੇ ਆਉਣਾ ਸੀ, ਉਹ ਪ੍ਰਤੱਖ ਤੌਰ 'ਤੇ ਨਜ਼ਰ ਆਉਣ ਲੱਗਾ।

## ਕਸ਼ਮੀਰੀ ਪੰਡਤਾਂ ਦੀ ਫਰਿਆਦ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮੋੜ ਉਸ ਵੇਲੇ ਕਟਿਆ ਗਿਆ ਜਦੋਂ 1675 ਈ: ਨੂੰ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਸ੍ਰੀ ਅਨੰਦਪੁਰ

ਸਾਹਿਬ ਦੀ ਧਰਤੀ 'ਤੇ ਆਣ ਪਹੁੰਚਿਆ। ਕਸ਼ਮੀਰ, ਹਿੰਦੂ ਵਿਦਵਤਾ ਕਾਰਨ ਉਤਰੀ ਭਾਰਤ ਦੇ ਹਿੰਦੂਆਂ ਵਿਚ ਬਹੁਤ ਉੱਚਾ ਸਥਾਨ ਰੱਖਦੇ ਸਨ।

ਉਸ ਵੇਲੇ ਕਸ਼ਮੀਰ ਦਾ ਸੂਬੇਦਾਰ ਸ਼ੈਫ਼ਖਾਨ ਸੀ ਜੋ ਦਰਵੇਸ਼ ਸੁਭਾਅ ਦਾ ਮਾਲਕ ਸੀ। ਹਿੰਦੂ ਅਤੇ ਮੁਸਲਮਾਨਾਂ ਵਿਚ ਫਰਕ ਕਰਨਾ ਉਸ ਦੀ ਮਾਨਸਿਕਤਾ ਦਾ ਹਿੱਸਾ ਹੀ ਨਹੀਂ ਸੀ। ਕੁਲ ਕਸ਼ਮੀਰੀ ਪਰਜਾ ਉਸ ਦਾ ਸਤਿਕਾਰ ਕਰਦੀ ਸੀ ਪਰ ਔਰੰਗਜ਼ੇਬ ਉਸ ਦੇ ਨਿਮਰ ਸੁਭਾਅ ਅਤੇ ਹਿੰਦੂਆਂ ਪ੍ਰਤੀ ਦਿਖਾਈ ਜਾਂਦੀ ਦਿਆਲਤਾ ਕਰਕੇ ਉਸ ਨੂੰ ਬਹੁਤ ਨਫਰਤ ਕਰਦਾ ਸੀ। 1671 ਈ: ਨੂੰ ਔਰੰਗਜ਼ੇਬ ਨੇ ਸ਼ੈਫ਼ਖਾਨ ਨੂੰ ਸੂਬੇਦਾਰੀ ਤੋਂ ਹਟਾ ਕੇ ਇਫ਼ਤਖਾਰ ਖਾਨ ਨੂੰ 'ਸ਼ੇਰ ਅਫ਼ਗਾਨ' ਦੀ ਉਪਾਧੀ ਦੇ ਕੇ ਕਸ਼ਮੀਰ ਦਾ ਸੂਬੇਦਾਰ ਲਾ ਦਿਤਾ ਅਤੇ ਆਪਣੇ ਮਿਸ਼ਨ ਦੀ ਜਾਣਕਾਰੀ ਵੀ ਦੇ ਦਿਤੀ। ਸੂਬੇਦਾਰ ਬਣਦਿਆਂ ਹੀ ਉਸ ਨੇ ਦਮਨਕਾਰੀ ਚੱਕਰ ਚਲਾਇਆ, ਸਖਤੀ ਦਾ ਅਜਿਹਾ ਦੌਰ ਚੱਲਿਆ ਕਿ ਹਜ਼ਾਰਾਂ ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਦਿਤਾ ਗਿਆ। ਇਸ ਨਾਲ ਪੂਰੇ ਕਸ਼ਮੀਰ ਵਿਚ ਹਾਹਾਕਾਰ ਮੱਚ ਗਈ। ਬੇਬਸੀ ਦੇ ਆਲਮ ਵਿਚ ਕੋਈ ਰਾਹ ਨਜ਼ਰ ਨਾ ਆਇਆ। ਅੰਤ ਕੁਝ ਹਿੰਦੂਆਂ ਦੇ ਪ੍ਰਤੀਨਿਧ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸ਼ਰਧਾਲੂ ਸਿੱਖ ਬ੍ਰਹਮ ਦਾਸ ਦੇ ਪੜਪੋਤਰੇ ਕਿਰਪਾ ਰਾਮ ਜੀ ਦੀ ਸ਼ਰਨ ਵਿਚ ਜਾ ਪਹੁੰਚੇ। ਉਸ ਨੇ ਮੁਕਤੀ ਦੇ ਇਕੋ-ਇਕ ਰਾਹ ਨਾਲ ਦਰਬਾਰ ਵਲ ਇਸ਼ਾਰਾ ਕੀਤਾ। ਉਸ ਦੀ ਨਿਗਾਹਬਾਨੀ ਹੇਠ ਹੀ 16 ਮੈਂਬਰੀ ਵਫ਼ਦ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਪਾਤਸ਼ਾਹ ਨੂੰ ਨਮੋ ਕਰ ਸਮੁੱਚੇ ਕਸ਼ਮੀਰ ਦੇ ਹਾਲਾਤ ਨੂੰ ਗੁਰੂ ਜੀ ਸਾਹਮਣੇ ਬਿਆਨ ਕੀਤਾ। ਇਸ ਮੁਲਾਕਾਤ ਨੂੰ ਭਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਤਰ੍ਹਾਂ ਰੂਪਮਾਨ ਕੀਤਾ ਗਿਆ ਹੈ-

ਭਾਈ ਕ੍ਰਿਪਾ ਰਾਮ ਬੇਟਾ ਅੜੂਰਾਮ ਕਾ, ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕਰ ਕਾ, ਦਤ ਗੋਤਰਾ, ਮਝਾਲ ਬ੍ਰਾਹਮਣ, ਵਾਸੀ ਮਟਨ ਦੇਸ਼ ਕਸ਼ਮੀਰ ਸੰਮਤ ਸਤਰਾਂ ਸੈ ਬਤੀਸ, ਜੇਠ ਮਾਸੇ ਸੁਦੀ ਇਕਾਦਸ਼ੀ ਕੇ, ਇਹੁ ਖੋੜਸ ਬ੍ਰਾਹਮਣੋਂ ਗੈਲ ਦਰਬਾਰ ਆਹਿ ਫਰਿਆਦੀ ਹੋਇਆ। ਗੁਰੂ ਜੀ ਨੇ ਇਸ ਧੀਰਜ ਦਈ, ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।

ਸਿੱਖ ਰਵਾਇਤ ਹੈ ਕਿ ਬ੍ਰਾਹਮਣਾਂ ਦੀ ਇਸ ਫਰਿਆਦ ਦੇ ਸਮੇਂ ਜਦੋਂ ਸਾਰੇ ਗੰਭੀਰ ਮੁਦਰਾ ਵਿਚ ਵਿਚਾਰਲੀਨ ਸਨ ਤਾਂ ਬਾਲ ਗੋਬਿੰਦ ਜੀ, ਗੁਰੂ ਦਰਬਾਰ ਵਿਚ ਪਹੁੰਚ ਕੇ, ਗੰਭੀਰ ਚਿਤ ਬੈਠੀ ਸਾਧਸੰਗਤ ਨੂੰ ਵੇਖ ਕੇ ਹੈਰਾਨ ਹੋ ਗਏ। ਆਪ ਨੇ ਗੁਰੂ ਪਿਤਾ ਕੋਲੋਂ ਸੰਜੀਦਗੀ ਦਾ ਕਾਰਨ ਪੁੱਛਿਆ। ਗੁਰੂ ਬਾਬੇ ਨੇ ਕਸ਼ਮੀਰੀ ਪੰਡਤਾਂ ਦੀ ਵਿੱਥਿਆ ਸੁਣਾ ਇਹ ਬਚਨ ਕੀਤਾ ਕਿ ਇਨ੍ਹਾਂ ਦੇ ਬਚਾਅ ਲਈ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਲਾਜ਼ਮੀ ਹੈ। ਬਾਲ ਗੋਬਿੰਦ ਜੀ ਨੇ ਗੁਰੂ ਪਾਤਸ਼ਾਹ ਵਲ ਇਸ਼ਾਰਾ ਕਰਦਿਆਂ ਕਿਹਾ ਕਿ ਆਪ ਤੋਂ ਵੱਧ ਯੋਗ ਮਹਾਂਪੁਰਖ ਕੌਣ ਹੋ ਸਕਦਾ ਹੈ। ਗੁਰੂ ਸਾਹਿਬ ਪ੍ਰਸੰਨ ਹੋਏ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਸੂਬੇਦਾਰ ਨੂੰ ਕਹਿ ਦੇਣ ਕਿ ਉਹ ਧਰਮ ਛੱਡਣ ਲਈ ਤਿਆਰ ਹਨ, ਬਸ਼ਰਤੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮ ਕਬੂਲਣ ਲਈ ਮਨਾ ਲਿਆ ਜਾਵੇ।

ਖੁਫ਼ੀਆ ਅਹਿਲਕਾਰਾਂ ਨੇ ਬ੍ਰਾਹਮਣਾਂ ਦੇ ਕਸ਼ਮੀਰ ਪਹੁੰਚਣ ਤੋਂ ਪਹਿਲਾਂ ਹੀ ਕਸ਼ਮੀਰੀ ਪੰਡਤਾਂ ਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ ਮੁਲਾਕਾਤ ਅਤੇ ਗੁਰੂ ਸਾਹਿਬ ਦੇ ਸੁਨੇਹੇ ਨੂੰ ਔਰੰਗਜ਼ੇਬ ਕੋਲ ਪਹੁੰਚਾ ਦਿਤਾ, ਜੋ ਉਸ ਵੇਲੇ ਹਸਨ ਅਬਦਾਲ ਵਿਚ ਸੀ। ਬਾਦਸ਼ਾਹ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿਤੇ -

*ਤੇਗ ਬਹਾਦਰ ਰਾ ਗ੍ਰਿਫਤਾਰ, ਮੁਕਯਦ ਉ ਮਹਿਬੂਸ ਦਰੰਦ*

ਇਸ ਹੁਕਮ ਦੀ ਤਾਮੀਲ ਹੋਈ ਅਤੇ ਸਰਹਿੰਦ ਦੇ ਸੂਬੇਦਾਰ ਦਿਲਾਵਰ ਖਾਂ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਂ ਨੂੰ ਇਸ ਸਬੰਧੀ ਹੁਕਮ ਜਾਰੀ ਕਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਕੇ ਦਰਬਾਰ ਵਿਚ ਹਾਜ਼ਰ ਕਰਨ ਦਾ ਹੁਕਮ ਜਾਰੀ ਕਰ ਦਿਤਾ। ਗੁਰੂ ਸਾਹਿਬ ਨੇ ਇਧਰ ਸ਼ਹਾਦਤ ਲਈ ਤਿਆਰੀਆਂ ਸ਼ੁਰੂ ਕਰ ਦਿਤੀਆਂ ਅਤੇ ਦਿੱਲੀ ਵਲ ਚਾਲੇ ਪਾ ਦਿਤੇ ਪਰ ਅਜੇ ਉਹ ਰੋਪੜ ਦੇ ਇਕ ਪਿੰਡ ਮਲਕਪੁਰ ਰੰਘੜਾਂ ਵਿਚ ਹੀ ਸਨ ਕਿ ਗੁਪਤਚਰਾਂ ਦੀ ਰਿਪੋਰਟ 'ਤੇ ਆਪ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਗੱਲ ਦੀ ਪੁਸ਼ਟੀ ਭਟ ਵਹੀ ਇਸ ਤਰ੍ਹਾਂ ਕਰਦੀ ਹੈ -

ਗੁਰੂ ਤੇਗ ਬਹਾਦਰ ਜੀ ਮਹਲ ਨਾਮਾਂ ਕੋ ਨੂਰ ਮੁਹੰਮਦ ਖਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ ਸਾਲ ਸਤਰਾ ਸੈ ਬਤੀਸ ਸਾਵਨ ਪ੍ਰਗਿਸਟੇ ਬਾਰਾਂ ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰਹੰਦ ਪਹੁੰਚਾਇਆ ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮਲ ਛਿਬੜ ਕੇ ਸਾਥ ਦਿਆਲ ਦਾਸ ਬੇਟਾ ਮਾਈ

ਦਾਸ ਬਲਉਤ ਕਾ ਪਕੜਿਆ ਆਇਆ, ਚਾਰ ਮਾਹ ਸਰਹੰਦ ਔਰ ਦਿਲੀ ਬੰਦੀਖਾਨੇ ਮੇ ਰਹੇ।

### ਸ਼ਹਾਦਤ

ਸਮਕਾਲੀ ਸ੍ਰੋਤਾਂ ਅਨੁਸਾਰ ਗ੍ਰਿਫ਼ਤਾਰੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿੱਖਾਂ ਸਮੇਤ ਲੰਮਾ ਸਮਾਂ ਸਰਹਿੰਦ ਵਿਖੇ ਕੈਦ ਰੱਖਿਆ ਗਿਆ। ਮੁਗਲ ਬਾਦਸ਼ਾਹ ਦਾ ਅਗਲਾ ਹੁਕਮ ਅਜੇ ਆਉਣਾ ਬਾਕੀ ਸੀ। ਔਰੰਗਜ਼ੇਬ ਨੇ ਅਗਲਾ ਹੁਕਮ ਵੀ ਭੇਜਣ ਵਿਚ ਬਹੁਤੀ ਦੇਰੀ ਨਾ ਕੀਤੀ, ਹੁਕਮ ਸੀ –

**''ਹੁਕਮੇ ਦੀਗਰ ਦਰ ਬਾਰਾਇ ਤੇਗ ਬਹਾਦਰ ਰਸੀਦ ਕਿ ਊ ਰਾ ਕੁਸ਼ਤਾ ਵਾ ਜਿਸਦਸ ਰਾ ਚੰਦ ਹਿਸਾ ਨਮੂਦਾ ਅਤਰਾਫਿ ਸ਼ਹਿਰ ਬਿਵਾਜੇਵੰਦ ਹਸਬਉਲ ਹੁਕਮ ਬਵਕੂਹ ਪੈਵਸਤ''**

ਹੁਕਮ ਦਿਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਤਲ ਕਰਕੇ ਉਨ੍ਹਾਂ ਦੇ ਜਿਸਮ ਦੇ ਟੁਕੜੇ-ਟੁਕੜੇ ਕਰ ਸ਼ਹਿਰ ਦੇ ਆਲੇ-ਦੁਆਲੇ ਟੰਗ ਦਿਤੇ ਜਾਣ।

ਇਹ ਹੁਕਮ ਮਿਲਦੇ ਹੀ ਨਵੰਬਰ ਦੀ 5 ਤਾਰੀਖ 1675 ਈ: ਨੂੰ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਦਿੱਲੀ ਭੇਜ ਦਿਤਾ ਗਿਆ। ਦਿੱਲੀ ਦੇ ਨਾਜ਼ਿਮ ਅਤੇ ਮੁੱਖ ਕਾਜ਼ੀ ਨੇ ਕਿਸੇ ਵੀ ਲੁਕ-ਲੁਕਾਅ ਤੋਂ ਬਿਨਾਂ ਗੁਰੂ ਸਾਹਿਬ ਸਾਹਮਣੇ ਸਿੱਧੀਆਂ ਤਿੰਨ ਸ਼ਰਤਾਂ ਰੱਖੀਆਂ –

1. ਕੋਈ ਕਰਾਮਾਤ ਦਿਖਾਓ
2. ਇਸਲਾਮ ਕਬੂਲ ਕਰੋ
3. ਮਰਨ ਲਈ ਤਿਆਰ ਰਹੋ

ਨਾਜ਼ਿਮ ਅਤੇ ਕਾਜ਼ੀ ਦੀ ਜ਼ੋਰ ਅਜਮਾਇਸ਼ ਕਿਸੇ ਕੰਮ ਨਾ ਆਈ। ਆਪ ਨੂੰ ਕੋਤਵਾਲੀ ਭੇਜ ਦਿਤਾ ਗਿਆ, ਜਿਥੇ ਉਨ੍ਹਾਂ 'ਤੇ ਤਸ਼ੱਦਦ ਕੀਤਾ ਜਾਂਦਾ ਰਿਹਾ ਪਰ ਗੁਰੂ ਸਾਹਿਬ ਦੀ ਅਡੋਲਤਾ ਅਤੇ ਦ੍ਰਿੜ੍ਹਤਾ ਸਾਹਮਣੇ ਉਨ੍ਹਾਂ ਦੀ ਪੇਸ਼ ਨਾ ਗਈ। ਗੁਰੂ ਸਾਹਿਬ ਨੇ ਕਾਜ਼ੀ ਨੂੰ ਕਿਹਾ –

ਯਾਦ ਰਖ ਰਬ ਸਭ ਦਾ ਸਾਂਝਾ ਹੈ, ਕਿਆ ਰਾਜਾ ਕਿਆ ਰੰਕ, ਉਹ ਕਿਸੇ ਇਕ ਫਿਰਕੇ ਕਾ ਨਹੀਂ। ਉਸ ਸਾਚੇ ਸਾਹਿਬ ਕੋ ਕੋਈ ਐਸਾ ਦੀਨ ਹਰਗਿਜ਼ ਮਨਜ਼ੂਰ ਨਹੀਂ ਹੋਤਾ ਜੋ ਤਲਵਾਰ ਕੇ ਜੋਰ ਸੇ ਫੈਲਾਇਆ ਜਾਵੇ। ਯਾਦ ਰਖ, ਆਖਰ ਸਚ ਕੀ ਜੈ ਹੋਏਗੀ, ਕੁਫ਼ਰ ਕਾ ਭਾਂਡਾ ਚੁਰੰਸਤੇ ਮੇਂ ਫੁਟੇਗਾ।

ਕੋਈ ਪੇਸ਼ ਨਾ ਜਾਂਦੀ ਵੇਖ ਗੁਰੂ ਪਾਤਸ਼ਾਹ ਨੂੰ ਡਰਾਉਣ ਲਈ ਗੁਰੂ ਸਾਹਿਬ ਦੇ ਤਿੰਨੇ ਸਾਥੀਆਂ ਨੂੰ ਸਖਤ ਤਸੀਹੇ ਦੇ ਸ਼ਹਾਦਤ ਦਾ ਜਾਮ ਪਿਲਾ ਦਿਤਾ ਗਿਆ ਪਰ ਸਿੱਖਾਂ ਅਤੇ ਗੁਰੂ ਸਾਹਿਬ ਦੀ ਨਿਡਰਤਾ ਉਨ੍ਹਾਂ ਨੂੰ ਪਰੇਸ਼ਾਨ ਕਰ ਰਹੀ ਸੀ। ਅਖੀਰ ਸ਼ਾਹੀ ਜਲਾਦ ਨੂੰ ਹੁਕਮ ਦਿਤਾ ਗਿਆ ਨਤੀਜਤਨ ਗੁਰੂ ਸਾਹਿਬ ਦਾ ਪਾਵਨ ਸੀਸ, ਦਿੱਲੀ ਦੇ ਚਾਂਦਨੀ ਚੌਂਕ ਵਿਚ ਧੜ ਤੋਂ ਅਲੱਗ ਕਰ ਦਿਤਾ ਗਿਆ।

ਸਿੱਖਾਂ ਲਈ ਇਹ ਸ਼ਹੀਦੀ ਜ਼ਿੰਦਾ ਮਿਸਾਲ ਹੋ ਨਿਬੜੀ। ਗੁਰੂ ਸਾਹਿਬ ਦੀ ਨਿਰਭੈਤਾ ਸਿੱਖਾਂ ਲਈ ਦੈਵੀ ਗੁਣ ਬਣ ਗਿਆ। ਜਿਸ ਰਾਹ 'ਤੇ ਗੁਰੂ ਆਪ ਤੁਰਦਾ ਹੈ, ਉਸ ਰਾਹ 'ਤੇ ਤੁਰਨੋਂ ਸਿੱਖ ਕਿਉਂ ਝਿਜਕੇ। ਹੁਣ ਡਰ ਦੀ ਥਾਂ ਸ਼ਹੀਦੀਆਂ ਦਾ ਚਾਉ ਸਿੱਖਾਂ ਨੂੰ ਚੜ੍ਹਨ ਲੱਗਾ। ਸਿੱਖਾਂ ਦੇ ਮਨ ਵਿਚ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਤੋਂ ਬਾਅਦ ਇਹ ਭਾਵਨਾ ਸੀ ਕਿ ਮੁਗਲੀਆਂ ਹਾਕਮ ਆਪਣੇ ਕੀਤੇ 'ਤੇ ਪਛਤਾਵਾ ਕਰਦੇ ਹੋਏ ਅੱਗੇ ਤੋਂ ਅਜਿਹਾ ਗੁਨਾਹ ਕਰਨ ਤੋਂ ਤੌਬਾ ਕਰ ਲੈਣਗੇ ਪਰ ਨੌਵੇਂ ਗੁਰੂ ਬਾਬੇ ਦੀ ਸ਼ਹਾਦਤ ਨਾਲ, ਹੁਕਮਰਾਨ ਧਿਰ ਅਤੇ ਨਾਨਕ ਚਿੰਤਨ ਦੇ ਅਨੁਯਾਈਆਂ ਵਿਚ ਲਕੀਰ ਖਿੱਚੀ ਗਈ। 1686 ਈ: ਤੋਂ ਲੈ ਕੇ 1704 ਈ: ਤਕ ਸਿੱਖਾਂ ਅਤੇ ਮੁਗਲਾਂ ਵਿਚਕਾਰ ਅਨੇਕਾਂ ਯੁੱਧ ਹੋਏ ਜਿਸ ਵਿਚ ਦੁਨੀਆਂ ਦੇ ਵਿਚ ਧਾਕ ਜਮਾਈ ਬੈਠੇ ਮੁਗਲਈ ਜਰਨੈਲ, ਸਿੰਘਾਂ ਹੱਥੋਂ ਮਾਰੇ ਗਏ ਅਤੇ ਹਰ ਜੰਗ ਵਿਚ ਹੋਈ ਹਾਰ ਨੇ ਹੁਕਮਰਾਨਾਂ ਦੇ ਮਾਨ-ਅਭਿਮਾਨ ਨੂੰ ਤੋੜ ਕੇ ਰੱਖ ਦਿਤਾ। 1699 ਈ: ਨੂੰ ਦਸਮ ਪਾਤਸ਼ਾਹ ਨੇ ਖਾਲਸੇ ਦੀ ਸਿਰਜਨਾ ਕਰ ਸਿੱਖਾਂ ਨੂੰ ਨਵਾਂ ਸਰੂਪ ਦੇ ਦਿਤਾ ਅਤੇ ਜੂਝ ਮਰਨ ਵਾਲਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿਤੀ ਜਿਸ ਨੇ ਸਤ-ਅੱਠ ਸੌ ਸਾਲ ਪੁਰਾਣੇ ਮੁਸਲਮਾਨੀ ਰਾਜ ਨੂੰ ਨੇਸਤੋ-ਨਬੂਦ ਕਰ ਕੇ ਰੱਖ ਦਿਤਾ। ਖਾਲਸੇ ਦੀ ਸਿਰਜਨਾ ਤੋਂ ਬਾਅਦ ਸਿੱਖਾਂ ਨੂੰ ਖੂਨ ਦੀਆਂ ਨਦੀਆਂ ਪਾਰ ਕਰਨੀਆਂ ਪਈਆਂ। ਸਿੱਖਾਂ ਦੇ ਸਿਰਾਂ ਦੀਆਂ ਕੀਮਤਾਂ ਨਿਸਚਿਤ ਕਰ ਦਿਤੀਆਂ ਗਈਆਂ ਪਰ ਆਪਣੇ ਅਤੁੱਟ ਧਾਰਮਿਕ ਵਿਸ਼ਵਾਸ ਤੇ ਬਾਹੂਬਲ ਦੇ ਭਰੋਸੇ ਸਦਕਾ ਉਨ੍ਹਾਂ ਹਰ ਦੁੱਖ-ਸੁੱਖ ਨੂੰ ਗੁਰੂ ਭਾਣੇ ਵਿਚ ਸਵੀਕਾਰਿਆ ਅਤੇ ਅੰਤ ਖ਼ਾਲਸਾ ਰਾਜ ਦੇ ਝੰਡੇ ਜਮੁਨਾ ਤੋਂ ਲੈ ਕੇ ਅਫ਼ਗਾਨਿਸਤਾਨ ਤਕ ਲਹਿਰਾ ਸਿੱਖ ਰਾਜ ਦੀ ਸਥਾਪਨਾ ਕਰ ਦਿਤੀ।

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ-55)*

ਲਗਾਤਾਰੀ ਪ੍ਰਭੂ ਪ੍ਰੇਮ ਦੀ ਖਿੱਚ ਦੇ ਪ੍ਰਬਲ ਪ੍ਰਭਾਵ ਕਾਰਨ ਆਪ ਜੀ, ਇਕ ਦਿਨ ਕਿਸੇ ਨੂੰ ਦੱਸੇ ਬਗੈਰ ਹੀ ਆਪਣਾ ਕਛਹਿਰਾ, ਪਰਨਾ ਚੁੱਕ ਕੇ ਅਛੋਪਲੇ ਹੀ ਘਰੋਂ ਨਿਕਲ ਕੇ ਸੰਤ ਸ਼ਮਸ਼ੇਰ ਸਿੰਘ ਜੀ ਨਾਲ ਕਮਾਲਪੁਰ ਚਲੇ ਗਏ। ਜਿਨ੍ਹਾਂ ਦੇ ਅੰਦਰ ਐਸੀ ਅਵਸਥਾ ਤਾਰੀ ਹੋ ਜਾਂਦੀ ਹੈ ਉਹ ਆਰਾਮ ਨਾਲ ਨਹੀਂ ਬੈਠਦੇ ਜਦ ਤੀਕਰ ਆਪਣੀ ਮੰਜ਼ਲੇ ਮਕਸੂਦ ਉਤੇ ਪਹੁੰਚ ਨਹੀਂ ਜਾਂਦੇ। ਵਾਹਿਗੁਰੂ ਨਾਲ ਮਿਲਾਪ ਦੀ ਲਗਨ ਹੋਣ ਕਰਕੇ ਉਨ੍ਹਾਂ ਦੀ ਚਾਲ ਬਿਨਾਂ ਕਿਸੇ ਅਟਕ ਤੋਂ, ਲਗਾਤਾਰ ਬਣੀ ਰਹਿੰਦੀ ਹੈ।

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

ਨਾਮ ਦੀ ਮਸਤੀ ਵਿਚ ਪੈਦਲ ਚਲਦੇ-ਚਲਦੇ ਮਸਤੂਆਣਾ ਸਾਹਿਬ ਹੁੰਦੇ ਹੋਏ ਕਮਾਲਪੁਰ ਆ ਗਏ। ਇਥੇ ਬੰਦਗੀ ਵਾਲੇ ਮਹਾਂਪੁਰਸ਼ ਸੰਤ ਸ਼ਮਸ਼ੇਰ ਸਿੰਘ ਜੀ ਦੇ ਅਸਥਾਨ ਤੇ ਵੀ ਕਾਫੀ ਸਮਾਂ ਰਹਿ ਕੇ ਭਜਨ-ਬੰਦਗੀ ਕੀਤੀ। ਉਥੋਂ ਜਵਾਹਰ ਕੀ ਕੋਠੀ (ਡਾਕ ਬੰਗਲਾ ਜ਼ਿਲੇਦਾਰ ਹਰਚਰਨ ਸਿੰਘ, ਮਾਨਸਾ) ਫਲਾਈਆਂ ਦਾ ਘਣਾਂ ਜੰਗਲ ਸੀ ਤੇ ਉਜਾੜ ਹੈ ਨੇੜੇ ਤੇੜੇ ਕੋਈ ਵੀ ਆਉਣ ਜਾਣ ਵਾਲਾ ਨਹੀਂ ਹੈ। ਭਜਨ ਕਰਨ ਵਾਸਤੇ ਇਥੇ ਦੀ ਇਕਾਂਤ ਦੇਖ ਕੇ ਜਗ੍ਹਾ ਪਸੰਦ ਆ ਗਈ ਅਤੇ ਆਸਣ ਲਾ ਲਿਆ। ਕੋਠੀ ਦਾ ਮਾਲਕ ਜ਼ਿਲੇਦਾਰ, ਆਪ ਜੀ ਦਾ ਪ੍ਰੇਮੀ ਬਣ ਗਿਆ ਜੋ ਆਪ ਜੀ ਨੂੰ ਹਰ ਰੋਜ਼ ਪ੍ਰਸ਼ਾਦਾ ਛਕਾਉਣ ਦੀ ਸੇਵਾ ਕਰਿਆ ਕਰਦਾ ਸੀ। ਉਸ ਨੂੰ ਇਹ ਹਦਾਇਤ ਸੀ ਕਿ ਕੇਵਲ ਇਕ ਟਾਈਮ ਪ੍ਰਸ਼ਾਦਾ, ਜਿਸ ਵਿਚ ਇਕ ਫੁਲਕਾ, ਇਕ ਦਾਲ ਦੀ ਕੌਲੀ, ਬਿਲਕੁਲ ਸਾਦਾ ਭੋਜਨ ਜਿਸ ਵਿਚ ਮਿਰਚ-ਮਸਾਲਾ ਆਦਿ ਨਾ ਪਾਇਆ ਹੋਵੇ। ਦੂਜਾ ਕਿ ਮੇਰੇ ਬਾਰੇ ਕਿਸੇ ਨੂੰ ਦੱਸਣਾ ਨਹੀਂ ਕਿ ਇਸ ਜਗ੍ਹਾ ਤੇ ਕੋਈ ਭਜਨ ਕਰ ਰਿਹਾ ਹੈ। ਇਥੇ ਆਪ ਜੀ ਨੇ ਐਨਾ ਕਠਿਨ ਤਪ ਕੀਤਾ ਕਿ ਦਿਨ-ਰਾਤ ਇਕ ਕਰ ਦਿਤਾ। 24 ਘੰਟਿਆਂ ਵਿਚੋਂ 22 ਘੰਟੇ ਭਜਨ-ਬੰਦਗੀ ਅਤੇ 2 ਘੰਟੇ ਆਰਾਮ ਕਰਿਆ ਕਰਦੇ ਸੀ। ਰਾਤ ਨੂੰ 11 ਵਜੇ ਸੌਂਦੇ ਅਤੇ 1 ਵਜੇ ਉਠ ਜਾਇਆ ਕਰਦੇ ਸਨ। ਆਪ ਖੁਦ ਦਸਿਆ ਕਰਦੇ ਸੀ ਕਿ ਯੋਗ ਮਾਇਆ ਦੀ ਨੀਂਦ ਨਾਲ ਕੁਝ ਦੇਰ ਸੌਂ ਕੇ ਨੀਂਦ ਪੂਰੀ ਹੋ ਜਾਂਦੀ ਹੈ ਤੇ ਸਰੀਰ ਨੂੰ ਸੁਸਤੀ ਤੰਗ ਨਹੀਂ ਕਰਦੀ। ਉਸ ਸਮੇਂ ਸਰੀਰ ਦੀਆਂ ਹੱਡੀਆਂ ਗਿਣੀਆਂ ਜਾ ਸਕਦੀਆਂ ਸਨ ਕਿਉਂਕਿ ਜੇ ਸੱਚੇ ਨਾਮ ਦੀ ਭੁੱਖ ਲੱਗ ਜਾਵੇ ਫੇਰ ਕੋਈ ਹੋਰ ਭੁੱਖ ਤੇ ਦੁੱਖ ਨੇੜੇ ਨਹੀਂ ਆਇਆ ਕਰਦਾ ਜੈਸਾ ਕਿ ਪਵਿੱਤਰ ਗੁਰਬਾਣੀ ਦਾ ਫੁਰਮਾਨ ਹੈ -

*ਸਾਚੇ ਨਾਮ ਕੀ ਲਾਗੈ ਭੂਖ ॥*
*ਉਤੁ ਭੂਖੈ ਖਾਇ ਚਲੀਅਹਿ ਦੂਖ ॥* ਅੰਗ - ੯

*ਸਹਜੇ ਜਾਗੈ ਸਹਜੇ ਸੋਵੈ ॥*
*ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥* ਅੰਗ - ੬੪੬

ਜਿਸ ਦੇ ਜੀਵਨ ਦਾ ਅਧਾਰ ਨਾਮ ਬਣ ਜਾਵੇ ਉਹ ਥੋੜ੍ਹਾ ਖਾਣ-ਥੋੜ੍ਹਾ ਸੌਣ ਦੇ ਸੁਨਹਿਰੀ ਸਿਧਾਂਤ ਨੂੰ ਅਪਣਾ ਕੇ ਸਹਿਜ ਅਵਸਥਾ ਵਿਚ ਵਿਚਰਦਾ ਹੈ।

*ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ॥*
*ਗੁਰਮੁਖਿ ਸੋਈ ਸਹਜਿ ਸਮਾਵੈ॥* *ਭਾਈ ਗੁਰਦਾਸ ਜੀ*

ਬਿਰਤੀ ਐਨੀ ਸੂਖਸ਼ਮ ਹੋ ਜਾਂਦੀ ਹੈ ਕਿ ਆਪ ਜੀ 'ਜਾਪੁ ਸਾਹਿਬ' ਦਾ ਪਾਠ ਵੀ ਸੁਰਤੀ ਨਾਲ ਕਰ ਲਿਆ ਕਰਦੇ ਸਨ। ਉਸ ਅਵਸਥਾ ਵਿਚ ਮਨ ਦੇ ਫੁਰਨੇ ਬੰਦ ਹੋ ਜਾਂਦੇ ਹਨ ਤੇ ਬੁੱਧੀ ਦੀ ਭੰਨ-ਤੋੜ ਖਤਮ ਹੋ ਜਾਂਦੀ ਹੈ ਕੇਵਲ ਸੁਰਤ ਵਾਲੀ ਮੱਤ ਰਹਿ ਜਾਂਦੀ ਹੈ। ਰਿਧੀ-ਸਿਧੀ ਪ੍ਰਗਟ ਹੋਣ ਲੱਗ ਜਾਂਦੀ ਹੈ ਪਰ ਨਾਮ ਦੇ ਰਸੀਏ ਗੁਰਮੁਖ ਇਨ੍ਹਾਂ ਵੱਲ ਧਿਆਨ ਨਹੀਂ ਦਿਆ ਕਰਦੇ।

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥* ਅੰਗ - ੭

ਇਸ ਤਰ੍ਹਾਂ ਨਾਲ ਚੁਪ ਚੁਪੀਤੇ ਆਪ ਜੀ ਦਾ ਸਮਾਂ ਜੰਗਲ ਦੀ ਇਕਾਂਤ ਵਿਚ ਲੰਘ ਰਿਹਾ ਸੀ। ਨਾਹੀ ਕਿਧਰੇ ਜਾਣ ਦਾ ਫੁਰਨਾ ਸੀ, ਨਾਹੀ ਕਿਸੇ

ਨੂੰ ਮਿਲਣ ਦਾ ਫੁਰਨਾ ਸੀ ਪਰੰਤੂ ਹਰ ਵੇਲੇ ਨਿਰੰਤਰ ਭਜਨ ਕਰਨ ਦਾ ਚਾਉ ਸੀ। ਇਸ ਤਰ੍ਹਾਂ ਨਿਝਰ ਝਰਨੇ ਵਾਂਗ ਨਾਮ ਦੇ ਫੁਹਾਰੇ ਆਪ ਮੁਹਾਰੇ ਅੰਦਰੋਂ ਚਲ ਰਹੇ ਸਨ ਅਤੇ ਸਹਿਜ ਅਵਸਥਾ ਦਾ ਅਨੰਦ ਮਾਣ ਰਹੇ ਸਨ।

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਅੰਗ - ੧੪੧੩*

